ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ, ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ 1, 2, 3 ਮਾਰਚ 2024 ਨੂੰ ਮਨਾਇਆ ਗਿਆ।

*ਸਬੰਧਤ ਰਿਪੋਰਟ ਅਤੇ ਤਸਵੀਰਾਂ ਦੇਖੋ ਅਗਲੇ ਅੰਕ ਵਿਚ*

12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL - 12 ISSUE - 48

March 6, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ 8, 9, 10 ਮਾਰਚ 2024 ਅਤੇ ਬੇ-ਏਰੀਆ 24 ਮਾਰਚ 2024 ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ।

*ਪੂਰੀ ਜਾਣਕਾਰੀ ਲਈ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ।*

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਨਾਇਆ ਗਿਆ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ








ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 24 ਫਰਵਰੀ 2024 ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਭਾਰੀ ਗਿਣਤੀ ਵਿਚ ਦੂਰ-ਦੁਰਾਡੇ ਤੋਂ ਸੰਗਤਾਂ ਨੇ ਹਾਜਰੀਆਂ ਭਰੀਆਂ। *(ਸਬੰਧਤ ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)*

# ਪੰਜਾਬ ਬਜਟ 'ਚ ਨਾ ਕੋਈ ਨਵਾਂ ਟੈਕਸ, ਨਾ ਕੋਈ ਵੱਡਾ ਐਲਾਨ

## ਵਿਰੋਧੀ ਧਿਰ ਨੇ ਸਰਕਾਰ ਦੇ ਬਜਟ ਨੂੰ ਨਕਾਰਿਆ, ਸਰਕਾਰ ਨੇ ਪੰਜਾਬ ਕਰਜਾਈ ਕੀਤਾ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ ’ਚ ਵਿੱਤੀ ਸਾਲ 2024-25 ਦੇ ਬਜਟ ਵਿਚ ਨਾ ਕੋਈ ਨਵਾਂ ਟੈਕਸ ਲਾਇਆ ਗਿਆ ਅਤੇ ਨਾ ਹੀ ਵੋਟਰਾਂ ਨੂੰ ਲੁਭਾਉਣ ਲਈ ਕੋਈ ਨਵੇਂ ਐਲਾਨ ਕੀਤੇ ਗਏ। ਵਿੱਤ ਮੰਤਰੀ ਚੀਮਾ ਨੇ ਸੂਬੇ ਵਿਚ ਵਿੱਤੀ ਤੰਗੀ ਦੇ ਮੱਦੇਨਜ਼ਰ ਵਿੱਤੀ ਸੰਜਮ ਦਾ ਰਾਹ ਅਖਤਿਆਰ ਕੀਤਾ ਜਿਸ ਕਾਰਨ ਅੱਜ ਕਿਸੇ ਵੀ ਵਰਗ ਲਈ ਬਜਟ ਵਿਚ ਤੋਹਫ਼ਾਨੁਮਾ ਝਲਕ ਦੇਖਣ ਨੂੰ ਨਹੀਂ ਮਿਲੀ। ‘ਆਪ’ ਸਰਕਾਰ ਦੇ ਕਾਰਜਕਾਲ ਦੇ ਤੀਜੇ ਬਜਟ ਦਾ ਰੰਗ ਪਿਛਲੇ ਵਰ੍ਹੇ ਨਾਲੋਂ ਵੱਖਰਾ ਨਜ਼ਰ ਆਇਆ। ਵਿੱਤ ਮੰਤਰੀ ਚੀਮਾ ਨੇ ਸਦਨ ਵਿੱਚ ਵਰ੍ਹਾ 2024-25 ਲਈ 2,04,918 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਜੋ ਕਿ ਪਿਛਲੇ ਵਰ੍ਹੇ ਦੇ ਬਜਟ ਨਾਲੋਂ ਤਿੰਨ ਫੀਸਦ ਵੱਧ ਹੈ। ਬਜਟ ਵਿਚ ਮੁੱਖ ਤੌਰ ’ਤੇ ਸਿਹਤ, ਸਿੱਖਿਆ, ਖੇਤੀ ਅਤੇ ਜਨਤਕ ਬੁਨਿਆਦੀ ਢਾਂਚੇ ’ਤੇ ਧਿਆਨ ਦਿੱਤਾ ਗਿਆ ਹੈ। ਇਸ ਬਜਟ ਵਿਚ 1,27,134 ਕਰੋੜ ਦੇ ਮਾਲੀਆ



ਖਰਚਿਆਂ ਦੇ ਮੁਕਾਬਲੇ 1,03,936 ਕਰੋੜ ਦੇ ਮਾਲੀਆ ਪ੍ਰਾਪਤੀਆਂ ਦਾ ਟੀਚਾ ਤੈਅ ਕੀਤਾ ਗਿਆ ਹੈ। ਇਸ ਬਜਟ ਵਿੱਚ ਮਾਲੀਆ ਘਾਟਾ 23,198.14 ਕਰੋੜ ਦਾ ਰਹੇਗਾ। ਦੂਜੇ ਪਾਸੇ 38,331.48 ਕਰੋੜ ਦਾ ਮਾਰਕੀਟ ਲੋਨ ਲਿਆ ਜਾਵੇਗਾ। ਬਜਟ ਅਨੁਸਾਰ ਮਾਲੀਆ ਪ੍ਰਾਪਤੀਆਂ ਦਾ ਕਰੀਬ 52.88 ਫੀਸਦੀ ਤਨਖਾਹਾਂ ਤੇ ਪੈਨਸ਼ਨਾਂ ’ਤੇ ਚਲਾ ਜਾਵੇਗਾ ਜਦਕਿ 35.37 ਫੀਸਦੀ ਕਰਜ਼ੇ ਦੀ ਅਦਾਇਗੀ ’ਤੇ ਚਲਾ ਜਾਵੇਗਾ। ਇਸੇ ਤਰ੍ਹਾਂ ਬਿਜਲੀ ਸਬਸਿਡੀਆਂ ’ਤੇ ਮਾਲੀਆ ਪ੍ਰਾਪਤੀਆਂ ਦਾ 19.4 ਫੀਸਦੀ ਖਰਚ ਹੋਵੇਗਾ। ਪੰਜਾਬ ਸਿਰ ਕਰਜ਼ਾ ਮਾਰਚ 2025 ਤੱਕ ਵਧ ਕੇ 3.74 ਲੱਖ ਕਰੋੜ ਹੋ ਜਾਵੇਗਾ। ਬਜਟ ’ਚ ਫਸਲੀ ਖਰੀਦ ਵਾਸਤੇ ਕੋਈ ਵਿੱਤੀ ਸਹਾਇਤਾ ਜਾਂ ਕੀਮਤ ਸਥਿਰਤਾ ਫੰਡ ਵਗੈਰਾ ਨਹੀਂ ਐਲਾਨਿਆ ਗਿਆ ਹੈ ਪਰ ਫਸਲੀ ਵਿਭਿੰਨਤਾ ਲਈ

**(ਬਾਕੀ ਸਫਾ 5 ‘ਤੇ)**


Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC) Payroll Services & Bookkeeping Services
* We are in this business since 1989. Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823



ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥



# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਦੇ 647 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 24ਵਾਂ ਮਹਾਨ ਨਗਰ ਕੀਰਤਨ

ਐਤਵਾਰ 10 ਮਾਰਚ 2024 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।

## ਪ੍ਰੋਗਰਾਮਾਂ ਦਾ ਵੇਰਵਾ

ਸ਼ੁੱਕਰਵਾਰ 8 ਮਾਰਚ 2024 ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ।
ਸ਼ਨੀਵਾਰ 9 ਮਾਰਚ, 2024 ਨੂੰ ਸਵੇਰੇ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ।
ਅਤੇ ਬਾਅਦ ਦੁਪਹਿਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।
ਐਤਵਾਰ 10 ਮਾਰਚ, 2024 ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 24ਵਾਂ ਮਹਾਨ ਨਗਰ ਕੀਰਤਨ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਇਆ ਜਾਵੇਗਾ।

ਪੰਥ ਪ੍ਰਸਿੱਧ ਹਜ਼ੂਰੀ ਰਾਗੀ ਭਾਈ ਜਸਬੀਰ ਸਿੰਘ ਖਾਲਸਾ, ਗੁਰੂਘਰ ਦੇ ਹਜ਼ੂਰੀ ਰਾਗੀ ਜੱਥਾ ਅਤੇ ਢਾਡੀ ਕੀਰਤਨੀ ਜੱਥੇ ਤਿੰਨੇ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਆਪ ਜੀ ਨੂੰ ਪਰਿਵਾਰਾਂ ਸਮੇਤ ਇਹਨਾ ਸਮਾਗਮ ਵਿੱਚ ਹਾਜਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।



ਪੰਥ ਪ੍ਰਸਿੱਧ ਹਜ਼ੂਰੀ ਰਾਗੀ ਭਾਈ ਜਸਬੀਰ ਸਿੰਘ ਖ਼ਾਲਸਾ (ਮਰਹੂਮ ਪਦਮਸ੍ਰੀ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਛੋਟੇ ਭਰਾ) ਅਤੇ ਹੋਰ ਅਨੇਕਾ ਰਾਗੀ,ਢਾਡੀ ਕੀਰਤਨੀ ਜੱਥੇ ਤਿੰਨੇ ਦਿਨ ਸੰਗਤਾ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਭਾਈ ਜਸਬੀਰ ਸਿੰਘ ਖਾਲਸਾ



ਭਾਈ ਕਰਨਜੀਤ ਸਿੰਘ ਖਾਲਸਾ



ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ

ਸਟਾਲ ਬੁਕਿੰਗ ਲਈ ਸੰਪਰਕ ਕਰੋ।
ਸ੍ਰੀ ਰਾਜ ਰੱਲ (916) 598- 5199

ਲੰਗਰ ਸਟਾਲ ਲਗਾਉਣ ਲਈ ਸੰਪਰਕ ਕਰੋ।
ਸ੍ਰੀ ਅਵਤਾਰ ਸਿੱਧੂ (916) 717- 4223

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਗੁਰੂਘਰ ਦੇ ਫ਼ੋਨ (916) 992- 1710

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆ ਗੁਰੂਘਰ ਦੀ ਨਵੀਂ ਇਮਾਰਤ ਉਸਾਰੀ ਅਧੀਨ ਹੈ। ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧਸੰਗਤਿ ਨੂੰ ਇਨ੍ਹਾਂ ਕਾਰਜਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।

# SHRI GURU RAVIDASS TEMPLE

6221 16Th Street, Rio Linda, California 95673

NA

ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥





## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ

647 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਯੋਗ ਨਾਲ

# ਤੀਜਾ ਮਹਾਨ ਨਗਰ ਕੀਰਤਨ

**ਮਿਤੀ 7 ਅਪ੍ਰੈਲ ਦਿਨ ਐਤਵਾਰ 2024 ਸਵੇਰੇ 11 ਵਜੇ ਤੋਂ 4 ਵਜੇ ਤੱਕ**

ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਮਿਤੀ 11 ਮਾਰਚ ਦਿਨ ਸੋਮਵਾਰ 2024 ਤੋਂ 7 ਅਪ੍ਰੈਲ ਦਿਨ ਐਤਵਾਰ 2024 ਤੱਕ
ਸਮੂਹ ਸਾਧ ਸੰਗਤ ਵਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 5 ਅਪ੍ਰੈਲ 2024
ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 7 ਅਪ੍ਰੈਲ 2024, 9 ਵਜੇ, ਉਪਰੰਤ 11 ਵਜੇ ਨਗਰ ਕੀਤਰਨ ਦੀ ਆਰੰਭਤਾ ਹੋਵੇਗੀ

**ਨਿਸ਼ਾਨ ਸਾਹਿਬ ਜੀ ਦੀ ਸੇਵਾ 6 ਅਪ੍ਰੈਲ ਦਿਨ ਸ਼ਨੀਵਾਰ 2024 ਸ਼ਾਮ 4 ਵਜੇ**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ।**

ਸ਼ਿਗਾਰਾ ਸਿੰਘ ਰੱਲ (ਪ੍ਰਧਾਨ) 530 713 1823 / ਗੁਰਨਾਮ ਸਿੰਘ ਭੰਡਾਲ (ਚੈਅਰਮੈਨ) 530 218 4468
ਡਾ ਜਗਮੇਲ ਸਿੰਘ ਰਾਏ (ਜਰਨਲ ਸਕੱਤਰ) 551 697 4769 / ਰਾਮਸੇਵਕ ਭਾਟੀਆ (ਕੈਸ਼ੀਅਰ) 530 315 0901
ਦਲਵਿੰਦਰ ਰੱਲ (ਵਾਇਸ ਚੈਅਰਮੈਨ) 530 933 3938

**ਹੈਡ ਗ੍ਰੰਥੀ**

ਭਾਈ ਗੁਰਦਿਆਲ ਸਿੰਘ-530 441 4165

**ਗੁਰੂਘਰ ਦਾ ਫੋਨ ਨੰਬਰ:**

530 674 2564

# SHRI GURU RAVIDASS TEMPLE

**1480 HAYNE AVE YUBA CITY, CA 95993**

# ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਆਦਿ ਧਰਮ ਮਿਸ਼ਨ ਵਲੋਂ ਸੰਤ ਸਤਵਿੰਦਰ ਹੀਰਾ ਜੀ ਦੀ ਅਗਵਾਈ ਹੇਠ ਦਿੱਲੀ 'ਚ ਕੱਢੀ ਵਿਸ਼ਾਲ ਸ਼ੋਭਾ ਯਾਤਰਾ

## ਆਦਿ ਧਰਮ ਮਿਸ਼ਨ ਰਹਿਬਰਾਂ ਦੀ ਸੋਚ ਤੇ ਪਹਿਰਾ ਦੇ ਰਹੇ- ਸੰਤ ਸਤਵਿੰਦਰ ਹੀਰਾ








**ਹੁਸ਼ਿਆਰਪੁਰ (ਓ. ਪੀ. ਰਾਣਾ)** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਵਿੱਚ ਸ੍ਰੀ ਗੁਰੁ ਰਵਿਦਾਸ ਧਰਮ ਸਥਾਨ ਦਿੱਲੀ ਦੀਆਂ ਸੰਗਤਾਂ ਵਲੋਂ ਸ਼ੋਭਾ ਯਾਤਰਾ ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਇੰਡੀਆ ਆਦਿ ਧਰਮ ਮਿਸ਼ਨ ਰਜਿ।ਭਾਰਤ ਦੀ ਅਗਵਾਈ ਹੇਠ ਬਹੁਤ ਸ਼ਰਧਾ ਪੂਰਵਕ ਕੱਢੀ ਗਈ।ਇਸ ਮੌਕੇ ਮੋਤੀ ਬਾਗ ਧਰਮ ਅਸਥਾਨ ਵਿਖੇ ਇਕੱਤਰ ਹੋਏ ਵੱਖ-ਵੱਖ ਧਾਰਮਿਕ ਸਥਾਨਾਂ ਦੇ ਨੁਮਾਇੰਦਿਆਂ ਨੂੰ ਕੇਂਦਰੀ ਕਮੇਟੀ ਪ੍ਰਧਾਨ ਅਕਸ਼ੈ ਭਾਰਦਵਾਜ, ਜਨਰਲ ਸਕੱਤਰ ਉਪਿੰਦਰ ਢੰਡਾ, ਸਾਬਕਾ ਪ੍ਰਧਾਨ ਨਰਿੰਦਰ ਜੱਸੀ ਅਤੇ ਹੋਰ ਟੀਮ ਮੈਂਬਰਾਂ ਵਲੋਂ ਸਿਰੋਪਾਓ ਭੇਂਟ ਕਰਕੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਧਰਮ ਸਥਾਨ ਕਮੇਟੀ ਕਰੋਲ ਬਾਗ ਦੇ ਪ੍ਰਧਾਨ ਬੁਲਾਕੀ, ਧਰਮਸਥਾਨ ਆਰ। ਦੇ। ਪੁਰਮ ਦੇ ਮੁਖੀ ਸੀ।ਐਲ। ਪਾਲ, ਸ਼ਾਮਲ ਹੋਏ ਅਤੇ ਮੈਂਬਰ ਧਰਮਸਥਾਨ ਸੁਲਤਾਨ ਪੁਰੀ, ਧਰਮਸਥਾਨ ਗੋਵਿੰਦ ਪੁਰੀ, ਧਰਮਸਥਾਨ ਗੋਵਿੰਦਪੁਰੀ ਐਕਸਟੈਨਸ਼ਨ, ਧਰਮਸਥਾਨ ਨਾਨਕਪੁਰਾ, ਧਰਮਸਥਾਨ ਮੰਗੋਲਪੁਰੀ, ਧਰਮਸਥਾਨ ਦੁਰਗਾ ਵਿਹਾਰ ਆਪੋ-ਆਪਣੀਆਂ ਟੀਮਾਂ ਸਮੇਤ ਸ਼ਾਮਲ ਹੋਏ ਅਤੇ ਕੇਂਦਰੀ ਕਮੇਟੀ ਵਲੋਂ ਸਮੂਹ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਸ੍ਰੀ ਗੁਰੂ ਰਵਿਦਾਸ ਜੀ ਦੀ ਆਰਤੀ, ਅਰਦਾਸ ਉਪਰੰਤ ਸੰਤ ਸਤਵਿੰਦਰ ਹੀਰਾ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਦਰਸ਼ਾਂ, ਸੰਦੇਸ਼ਾਂ ਅਤੇ ਧਾਰਮਿਕ



ਵਿਚਾਰਧਾਰਾ ਨੂੰ ਦਰਸਾਉਂਦੀਆਂ ਸ਼ਾਨਦਾਰ ਝਾਕੀਆਂ ਅਤੇ ਬੈਂਡ ਸ਼ੋਭਾ ਯਾਤਰਾ ਦੀ ਸ਼ੋਭਾ ਵਧਾ ਰਹੇ ਸਨ ।

ਸ਼ੋਭਾ ਯਾਤਰਾ ਦਿੱਲੀ ਦੇ ਸ਼ਹਿਰ ਵਿਚ ਕਰੀਬ 8 ਕਿਲੋਮੀਟਰ ਚੱਲ ਕੇ ਸ਼ਹਿਰ ਦੇ ਵੱਖ ਵੱਖ ਸਥਾਨਾਂ ਤੋਂ ਹੋ ਕੇ ਸਮਾਪਤ ਹੋਈ। ਰਸਤੇ ਵਿਚ ਸੰਗਤਾਂ ਵਲੋਂ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ, ਇਸ ਮੌਕੇ ਸੰਗੀਤਕ ਸਾਜ਼ਾਂ ਦੀ ਧੁਨਾਂ 'ਤੇ ਧਾਰਮਿਕ ਸ਼ਬਦਾਂ ਦਾ ਗਾਇਨ ਕਰਕੇ ਜਥਿਆਂ ਵਲੋਂ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਦਾ ਭਾਰੀ ਇਕੱਠ ਗੁਰੂ ਜੀ ਦੀ ਬਾਣੀ ਦਾ ਜਾਪ ਕਰਦੇ ਹੋਏ ਮੋਤੀ ਬਾਗ ਤੋਂ ਲੰਘ ਕੇ ਧਾਰਮਿਕ ਸਥਾਨ ਨਾਨਕਪੁਰਾ ਵੱਲ ਚੱਲ ਪਏ।

ਸ਼ੋਭਾ ਯਾਤਰਾ ਦਾ ਧਰਮਸਥਾਨ ਨਾਨਕ ਪੁਰਾ ਵਿਖੇ ਸ਼ਾਨਦਾਰ ਸਵਾਗਤ ਕੀਤਾ ਗਿਆ ਉਪਰੰਤ ਧਰਮਸਥਾਨ ਆਰ। ਦੇ। ਪੁਰਮ ਵੱਲ ਚਾਲੇ ਪਾਏ। ਯਾਤਰਾ ਦੇ ਰਸਤਿਆਂ 'ਤੇ ਗੁਰੂ ਪ੍ਰੇਮੀਆਂ ਖਾਸ ਕਰਕੇ ਸ੍ਰੀ ਸਰੋਏ ਅਤੇ ਜੱਸੀ ਕਰਟੋਨੀਆ ਆਦਿ ਦੇ ਪਰਿਵਾਰਾਂ ਵੱਲੋਂ ਪ੍ਰਸ਼ਾਦ, ਜਲ ਅਤੇ ਫਲਾਂ ਦੇ ਅਤੁੱਟ ਲੰਗਰ ਲਗਾਏ ਗਏ। ਸ਼ੋਭਾ ਯਾਤਰਾ ਦੌਰਾਨ ਵੱਖ ਵੱਖ ਸਥਾਨਾਂ ਤੇ ਸੰਤ ਸਤਵਿੰਦਰ ਹੀਰਾ ਨੂੰ ਕੇਂਦਰੀ ਕਮੇਟੀ ਦੇ ਮੈਂਬਰਾਂ, ਹੋਰ ਕਮੇਟੀਆਂ ਅਤੇ ਸੰਗਤਾਂ ਵਲੋਂ ਸਿਰੋਪਾਓ ਅਤੇ ਫੁੱਲਾਂ ਦੇ ਹਾਰ ਪਾ ਕੇ ਸ਼ਾਨਦਾਰ ਸਵਾਗਤ ਕੀਤਾ। ਸ਼ੋਭਾ ਯਾਤਰਾ ਧਰਮਸਥਾਨ ਆਰ। ਦੇ। ਪੁਰਮ ਧਰਮਸਥਾਨ ਵੱਲੋਂ ਆਯੋਜਿਤ ਧਾਰਮਿਕ ਦੀਵਾਨ ਵਿੱਚ ਹਾਜ਼ਰੀ ਭਰ ਕੇ ਹੋਇਆ।

ਇਸ ਮੌਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੰਦਿਆਂ ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਗੁਰੂ ਜੀ ਦੇ ਉਪਦੇਸ਼ "ਸਤਿਸੰਗਤ ਮਿਲਿ ਰਹੀਏ ਜੈਸੇ ਮਧਪੁ ਮਖੀਰਾ" ਵਾਂਗ ਸਮਾਜ ਨੂੰ ਆਪਣੇ ਮੌਲਿਕ ਸੰਵਿਧਾਨਕ ਅਧਿਕਾਰਾਂ ਲਈ ਇਕ ਪਲੇਟਫਾਰਮ ਤੇ ਇਕੱਠੇ ਹੋ ਕੇ ਰਹਿਣਾ ਚਾਹੀਦਾ ਹੈ। ਉਨਾਂ ਕਿਹਾ ਕਿ ਆਦਿ ਧਰਮ ਮਿਸ਼ਨ ਕੌਮ ਦੇ ਰਹਿਬਰਾਂ ਦੀ ਵਿਚਾਰਧਾਰਾ ਤੇ ਪਹਿਰਾ ਦੇ ਰਿਹਾ ਹੈ ਅਤੇ ਜਨ ਜਨ ਤੱਕ ਪਹੁੰਚਾਉਣ ਦਾ ਕੰਮ ਕਰ ਰਿਹਾ ਹੈ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਜੀ.ਐਚ.ਜੀ. ਅਕੈਡਮੀ ਫਰਿਜ਼ਨੋਂ ਵੱਲੋਂ ਆਪਣੇ ਨਵੇਂ ਸਟੂਡੀਓ ਦਾ ਉਦਘਾਟਨ

## "ਹੁਣ ਸਾਰਾ ਸਾਲ ਲੱਗਣਗੀਆਂ ਕਲਾਸਾਂ"

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਆਪਣੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਜੀ.ਐਚ.ਜੀ. ਅਕੈਡਮੀ ਪਿਛਲੇ ਦੋ ਦਹਾਕਿਆਂ ਤੋਂ ਸਲਾਘਾਯੋਗ ਸੇਵਾਵਾ ਨਿਭਾਉਂਦੀ ਆ ਰਹੀ ਹੈ। ਅਕੈਡਮੀ ਵੱਲੋਂ ਬੱਚਿਆਂ ਨੂੰ ਭੰਗੜਾ ਅਤੇ ਗਿੱਧਾ ਸਿਖਾਉਣ ਲਈ ਇਸ ਤੋਂ ਪਹਿਲਾ ਵੱਖ-ਵੱਖ ਥਾਵਾ ਤੋਂ ਸਹਿਯੋਗ ਲੈ ਕੇ ਸਿਖਲਾਈ ਦਿੱਤੀ ਜਾਂਦੀ ਸੀ। ਪ੍ਰਬੰਧਕਾਂ ਵੱਲੋਂ ਕਈ ਸਾਲਾਂ ਤੋਂ ਆਪਣਾ ਸਟੂਡੀਉ ਬਣਾਉਣ ਦੀ ਕੋਸ਼ਿਸ਼ ਚਲੀ ਆ ਰਹੀ ਸੀ, ਜੋ ਹੁਣ ਪੂਰੀ ਹੋ ਗਈ। ਜੀ.ਐਚ.ਜੀ. ਅਕੈਡਮੀਂ ਫਰਿਜ਼ਨੋਂ ਦੇ ਨਵੇਂ ਸਟੂਡੀਓ ਦਾ ਉਦਘਾਟਨ ਕਾਂਗਰਸਮੈਨ ਜਿੰਮ ਕੌਸਟਾ ਅਤੇ ਪ੍ਰਬੰਧਕੀ ਬੋਰਡ ਦੇ ਸਮੂਹ ਮੈਂਬਰ ਸਾਹਿਬਾਨ ਨੇ ਬੀਤੇ ਦਿਨੀ ਭਾਰੀ ਇਕੱਠ ਦੌਰਾਨ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਸਮੇਂ ਵੱਡੀ ਗਿਣਤੀ ਵਿਚ ਮਾਪੇ, ਬੱਚੇ, ਸਹਿਯੋਗੀ ਸੰਸਥਾਵਾਂ ਅਤੇ ਸਪਾਂਸ਼ਰ ਵੀ ਹਾਜ਼ਰ ਹੋਏ।

ਪ੍ਰੋਗਰਾਮ ਦੀ ਸੁਰੂਆਤ ਅਕੈਡਮੀ ਦੇ ਸੀਨੀਅਰ ਮੈਂਬਰ ਕੁਲਵੰਤ ਸਿੰਘ ਖਹਿਰਾ ਨੇ ਅਰਦਾਸ ਨਾਲ ਕੀਤੀ। ਇਸ ਸਮੇਂ ਜਿੰਮ ਕੌਸਟਾ ਨੇ ਆਪਣਾ ਅਸ਼ੀਰਵਾਦ ਦਿੰਦਿਆਂ ਅਕੈਡਮੀ ਵੱਲੋਂ ਲੰਮੇ ਸਮੇਂ ਤੋਂ ਭਾਈਚਾਰੇ ਦੀ ਵੱਖੋ ਵੱਖ ਖੇਤਰਾਂ ਵਿੱਚ ਸੇਵਾਵਾਂ ਦਾ ਜ਼ਿਕਰ ਕਰਦਿਆਂ ਧੰਨਵਾਦ ਕੀਤਾ ਅਤੇ ਜ਼ੋਰ ਦੇ ਕੇ ਕਿਹਾ ਕਿ ਆਪਣੇ ਬੱਚਿਆਂ ਨੂੰ ਸਮਾਜਿਕ ਬੁਰਾਈਆਂ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਆਪਣੀ ਮਾਂ ਬੋਲੀ, ਸੱਭਿਆਚਾਰ ਅਤੇ ਖੇਡਾਂ ਨਾਲ ਜੋੜਨਾ ਸਮੇਂ ਦੀ ਮੁੱਖ ਮੰਗ ਹੈ। ਗੁਰਦੀਪ ਸ਼ੇਰਗਿੱਲ ਨੇ ਜਿੰਮ ਕੌਸਟਾ ਅਤੇ ਸਮੂੰਹ ਹਾਜ਼ਰੀਨ ਨੂੰ ਜੀ ਆਇਆਂ ਆਖਦਿਆਂ ਅਕੈਡਮੀ ਦੇ ਸਾਰਾ ਸਾਲ ਕੀਤੇ ਜਾਂਦੇ ਪ੍ਰੋ-ਗਰਾਮਾਂ ਤੇ ਚਾਨਣਾ ਪਾਇਆ।



ਅਕੈਡਮੀ ਦੇ ਗੱਭਰੂ ਅਤੇ ਮੁਟਿਆਰਾਂ ਨੇ ਭੰਗੜੇ ਅਤੇ ਗਿੱਧੇ ਰਾਹੀਂ ਆਪਣੀ ਕਲਾ ਦਾ ਪਰਦਰਸ਼ਨ ਕਰਕੇ ਹਾਜ਼ਰੀਨ ਦਾ ਦਿਲ ਜਿੱਤ ਲਿਆ। ਪ੍ਰਬੰਧਕਾਂ ਨੇ ਕਿਹਾ ਕਿ ਇਹ ਅੰਤਰ-ਰਾਸ਼ਟਰੀ ਮੁਕਾਬਲਿਆਂ ਦੇ ਜੇਤੂ ਬੱਚੇ ਹੀ ਤੁਹਾਡੇ ਬੱਚਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਨਗੇ। ਸਮੂੰਹ ਮਾਪਿਆ ਨੂੰ ਸਨਿਮਰ ਬੇਨਤੀ ਆਪਣੇ ਬੱਚਿਆ ਨੂੰ ਅਕੈਡਮੀ ਦਾ ਹਿੱਸਾ ਬਣਾਕੇ ਪੰਜਾਬ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀਅਤ ਨਾਲ ਜੋੜੋ। ਨਸ਼ੇ ਛੱਡੋ ਕੋਹੜ ਵੱਢੋ (Say no to drugs) ਸਾਡਾ ਨਾਅਰਾ ਹੈ। ਹੁਣ ਸਾਰਾ ਸਾਲ ਬੱਚਿਆਂ ਦੀਆਂ ਸਿੱਖਲਾਈ ਕਲਾਸ਼ਾ ਸ਼ੁਰੂ ਹਨ ਤੁਸੀ ਆਪਣੇ ਬੱਚਿਆਂ ਦਾ ਦਾਖਲਾ ਜਾਂ ਰਜਿਸਟ੍ਰੇਸ਼ਨ ਆਨ-ਲਾਈਨ ਵੀ WWW.GHGBHANGRA.COM 'ਤੇ ਜਾ ਕੇ ਕਰ ਸਕਦੇ ਹੋ ਜਾਂ ਨਿੱਜੀ ਤੌਰ 'ਤੇ ਜੀ.ਐਚ.ਜੀ. ਅਕੈਡਮੀ ਦੇ ਸਟੂਡੀਉ ਵਿੱਚ ਆ ਕੇ ਕਰਵਾ ਸਕਦੇ ਹੋ। ਜਿਸ ਦਾ ਪਤਾ: 4434 W Ashlan ave, Fresno, Cailforina ਹੈ। ਸੋਮਵਾਰ ਤੋਂ ਸ਼ੁੱਕਰਵਾਰ ਸ਼ਾਮ 5 ਵਜ਼ੇ ਪਹੁੰਚ ਕੇ ਕਰਵਾ ਸਕਦੇ ਹੋ। ਵਧੇਰੇ ਜਾਣਕਾਰੀ ਲਈ ਸੁਖਪ੍ਰੀਤ ਧਾਲੀਵਾਲ: (559)321-1421, ਪ੍ਰਭਜੋਤ ਮਾਨ: (559)369-9381 ਜਾਂ ਗੁਰਦੀਪ ਸ਼ੇਰਗਿੱਲ ਨਾਲ (559)349-1481 ਨਾਲ ਫੋਨ ਰਾਹੀ ਸੰਪਰਕ ਕਰ ਸਕਦੇ ਹੋ।

# ਪੰਜਾਬ ਬਜਟ 'ਚ ਨਾ ਕੋਈ ਨਵਾਂ ਟੈਕਸ, ਨਾ ਕੋਈ ਵੱਡਾ ਐਲਾਨ

(ਬਾਕੀ ਸਫਾ 4 'ਤੇ)

575 ਕਰੋੜ ਰੁਪਏ ਰੱਖੇ ਗਏ ਹਨ। ਵਿੱਤ ਮੰਤਰੀ ਚੀਮਾ ਨੇ ਬਜਟ ਪ੍ਰਸਤਾਵ ਪੇਸ਼ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਸੂਬੇ ਦੇ ਅੱਠ ਹਜ਼ਾਰ ਕਰੋੜ ਦੇ ਫੰਡ ਰੋਕ ਲਏ ਹਨ ਪਰ ਸੂਬਾ ਸਰਕਾਰ ਟੈਕਸ ਮਾਲੀਏ ਨੂੰ 13 ਫੀਸਦੀ ਵਧਾਉਣ ਵਿਚ ਸਫਲ ਰਹੀ ਹੈ ਅਤੇ ਆਬਕਾਰੀ ਡਿਊਟੀ ਤੋਂ ਮਾਲੀਆ 10 ਹਜ਼ਾਰ ਕਰੋੜ ਨੂੰ ਪਾਰ ਕਰ ਜਾਵੇਗਾ। ਚੀਮਾ ਨੇ ਖੇਤੀ ਲਈ 13,784 ਕਰੋੜ ਦੀ ਤਜਵੀਜ਼ ਪੇਸ਼ ਕਰਦਿਆਂ ਕਿਹਾ ਕਿ ਖੇਤੀ ਸੈਕਟਰ ਨੂੰ ਮੁਫਤ ਬਿਜਲੀ ਦੀ ਸਹੂਲਤ ਜਾਰੀ ਰਹੇਗੀ ਜਿਸ ਵਾਸਤੇ 9,330 ਕਰੋੜ ਰੁਪਏ ਰੱਖੇ ਗਏ ਹਨ। ਬਜਟ ਪ੍ਰਸਤਾਵਾਂ 'ਚ ਪੂੰਜੀਗਤ ਖਰਚਾ ਘਟਾ ਕੇ 7,445.03 ਕਰੋੜ ਕਰ ਦਿੱਤਾ ਗਿਆ ਹੈ ਜਦਕਿ ਸਾਲ 2023-24 'ਚ ਇਹ ਟੀਚਾ 10,354.53 ਕਰੋੜ ਦਾ ਸੀ।

ਵਿੱਤ ਮੰਤਰੀ ਨੇ 18 ਸਾਲ ਤੋਂ ਉਪਰ ਦੀਆਂ ਔਰਤਾਂ ਲਈ ਇੱਕ ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਨਹੀਂ ਕੀਤਾ। ਚੀਮਾ ਨੇ ਬਜਟ ਨੂੰ ਪੰਜਾਬ ਦੇ ਟਿਕਾਊ ਤੇ ਖੁਸ਼ਹਾਲ ਭਵਿੱਖ ਦਾ ਰੋਡਮੈਪ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਨੂੰ ਜੀਐੱਸਟੀ ਕੁਲੈਕਸ਼ਨ, ਬਿਜਲੀ ਡਿਊਟੀ, ਵਾਹਨਾਂ ਤੇ ਟੈਕਸਾਂ ਅਤੇ ਸਟੈਂਪ ਡਿਊਟੀ ਕੁਲੈਕਸ਼ਨ ਵਿਚ ਵਾਧੇ ਤੋਂ ਕਾਫੀ ਉਮੀਦਾਂ ਹਨ।

ਬਜਟ ਵਿਚ ਸਿੱਖਿਆ ਲਈ 16,987 ਅਤੇ ਸਿਹਤ ਲਈ 5,264 ਕਰੋੜ ਰੁਪਏ ਰੱਖੇ ਗਏ ਹਨ। ਬੁਨਿਆਦੀ ਢਾਂਚੇ ਦੇ ਵਿਕਾਸ ਲਈ 24,283 ਕਰੋੜ ਰੁਪਏ ਰੱਖੇ ਗਏ ਹਨ। ਉਦਯੋਗਿਕ ਖੇਤਰ ਲਈ 3,367 ਕਰੋੜ ਜਦਕਿ ਨਸ਼ਾ ਛੁਡਾਊ ਪਹਿਲਕਦਮੀ ਵਾਸਤੇ 70 ਕਰੋੜ ਦਾ ਫੰਡ ਰੱਖਿਆ ਗਿਆ ਹੈ।

ਡੇਰਾ ਬਾਬਾ ਨਾਨਕ ਤੋਂ ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਬਜਟ ਭਰਿਆ ਖਜ਼ਾਨਾ ਨਹੀਂ ਸਗੋ ਖਾਲੀ ਪੋਟਲੀ ਹੈ। ਇਸ ਬਜਟ ਵਿੱਚ ਹਰੇਕ ਵਰਗ ਚਾਹੇ ਕਿਸਾਨ, ਮਜ਼ਦੂਰ, ਛੋਟੇ ਦੁਕਾਨਦਾਰ ਅਤੇ ਪੰਜਾਬ ਦਾ ਮੁਲਾਜ਼ਮ ਵਰਗ ਹੋਵੇ ਸਭ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ ਹੈ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

ਦੇਸ਼ ਦੁਆਬਾ

# ਜੋ ਹਮ ਸਹਰੀ ਸੋ ਮੀਤ ਹਮਾਰਾ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ।।

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪਾਵਨ ਆਗਮਨ ਪੁਰਬ ਮਨਾਏ ਜਾਣ ਦੀਆਂ "ਅਦਾਰਾ ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਦੇ ਮਾਣਯੋਗ ਪਾਠਕਾਂ, ਇਸ਼ਤਿਹਾਰ ਦਾਤਾ ਅਤੇ ਹੋਰ ਸਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਨ੍ਹਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾਂ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਸਾਹਿਬਾਨ ਜੀ ਦੇ ਅਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਅਵਾਜ਼ ਬੁਲੰਦ ਕਰਦਾ ਰਹੇਗਾ।

**- ਪ੍ਰੇਮ ਕੁਮਾਰ ਚੁੰਬਰ**

# ਸੋ ਕਿਉਂ ਮੰਦਾ ਆਖੀਐ ਜਿਤ ਜੰਮਹਿ ਰਾਜਾਨ



**ਲਾਲ ਸਿੰਘ ਸੁਲਹਾਣੀ**
**91-98721-55120**

ਔਰਤ ਤੇ ਮਰਦ ਮਨੁੱਖਤਾ ਦੇ ਦੋ ਮਹਤਵਪੂਰਣ ਅੰਗ ਹਨ। ਰਦ ਲੰਮੇ ਸਮੇਂ ਤੋਂ ਫਿਰਤੂ ਤੇ ਕਾਰੋਬਾਰੀ ਹੋਣ ਕਰਕੇ ਸਰੀਰਕ ਤੌਰ ਤੇ ਸ਼ਕਤੀਸ਼ਾਲੀ, ਕਠੋਰ, ਸਾਹਸੀ, ਦਲੇਰ, ਅਤੇ ਦ੍ਰਿੜ੍ਹ ਵਿਸ਼ਵਾਸੀ ਹੁੰਦਾ ਹੈ। ਜਦੋਂ ਕਿ ਔਰਤ ਗ੍ਰਹਿਣੀ ਹੋਣ ਕਰਕੇ ਕੋਮਲ ਦਿਲ, ਪਿਆਰ ਦਾ ਮੁਜੱਸਮਾ ਅਤੇ। ਵਫ਼ਾਦਾਰੀ ਦੀ ਮੂਰਤ ਹੁੰਦੀ ਹੈ। ਔਰਤ ਸਮਾਜਿਕ ਉਸਾਰੀ ਅਤੇ ਸੰਸਾਰ ਉਤਪਤੀ ਦਾ ਅਟੁੱਟ ਅੰਗ ਹੈ।

ਜਦੋਂ ਮਨੁੱਖ ਜੰਗਲੀ। ਜੀਵਨ ਬਤੀਤ ਕਰਦੇ ਸਨ ਉਸ ਸਮੇਂ ਮਰਦ ਸ਼ਿਕਾਰ ਕ,ਦੇ ਸਨ ਜਾਂ ਕੰਦਮੂਲ ਆਦਿ ਇਕੱਠਾ ਕਰਦੇ ਸਨ ਤੇ ਇਸਤਰੀਆਂ ਗੁਫਾਵਾਂ ਜਾਂ ਕੰਦਰਾਂ ਵਿਚ ਰਹਿ ਕੇ ਮਰਦਾਂ ਦੁਆਰਾ ਮਾਰਕੇ ਲਿਆਂਦੇ ਸ਼ਿਕਾਰ, ਵਸਤੂਆਂ ਅਤੇ ਸੰਤਾਨ ਦੀ ਸੰਭਾਲ ਕਰਦੀਆਂ ਸਨ। ਇਸ ਤਰ੍ਹਾਂ ਔਰਤ ਨੂੰ ਮਰਦ ਤੇ ਨਿਰਭਰ ਰਹਿਣਾ ਪਿਆ ਤੇ ਮਰਦ ਨੇ ਹੌਲੀ ਹੌਲੀ ਉਸ ਨੂੰ ਗ਼ੁਲਾਮ ਸਮਝਣਾ ਸ਼ੁਰੂ ਕਰ ਦਿੱਤਾ। ਜੰਗਾਂ ਦੁਆਰਾ ਇਸਤਰੀਆਂ ਪ੍ਰਾਪਤ ਕੀਤੀਆਂ ਜਾਂਦੀਆਂ ਸਨ ਤਾਂ ਕਿ ਕਬੀਲਾ ਵਧੇ ਅਤੇ ਦੂਜੇ ਕਬੀਲੇ ਤੇ ਭਾਰੂ ਰਹਿ ਸਕੇ। ਇਸ ਤਰ੍ਹਾਂ ਕ ਈ ਵਾਰ ਤਾਂ ਜੰਗ ਵੀ ਇਸਤਰੀਆਂ ਕਰਕੇ ਹੀ ਹੁੰਦੇ ਸਨ।

ਪੂਰਵ ਆਰੀਆ ਕਾਲ ਵਿੱਚ ਭਾਰਤੀ ਔਰਤ ਨੂੰ ਸਤਿਕਾਰਯੋਗ ਸਥਾਨ ਦਿੱਤਾ ਜਾਂਦਾ ਰਿਹਾ ਹੈ। ਪਰ ਭਾਰਤ ਵਿਚ ਆਰੀਅਨ ਦੇ ਪ੍ਰਵੇਸ਼ ਅਤੇ ਕਬਜੇ ਉਪਰੰਤ ਔਰਤ ਨੂੰ ਬਹੁਤ ਨੀਵੀਂ ਅਤੇ ਘਟੀਆ ਸਮਝਕੇ ਦੁਰਕਾਰਿਆ ਅਤੇ ਤ੍ਰਿਸਕਾਰਿਆ ਗਿਆ। ਆਰੀਅਨ ਸਾਹਿਤ ( ਜਿਸ ਨੂੰ ਧਾਰਮਿਕ ਕਹਿ ਕੇ ਲੋਕਾਂ ਤੇ ਠੋਸਿਆ ਗਿਆ) ਵਿਚ ਔਰਤ ਨੂੰ ਬਹੁਤ ਜ਼ਲੀਲ ਕੀਤਾ ਗਿਆ। ਪ੍ਰਾਚੀਨ ਸਨਾਤਨੀ ਕਵੀਆਂ ਨੇ ਸ਼ੂਦਰ ( ਗੁਲਾਮ ਦ੍ਰਾਵਿੜ) ਲੋਕਾਂ ਦੀ ਦੁਰਦਸ਼ਾ ਕੀਤੀ ਹੈ ਉਵੇਂ ਹੀ ਇਸਤ੍ਰੀ ਨੂੰ ਨੀਚਾ ਦਿਖਾਉਣ ਵਿਚ ਕੋਈ ਕਸਰ ਨਹੀਂ ਛੱਡੀ। ਵੰਨਗੀ ਵਜੋਂ ਕੁਝ ਹਵਾਲੇ ਧਾਰਮਿਕ ਗ੍ਰੰਥਾਂ ਵਿੱਚੋਂ ਮੌਜੂਦ ਹਨ:

ਇਸਤਰੀਆਂ ਵਿਚ ਮੁਹੱਬਤ ਨਹੀਂ ਹੁੰਦੀ। ਇਨ੍ਹਾਂ ਦਾ ਦਿਲ ਲਕੜ ਬੱਘੇ (ਜੰਗਲੀ ਕੁੱਤੀ) ਦਾ ਹੁੰਦਾ ਹੈ। ( ਰਿਗ ਵੇਦ 10.95.15)

ਢੋਰ, ਗਵਾਰ, ਸੂਦਰ, ਅਰ ਨਾਰੀ।
ਏਹ ਸਭ ਤਾੜਨ ਕੇ ਅਧਿਕਾਰੀ।

(ਰਾਮ ਚਰਿਤ ਮਾਨਸ- ਤੁਲਸੀ ਦਾਸ)

"(ਸ੍ਰਿਸ਼ਟੀ ਰਚਨਾ ਸਮੇਂ) ਮਨੂ ਨੇ ਔਰਤ ਨੂੰ (ਭੋਗ ਲਈ) ਬਿਸਤਰਾ (ਉਹਨਾਂ ਵਾਸਤੇ) ਬੈਠਣ ਲਈ ਕੁਰਸੀ, ਟੂੰਬਾਂ, ਬੁਰੀਆਂ ਆਦਤਾਂ, ਇੰਦ੍ਰੀਆਂ ਦਾ ਅਨੰਦ ਅਤੇ ਬੁਰਾ ਚਾਲ ਚਲਣ ਹੀ ਦਿੱਤਾ ਹੈ।"

(ਮਨੂ ਸਿਮਰਤੀ 9.17)

"ਔਰਤ ਸੁੰਦਰਤਾ ਦੀ ਪ੍ਰਵਾਹ ਨਹੀਂ ਕਰਦੀ, ਨਾ ਉਮਰ ਦਾ ਹੀ ਖਿਆਲ ਕਰਦੀ ਹੈ (ਉਸ ਲਈ ਇਹ ਹੀ ਕਾਫੀ ਹੈ ਕਿ ਉਹ ਆਦਮੀ ਹੈ) ਖੂਬਸੂਰਤ ਜਾਂ ਬਦਸ਼ਕਲ ਦੀ ਪ੍ਰਵਾਹ ਨਾ ਕਰਦੀ ਹੋਈ ਉਹ ਆਪਣੇ ਆਪ ਨੂੰ ਉਸਦੇ ਹਵਾਲੇ ਕਰ ਦਿੰਦੀ ਹੈ।"

(ਮਨੂ ਸਿਮਰਤੀ 9.14)

"ਇਸਤਰੀ ਦੀ ਉਸਦੇ ਬਚਪਨ ਵਿਚ ਉਸਦਾ ਪਿਤਾ, ਜੁਆਨੀ ਵਿਚ ਉਸਦਾ ਪਤੀ ਅਤੇ ਬੁਢਾਪੇ ਵਿੱਚ ਉਸਦੇ ਪੁੱਤਰ ਨਿਗਰਾਨੀ ਕਰਨ। ਉਸਨੂੰ ਕਿਸੇ ਸਮੇਂ ਵੀ (ਜਨਮ ਤੋਂ ਮਰਨ ਤੱਕ) ਪੂਰਨ ਆਜ਼ਾਦੀ ਨਹੀਂ ਹੋਣੀ ਚਾਹੀਦੀ।"

(ਮਨੂ ਸਿਮਰਤੀ 9.13)

"ਵਿਧਵਾ ਦੀ ਉਸਦੇ ਮਰੇ ਹੋਏ ਪਤੀ ਦੇ ਭਰਾ ਨਾਲ ਜ਼ਬਰਦਸਤੀ ਚਾਦਰਦਾਰੀ ਕਰ ਦੇਣੀ ਚਾਹੀਦੀ ਹੈ ਅਤੇ ਉਹ ਵੀ ਉਸਦੇ ਮਰੇ ਹੋਏ ਪਤੀ ਦੀ ਲਾਸ਼ ਘਰੋਂ ਉਠਣ ਤੋਂ ਪਹਿਲਾਂ।"

(ਰਿਗ ਵੇਦ 10.18।8)

ਅਜਿਹਾ ਨਾ ਹੋਣ ਦੀ ਸੂਰਤ ਵਿੱਚ ਉਸਨੂੰ ਆਪਣੇ ਪਤੀ ਦੀ ਚਿਖ਼ਾ ਵਿਚ ਜੀਉਂਦਿਆਂ ਸੜ ਮਰਨ ਦਾ ਹੁਕਮ ਚਾੜ੍ਹਿਆ ਗਿਆ ਅਤੇ ਉਸਨੂੰ ਸਤੀ ਦਾ ਲਕਬ ਦਿੱਤਾ ਗਿਆ।

"ਜੇ ਕਿਸੇ ਉਚ ਜਾਤੀ ਦੇ ਹੱਥੋਂ ਕੋਈ ਇਸਤਰੀ ਜਾਂ ਸ਼ੂਦਰ ਜਾਂ ਕੋਈ ਕਾਰੀਗਰ ਮਰ ਜਾਵੇ ਤਾਂ ਉਸਨੂੰ ਚਾਹੀਦਾ ਹੈ ਕਿ ਉਹ ਪਰਜਾਪਤ ਵਰਤ ਰੱਖੇ ਤੇ 10-12 ਬਲਦ ਬ੍ਰਾਹਮਣਾਂ ਨੂੰ ਦਾਨ ਦੇ ਦੇਵੇ ਉਸਦਾ ਪਾਪ ਸਮਾਪਤ ਹੋ ਜਾਵੇਗਾ।"

(ਪ੍ਰਾਸ਼ਰ ਸਿਮਰਤੀ)

ਹਰ ਮਹੀਨੇ ਮਾਂਹਵਾਰੀ ਦੇ ਪਹਿਲੇ ਦਿਨ ਇਸਤਰੀ ਚੰਡਾਲਨੀ ਦੇ ਸਮਾਨ ਹੁੰਦੀ ਹੈ ਦੂਜੇ ਦਿਨ ਹਤਿਆਰੀ ਦੇ ਸਮਾਨ ਅਤੇ ਤੀਜੇ ਦਿਨ ਧੋਬਣ ਦੇ ਸਮਾਨ।"

(ਪਰਾਸ਼ਰ ਸਿਮਰਤੀ 1/20)

ਇਨ੍ਹਾਂ ਗ੍ਰੰਥਾਂ ਦੇ ਉਪਦੇਸ਼ਾਂ ਤੇ ਹਦਾਇਤਾਂ ਦਾ ਇਹ ਸਿੱਟਾ ਨਿਕਲਿਆ ਕਿ ਔਰਤ ਨੂੰ ਘਟੀਆ, ਨੀਚ, ਨਖਿਧ, ਨੀਵੀਂ, ਅਪਵਿੱਤਰ, ਹੀਣੀ ਅਤੇ ਅਬਲਾ ਸਮਝਿਆ ਜਾਣ ਲੱਗ ਪਿਆ । ਔਰਤ ਨੂੰ ਮਰਦ ਦੀ ਉਨਤੀ ਦੇ ਰਾਹ ਵਿੱਚ ਰੁਕਾਵਟ ਮੰਨ ਕੇ ਇਸ ਤੋਂ ਪਿਛਾ ਛੁਡਵਾਉਣ ਵਿਚ ਹੀ ਸਿਆਣਪ ਮੰਨੀ ਗਈ ਅਤੇ ਇਸ ਤਰ੍ਹਾਂ ਬਾਣ ਪ੍ਰਸਤੀ ਅਤੇ ਸੰਨਿਆਸ ਦੇ ਬਹਾਨੇ ਭਗੌੜਾਪਣ ਸ਼ੁਰੂ ਹੋ ਗਿਆ। ਇਸ ਲਈ ਪ੍ਰਾਚੀਨ ਸਾਹਿਤਕਾਰਾਂ ਨੇ ਔਰਤ ਜਾਤ ਨੂੰ ਵਧ ਤੋਂ ਵਧ ਛੁਟਿਆ ਕੇ ਉਸ ਪ੍ਰਤੀ ਘ੍ਰਿਣਾ ਪੈਦਾ ਕੀਤੀ। ਔਰਤ ਨੂੰ ਪੈਰ ਦੀ ਜੁੱਤੀ ਕਹਿ ਕੇ ਮਧੋਲਿਆ ਗਿਆ। ਮੱਖੀ ਮੱਛੀ ਇਸਤਰੀ ਤਿੰਨੇ ਜਾਤ ਕੁਜਾਤ ਕਹਿ ਕੇ ਭੰਡਿਆ ਗਿਆ।

'ਇਸਤਰੀਆਂ ਪਾਪ ਜੋਨੀ ਹਨ' ਕਹਿ ਕੇ ਤ੍ਰਿਸਕਾਰਿਆ ਗਿਆ। ਬਾਘਣਿ ਭੰਡਿ ਸਰਪਣੀ ਅਤੇ ਵਿਸ਼ ਗੰਦਲਾਂ ਕਹਿ ਕੇ ਨਫਰਤ ਪੈਦਾ ਕੀਤੀ ਗਈ। ਏਸੇ ਕਰਕੇ ਅਜ ਵੀ ਕੁੜੀ ਜਨਮ ਸਮੇਂ। ਸੋਗ ਮਨਾਇਆ ਜਾਂਦਾ ਹੈ। ਜਦੋਂ ਕਿ ਮੁੰਡੇ ਦੇ ਜਨਮ ਸਮੇਂ ਖੇਬ ਜਸ਼ਨ ਮਨਾਏ ਜਾਂਦੇ ਹਨ, ਵਧਾਈਆਂ ਦਿਤੀਆਂ ਜਾਂਦੀਆਂ ਹਨ। ਲੜਕੀ ਨੂੰ ਪੱਥਰ ਮੱਥੇ ਵਜਿਆ ਕਹਿ ਕੇ ਜਨਮ ਤੋਂ ਹੀ ਨਫਰਤ ਕੀਤੀ ਜਾਂਦੀ ਹੈ। ਉਸਨੂੰ ਨਿਮਾਣੀ ਨਿਰਬਲ ਤੇ ਅਬਲਾ ਕਹਿ ਕੇ ਉਸ ਵਿਚ ਹੀਣਤਾਭਾਵ ਪੈਦਾ ਕੀਤਾ ਜਾਂਦਾ ਹੈ।

ਜਗਤ ਗੁਰੂ ਬਾਬੇ ਨਾਨਕ ਨੇ ਇਸਤਰੀ ਦੀ ਇਸ ਹੋ ਰਹੀ ਅਧੋਗਤੀ ਵਿਰੁਧ ਅਜ ਤੋਂ ਸਾਢੇ ਪੰਜ ਸਦੀਆਂ ਪਹਿਲਾਂ ਜ਼ੋਰਦਾਰ ਆਵਾਜ਼ ਬੁਲੰਦ ਕਰਕੇ ਔਰਤ ਨੂੰ ਬਰਾਬਰਤਾ ਦਾ ਦਰਜਾ ਦੇਣ ਦੀ ਪੁਰਜ਼ੋਰ ਵਕਾਲਤ ਕੀਤੀ ਅਤੇ ਇਸਤਰੀ ਨਿੰਦਕਾਂ ਨੂੰ ਗਰਜਵੀਂ ਆਵਾਜ਼ ਵਿਚ ਵੰਗਾਰਿਆ:

ਮ:੧ ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡੈ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉਂ ਮੰਦਾ ਆਖੀਐ ਜਿਤ ਜੰਮਹਿ ਰਾਜਾਨ॥

(ਗੁਰੂ ਗ੍ਰੰਥ ਸਾਹਿਬ ਜੀ ਰਾਗ ਆਸਾ ਅੰਗ ੪੭੩)

ਇਹ ਪਵਿੱਤਰ ਸ਼ਬਦ ਉਹਨਾਂ ਲੋਕਾਂ ਦੇ ਗ਼ਲਤ ਖਿਆਲ ਨੂੰ ਭੰਡਦੇ ਹਨ ਜੋ ਇਹ ਮੰਨਦੇ ਹਨ ਕਿ ਇਸਤ੍ਰੀ ਅਪਵਿੱਤਰ ਹੈ ਤੇ ਮਰਦ ਜਾਤ ਤੋਂ ਨੀਵਾਂ ਦਰਜਾ ਰੱਖਦੀ ਹੈ। ਗੁਰੂ ਸਾਹਿਬ ਠੋਸ ਦਲੀਲ ਦਿੰਦੇ ਹਨ ਕਿ ਇਸਤ੍ਰੀ ਤੋਂ ਹੀ ਜਨਮ ਲਈਦਾ ਹੈ, ਇਸਤ੍ਰੀ ਦੇ ਪੇਟ ਵਿੱਚ ਹੀ ਪ੍ਰਾਣੀ ਪਲਦਾ ਜਾਂ ਬਣਦਾ ਹੈ। ਪੁਰਖ ਦੀ ਇਸਤ੍ਰੀ ਨਾਲ ਕੁੜਮਾਈ। ਹੁੰਦੀ ਹੈ ਇਸਤਰੀ ਨਾਲ ਵਿਆਹ ਹੁੰਦਾ ਹੈ। ਆਸ ਨਾਲ ਹੀ ਜਗਤ ਵਿੱਚ ਭਾਈਚਾਰਾ ਚਲਦਾ ਹੈ। ਇਸਤ੍ਰੀ ਰਾਹੀਂ ਹੀ ਮਨੁੱਖਤਾ ਦਾ ਘਰ ਬਝਦਾ ਹੈ ਤੇ ਹੋਰ ਰਿਸ਼ਤੇਦਾਰੀਆਂ ਕਾਇਮ ਹੁੰਦੀਆਂ ਹਨ। ਜਾਸ ਇਸਤ੍ਰੀ ਤੋਂ ਸੰਸਾਰ ਦੇ ਮਹਾਂਪੁਰਖਾਂ ਅਤੇ ਏਥੋਂ ਤਕ ਸਰਬ ਸ੍ਰੇਸ਼ਟ ਅਖਵਾਉਣ ਵਾਲੇ ਰਾਜਿਆਂ ਮਹਾਰਾਜਿਆਂ ਨੇ ਜਨਮ ਲਿਆ ਹੈ ਉਸਨੂੰ ਮਾੜਾ ਕਿਉਂ ਕਿਹਾ ਜਾਵੇ।

ਗੁਰੂ ਨਾਨਕ ਜੀ ਅਨੁਸਾਰ ਇਸਤ੍ਰੀ ਨੂੰ ਮਾੜਾ ਜਾਂ ਨੀਵਾਂ ਸਮਝਣ ਦਾ ਸਿਧਾਂਤ ਮੁਢੋਂ ਹੀ ਗ਼ਲਤ ਹੈ। ਸਤੀ ਦੀ ਰਸਮ ਨੂੰ ਸ਼ਹਿ ਦੇ ਕੇ ਭਾਰਤੀ ਸਮਾਜ ਅੰਦਰ ਔਰਤ ਨੂੰ ਹੋਰ ਜ਼ਲੀਲ ਕੀਤਾ ਜਾਂਦਾ ਰਿਹਾ ਹੈ। ਇਸਤ੍ਰੀਆਂ ਨੂੰ ਦੇਵ ਦਾਸੀਆਂ ਬਣਾ ਕੇ ਉਹਨਾਂ ਨੂੰ ਪੁਜਾਰੀਆਂ ਨੂੰ ਖੁਸ਼ ਕਰਨ ਅਤੇ ਉਹਨਾਂ ਦੇ ਰਹਿਮੋ ਕਰਮ ਤੇ ਜਿਉਣ ਲਈ ਮਜ਼ਬੂਰ ਕੀਤਾ ਗਿਆ। ਇਸਤ੍ਰੀ ਦੀ ਗੁਲਾਮੀ ਦੇ ਚਿੰਨ੍ਹ ਘੁੰਡ, ਪਰਦਾ, ਅਤੇ ਸਤੀ ਦੀ ਰਸਮ ਦੀ ਗੁਰੂ ਅਮਰ ਦਾਸ ਜੀ ਨੇ ਜ਼ੋਰਦਾਰ ਵਿਰੋਧਤਾ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਨੇ ਗੈਰ ਬਰਾਬਰੀ ਦੇ ਅੰਤ ਲਈ ਅਕਸੀਰ ਦੁਆਈ ਅੰਮ੍ਰਿਤ ਦੀ ਤਿਆਰੀ ਸਮੇਂ ਮਾਤਾ ਸਾਹਿਬ ਕੌਰ ਤੋਂ ਬਾਟੇ ਵਿਚ ਪਤਾਸੇ ਪੁਆ ਕੇ ਨਾ ਸਿਰਫ ਔਰਤ ਦੀ ਮਹਾਨਤਾ ਨੂੰ ਹੀ ਸਵੀਕਾਰਿਆ ਬਲਕਿ ਉਸਨੂੰ ਯੋਗ ਆਦਰ ਵੀ ਦਿਤਾ। ਇਹ ਹੀ ਕਾਰਨ ਹੈ ਕਿ ਇਤਿਹਾਸ ਵਿਚ ਪਹਿਲੀ ਵਾਰ ਇਸਤਰੀਆਂ ਨੇ ਮਹਾਨ ਕਾਰਨਾਮੇ ਕਰ ਦਿਖਾਏ ਤੇ ਇਹ ਕਥਨ ਸਚ ਸਾਬਤ ਕਰ ਦਿਤਾ ਕਿ ਕਿਸੇ ਮਹਾਨ ਮਨੁੱਖ ਦੀ ਮਹਾਨਤਾ ਪਿੱਛੇ ਕਿਸੇ ਨਾ ਕਿਸੇ ਇਸਤਰੀ ਦਾ ਹੱਥ ਹੁੰਦਾ ਹੈ।

ਬੇਬੇ ਨਾਨਕੀ, ਮਾਤਾ ਖੀਵੀ, ਬੀਬੀ ਭਾਨੀ, ਮਾਂ ਗੁਜਰੀ, ਬੀਬੀ ਲਾਜਵੰਤੀ (ਮਾਤਾ ਪ੍ਰੇਮੋ), ਬੀਬੀ ਅਨੂਪ ਕੌਰ, ਬੀਬੀ ਦੀਪ ਕੌਰ ਅਦਿ ਵਰਗੀਆਂ ਸਖਸ਼ੀਅਤਾਂ ਨੇ ਆਦਰਸ਼ ਸਮਾਜ ਦੀ ਉਸਾਰੀ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਪ੍ਰੰਤੂ ਫੇਰ ਵੀ ਸਮਾਜ ਵਿਚ ਔਰਤ ਨੂੰ ਬਰਾਬਰੀ ਵਾਲਾ ਦਰਜਾ ਅਜੇ ਤੱਕ ਵੀ ਨਸੀਬ ਨਹੀਂ ਹੋ ਸਕਿਆ।

ਉਨ੍ਹੀਵੀਂ ਸਦੀ ਦੇ ਯੁੱਗ ਪੁਰਸ਼ ਤੇ ਮਹਾਨ ਕ੍ਰਾਂਤੀਕਾਰੀ ਮਹਾਤਮਾ ਜੋਤੀ ਬਾ ਫੂਲੇ ਨੇ ਨਵੇਂ ਸਿਰਿਉਂ ਸਮਾਜਕ ਇਨਕਲਾਬ ਲਈ ਜਦੋਜਹਿਦ ਸ਼ੁਰੂ ਕੀਤੀ ਅਤੇ ਔਰਤ ਦੀ ਆਜ਼ਾਦੀ ਲਈ ਜ਼ਬਰਦਸਤ ਅੰਦੋਲਨ ਛੇੜਿਆ। ਸਮਾਜ ਦੇ ਠੇਕੇਦਾਰਾਂ ਤੇ ਇਸਤਰੀ ਨਿੰਦਕਾਂ ਨੇ ਇਸਤਰੀ ਵਿੱਦਿਆ ਦਾ ਵਿਰੋਧ ਕੀਤਾ ਪਰ ਮਾਨਵ ਹਿਤੈਸ਼ੀ ਮਹਾਤਮਾ ਜੋਤੀ ਬਾ ਫੂਲੇ ਨੇ ਹਰ ਵਿਰੋਧ ਦੇ ਬਾਵਜੂਦ ਆਪਣੀ ਸੁਪਤਨੀ ਬੀਬੀ ਸਵਿਤਰੀ ਬਾਈ ਫੂਲੇ ਨੂੰ ਭਾਰਤ ਦੀ ਪਹਿਲੀ ਅਧਿਆਪਕਾ ਵਜੋਂ ਉਭਾਰ ਕੇ ਇਸਤਰੀ ਨਿੰਦਕਾਂ ਨੂੰ ਕਰਾਰੀ ਹਾਰ ਦਿੱਤੀ ਅਤੇ ਔਰਤ ਦੀ ਤਰੱਕੀ ਅਤੇ ਬਰਾਬਰਤਾ ਦੇ ਰਸਤੇ ਖੋਲ੍ਹ ਦਿਤੇ।

ਵੀਹਵੀਂ ਸਦੀ ਦੇ ਮਹਾਨ ਚਿੰਤਕ, ਵਿਸ਼ਵ ਰਤਨ ਅਤੇ ਗਿਆਨ ਦੇ ਪ੍ਰਤੀਕ ਵਜੋਂ ਜਾਣੇ ਜਾਂਦੇ ਮਹਾਨ ਯੁਗ ਪੁਰਸ਼ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੇ ਸਦੀਆਂ ਤੋਂ ਮਿੱਧੀ ਮਧੋਲੀ ਜਾ ਰਹੀ ਨੀਵੀਂ ਤੇ ਅਬਲਾ ਸਮਝੀ ਜਾਂਦੀ ਭਾਰਤੀ ਨਾਰੀ ਨੂੰ ਕਾਨੂੰਨੀ ਤੌਰ ਤੇ ਮਾਨਤਾ ਤੇ ਹੱਕ ਦਿਵਾਉਣ ਲਈ ਲੱਗਭਗ 40 ਵਰ੍ਹੇ ਸੰਘਰਸ਼ ਕੀਤਾ। ਜਿਸਦੇ ਫਲਸਰੂਪ ਘਰੇਲੂ ਚਾਰਦੀਵਾਰੀ ਦੀ ਕੈਦ ਵਿੱਚੋਂ ਨਿਕਲ ਕੇ ਇਸਤਰੀ ਅੱਜ ਜ਼ਿੰਦਗੀ ਦੇ ਹਰ ਖੇਤਰ ਵਿੱਚ ਮੱਲਾਂ ਮਾਰ ਰਹੀ ਹੈ। ਪੈਰ ਦੀ ਜੁੱਤੀ ਵਜੋਂ ਜਾਣੀ ਜਾਂਦੀ ਔਰਤ ਅੱਜ ਸਫਲ ਜੱਜ, ਡਾਕਟਰ, ਅਧਿਕਾਰੀ ਅਤੇ ਰਾਜਨੀਤੀਵਾਨ ਦੇ ਰੂਪ ਵਿੱਚ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਦੇ ਸਮਰਥ ਹੋ ਚੁੱਕੀ ਹੈ ਤੇ ਕਈ ਖੇਤਰਾਂ ਵਿੱਚ ਤਾਂ ਮਰਦਾਂ ਨੂੰ ਪਿੱਛੇ ਵੀ ਧੱਕ ਰਹੀ ਹੈ। ਮਸਲਾ ਤਾਂ ਸਿਰਫ ਮੌਕਿਆਂ ਦੀ ਪ੍ਰਾਪਤੀ ਦਾ ਹੈ। ਇਥੋਂ ਤੱਕ ਕਿ ਵਿਧਵਾ ਔਰਤ ਜਿਸਨੂੰ ਸਨਾਤਨੀ ਸ਼ਾਸਤਰਾਂ ਅਨੁਸਾਰ ਮਨਹੂਸ, ਕਲੰਕਣੀ, ਕੁਲਹਿਣੀ ਤੇ ਚੰਡਾਲਣੀ ਕਹਿ ਕਿ ਤ੍ਰਿਸਕਾਰਿਆ ਜਾਂਦਾ ਸੀ ਤੇ ਉਸਦੇ ਮੱਥੇ ਲੱਗਣ ਤੋਂ ਵੀ ਗੁਰੇਜ਼ ਕੀਤਾ ਜਾਂਦਾ ਸੀ ਉਸਨੂੰ ਬਾਬਾ ਸਾਹਿਬ ਅੰਬੇਡਕਰ ਦੀ ਕ੍ਰਿਪਾ ਸਦਕਾ ਭਾਰਤ ਦੀ ਪਹਿਲੀ ਇਸਤਰੀ ਪ੍ਰਧਾਨ ਮੰਤਰੀ ਹੋਣ ਦਾ ਮਾਣ ਪ੍ਰਾਪਤ ਹੋ ਸਕਿਆ।

ਬੇਸ਼ਕ ਅੱਜ ਬਾਬਾ ਸਾਹਿਬ ਦੁਆਰਾ ਰਚਿਤ ਸੰਵਿਧਾਨ ਅਨੁਸਾਰ ਇਸਤਰੀ ਬਰਾਬਰਤਾ ਦੀ ਅਧਿਕਾਰੀ ਹੈ ਪਰੰਤੂ ਅਮਲੀ ਤੌਰ ਤੇ ਉਸਨੂੰ ਅੱਜ ਵੀ ਅਬਲਾ ਤੇ ਗ਼ੁਲਾਮ ਹੀ ਸਮਝਿਆ ਜਾਂਦਾ ਹੈ। ਮੱਧ ਤੇ ਨਿਮਨ ਵਰਗ ਵਿਚ ਤਾਂ ਔਰਤ ਦੀ ਹਾਲਤ ਹੋਰ ਵੀ ਤਰਸਯੋਗ ਹੈ। ਕਾਮਪੂਰਤੀ ਦਾ ਸਾਧਨ ਸਮਝ ਕੇ ਔਰਤਾਂ ਨਾਲ ਕੀਤੇ ਜਾਂਦੇ ਬਲਾਤਕਾਰ ਆਮ ਜਿਹੀ ਗੱਲ ਬਣ ਕੇ ਰਹਿ ਗਈ ਹੈ। ਇਕ ਸਰਵੇਖਣ ਮੁਤਾਬਕ 20 ਲੱਖ ਇਸਤਰੀਆਂ ਜਿਸਮ ਫਰੋਸ਼ੀ ਲਈ ਕੋਠਿਆਂ ਤੇ ਬਹਿਣ ਲਈ ਮਜ਼ਬੂਰ ਹਨ ,ਜੋ ਕਿ ਮਰਦ ਪ੍ਰਧਾਨ ਸਮਾਜ ਦੇ ਮੱਥੇ ਤੇ ਬੜਾ ਵੱਡਾ ਕਲੰਕ ਹੈ। ਘੁੰਡ , ਰੱਖੜੀ , ਟਿੱਕਾ, ਵਰਤ, ਕਰਵਾ ਚੌਥ ਤੇ ਦਹੇਜ ਵਰਗੀਆਂ ਸਮਾਜਿਕ ਬੁਰਾਈਆਂ ਰਾਹੀਂ ਔਰਤ ਨੂੰ ਅਬਲਾ ਤੇ ਹੀਣੀ ਹੋਣ ਦਾ ਅਹਿਸਾਸ ਬਾਰ ਬਾਰ ਕਰਵਾਇਆ ਜਾਂਦਾ ਹੈ ਤੇ ਕਿਸੇ ਨਾ ਕਿਸੇ ਰੂਪ ਵਿਚ ਜੁੱਤੀ ਹੇਠ ਰਹਿਣ ਲਈ ਮਜ਼ਬੂਰ ਕੀਤਾ ਜਾਂਦਾ ਹੈ।

ਇਸਤਰੀ ਪ੍ਰਤੀ ਮਾਪਿਆਂ ਦੀ ਘਟੀਆ ਸੋਚ ਤੇ ਨਫ਼ਰਤ ਭਰਪੂਰ ਰਵੱਈਏ ਸਦਕਾ ਚੰਦ ਸਿੱਕਿਆਂ ਦੀ ਟੁਣਕਾਰ ਵਿੱਚ ਰੁਚਿਤ ਡਾਕਟਰਾਂ ਦੇ ਲਾਲਚੀ ਸੁਭਾਅ ਕਾਰਨ ਕੁੜੀਆਂ ਦਾ ਦਿਨੋ ਦਿਨ ਘਟ ਰਿਹਾ ਅਨੁਪਾਤ ਮਨੁੱਖਤਾ ਲਈ ਘਾਤਕ ਸਿੱਧ ਹੋਵੇਗਾ। ਵਿਗਿਆਨ ਦੀ ਮਹੱਤਵਪੂਰਨ ਖੋਜ ਅਲਟਰਾਸਾਊਂਡ ਮਸ਼ੀਨਾਂ ਦੀ ਅੰਧਾਧੁੰਦ ਦੁਰਵਰਤੋਂ ਕਰਕੇ ਪੰਜਾਬੀਆਂ ਨੇ ਕੁੜੀਮਾਰਾਂ ਵਜੋਂ ਪਹਿਲਾ ਦਰਜਾ ਹਾਸਲ ਕਰ ਲਿਆ ਹੈ। ਗੁਰੂਆਂ ਦੇ ਨਾਮ ਤੇ ਵੱਸਦੇ ਪੰਜਾਬ ਵਿੱਚ ਢਿੱਡਾਂ 'ਚ ਖੋਰੀਆਂਜਾ ਰਹੀਆਂ ਕੁੜੀਆਂ ਜਾਂ ਮਾਦਾ ਭਰੂਣ ਹੱਤਿਆਂਵਾਂ ਦੇ ਅੰਕੜੇ ਚੌਂਕਾਅ ਦੇਣ ਵਾਲੇ ਹਨ। ਜਦੋਂ ਮਨੁੱਖਤਾ ਜੁਆਬ ਮੰਗੇਗੀ ਅਸੀਂ ਕਿਹੜਾ ਮੂੰਹ ਦਿਖਾਵਾਂਗੇ। ਮਾਦਾ ਭਰੂਣ ਹੱਤਿਆ ਇਕੀਵੀਂ ਸਦੀ ਦਾ ਬਦਨੁਮਾ ਦਾਗ਼/ਕਲੰਕ ਹੈ ।

ਅਜੋਕੇ ਯੁੱਗ ਵਿਚ ਔਰਤ ਇਕ ਭੋਗ ਵਸਤੂ ਅਤੇ ਇਸ਼ਤਿਹਾਰ ਬਣਦੀ ਜਾ ਰਹੀ ਹੈ। ਜਿਸਮਾਂ ਦੀ ਨੁਮਾਇਸ਼ ਅਤੇ ਕਾਮੁਕ ਖੁਲ੍ਹਾਂ ਨੂੰ ਔਰਤ ਦੀ ਆਜ਼ਾਦੀ ਦਾ ਨਾਂ ਦਿਤਾ ਜਾ ਰਿਹਾ ਹੈ। ਸਮੁੱਚੇ ਸੰਸਾਰ ਦੀ ਔਰਤ ਅੱਜ ਵੀ ਆਪਣੀ ਹੋਂਦ ਦੀ ਬਹਾਲੀ ਲਈ ਅਤੇ ਆਪਣੀ ਹੋਣੀ ਲਈ ਸੰਘਰਸ਼ਸ਼ੀਲ ਹੈ।

ਜੇ ਅਸੀਂ ਗੁਰੂ ਰਵਿਦਾਸ ਦਾ ਚਿਤਵਿਆ "ਬੇਗਮਪੁਰਾ", ਗੁਰੂ ਅਰਜਨ ਦੇਵ ਦੇ ਸੁਪਨਿਆਂ ਦਾ "ਹਲੇਮੀ ਰਾਜ" ਅਤੇ ਬਾਬਾ ਸਾਹਿਬ ਦੀ ਰੀਝ ਦਾ "ਆਦਰਸ਼ਕ ਸਮਾਜ" ਸਿਰਜਣਾ ਚਾਹੁੰਦੇ ਹਾਂ ਤਾਂ ਸਾਨੂੰ "ਅਰਧਸਰੀਰੀ, ਮੋਖ ਦੁਆਰੀ" ਇਸਤਰੀ ਨੂੰ ਸਮਾਜ ਵਿਚ ਸਤਿਕਾਰਯੋਗ ਤੇ ਬਰਾਬਰੀ ਵਾਲ਼ਾ ਸਥਾਨ ਦਿਵਾਉਣ ਲਈ ਵਧੇਰੇ ਉਦਮੀ ਉਪਰਾਲੇ ਜੁਟਾਉਣੇ ਪੈਣਗੇ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਢਾਹਾਂ ਕਲੇਰਾਂ ਵਿਖੇ ਸਤਿਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਦਾ ਆਯੋਜਿਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਅਤੇ ਸਮੂਹ ਅਦਾਰਿਆਂ ਦੇ ਸਮੂਹ ਸਟਾਫ ਵੱਲੋਂ ਅੱਜ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਢਾਹਾਂ ਕਲੇਰਾਂ ਵਿਖੇ ਕਰਵਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ, ਉਪੰਰਤ ਗੁਰਦੁਆਰਾ ਸਾਹਿਬ ਵਿਖੇ ਸਜੇ ਦੀਵਾਨ ਵਿਚ ਭਾਈ ਹਰਜੋਤ ਸਿੰਘ ਜ਼ਖਮੀ ਜਲੰਧਰ ਵਾਲਿਆਂ ਅਤੇ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਗੁ: ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਕੀਰਤਨੀ ਜਥੇ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਟਰੱਸਟ ਦੇ ਪ੍ਰਧਾਨ ਡਾ। ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਸੰਗਤਾਂ ਨੂੰ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ ਦਿੰਦੇ ਦੱਸਿਆ ਕਿ ਉਹਨਾਂ ਦੀ ਬਾਣੀ ਸਮੁੱਚੀ ਮਾਨਵਤਾ ਨੂੰ ਸਰਬ-ਸਾਂਝੀਵਾਲਤਾ



ਦਾ ਸੰਦੇਸ਼ ਦਿੰਦੀ ਹੈ। ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿਖਿਆ ਨੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਂਦੇ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੀ ਵਧਾਈਆਂ ਦਿਤੀਆਂ ਅਤੇ ਉਨ੍ਹਾਂ ਦੇ ਜੀਵਨ ਬਾਰੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਗੁਰੂ ਰਵਿਦਾਸ ਜੀ ਵੱਲੋਂ ਰਚਿਤ 40 ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ, ਜੋ ਸਾਨੂੰ ਜਾਤ-ਪਾਤ ਤੋਂ ਉੱਪਰ ਉੱਠ ਕੇ ਨਵੇਂ ਨਰੋਏ ਸਮਾਜ ਦੀ ਸਿਰਜਣਾ ਕਰਨ ਲਈ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਉਪਦੇਸ਼ ਦਿੰਦੇ ਹਨ।

ਗੁ: ਗੁਰੂ ਨਾਨਕ ਮਿਸ਼ਨ ਢਾਹਾਂ ਕਲੇਰਾਂ ਵਿਖੇ ਹੋਏ ਗੁਰਮਤਿ ਸਮਾਗਮ ਵਿਚ ਅਮਰਜੀਤ ਸਿੰਘ ਕਲੇਰਾਂ ਸਕੱਤਰ, ਮਹਿੰਦਰ ਸਿੰਘ ਢਾਹਾਂ ਕੈਨੇਡਾ, ਹਰਦੇਵ ਸਿੰਘ ਢਾਹਾਂ ਯੂ ਕੇ, ਸੋਹਨ ਸਿੰਘ ਯੂ ਕੇ, ਸੰਦੀਪ ਕੁਮਾਰ ਸਾਬਕਾ ਸਰਪੰਚ ਢਾਹਾਂ, ਭਾਈ ਜੋਗਾ ਸਿੰਘ, ਨਿਰਮਲ ਸਿੰਘ ਖਟਕੜ ਖੁਰਦ, ਭਾਈ ਸਤਨਾਮ ਸਿੰਘ ਹਜ਼ੂਰੀ ਰਾਗੀ ਗੁ: ਚਰਨ ਕਵੰਲ ਸਾਹਿਬ ਪਾਤਸ਼ਾਹੀ ਛੇਵੀਂ ਬੰਗਾ, ਭਾਈ ਮਨਜੀਤ ਸਿੰਘ, ਮਹਿੰਦਰਪਾਲ ਸਿੰਘ ਸੁਪਰਡੈਂਟ, ਟਰੱਸਟ ਦੇ ਪ੍ਰਬੰਧ ਹੇਠਾਂ ਚੱਲਦੀਆਂ ਸੰਸਥਾਵਾਂ ਦੇ ਸਮੂਹ ਕਰਮਚਾਰੀਆਂ, ਡਾਕਟਰ ਸਾਹਿਬਾਨ, ਨਰਸਿੰਗ ਸਟਾਫ, ਅਧਿਆਪਕਾਂ, ਵਿਦਿਆਰਥੀਆਂ ਅਤੇ ਇਲਾਕਾ ਨਿਵਾਸੀ ਸਾਧ ਸੰਗਤਾਂ ਨੇ ਵੀ ਹਾਜ਼ਰੀਆਂ ਭਰੀਆਂ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸਾਬਕਾ ਮੁੱਖ ਮੰਤਰੀ ਮੌਜੂਦਾ ਮੁੱਖ ਮੰਤਰੀ ਦੀ ਕੋਠੀ ਘੇਰੇ - ਪ੍ਰਦੀਪ ਜੱਸੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬਹੁਜਨ ਸਮਾਜ ਪਾਰਟੀ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਲੋਕ ਸਭਾ ਇੰਚਾਰਜ ਪ੍ਰਦੀਪ ਜੱਸੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੱਲ ਪੰਜਾਬ ਵਿਧਾਨ ਸਭਾ ਵਿੱਚ ਰਿਜਰਵ ਸੀਟ ਤੋਂ ਜਿੱਤੇ ਵਿਧਾਇਕ ਸੁਖਵਿੰਦਰ ਕੋਟਲੀ ਨੂੰ ਮੁੱਖ ਮੰਤਰੀ ਵਲੋਂ ਅਤਿ ਨਿੰਦਣਯੋਗ ਸਬਦ ਵਰਤਦਿਆਂ ਇਸ ਨੂੰ ਜੁੱਤੀ ਸੁੰਗਾਉਣ ਲਈ ਕਿਹਾ ਗਿਆ। ਜਿਸ ਦੇ ਇਵਜ ਵਜੋਂ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਨੂੰ ਮੁੱਖ ਮੰਤਰੀ ਦਾ ਘਿਰਾਓ ਕਰਨ ਦਾ ਪ੍ਰੋਗਰਾਮ ਉਲੀਕਣਾ ਚਾਹੀਦਾ ਸੀ। ਪਰੰਤੂ ਅਜਿਹਾ ਨਹੀਂ ਹੋਇਆ। ਨਾ ਹੀ ਕਾਂਗਰਸ ਵਿੱਚ ਬੈਠੇ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਅਤੇ ਅਨੇਕਾਂ ਐਸ ਸੀ ਵਰਕਰਾਂ ਵਲੋਂ ਭਗਵੰਤ ਮਾਨ ਨੂੰ ਘੇਰਨ ਦਾ ਕੋਈ ਪ੍ਰੋਗਰਾਮ ਉਲੀਕਿਆ ਗਿਆ। ਇਹ ਘਟਨਾ ਸਾਬਤ ਕਰਦੀ ਹੈ ਬਸਪਾ ਤੋਂ ਬਿਨਾ ਦੂਜੀਆਂ ਪਾਰਟੀਆਂ ਵਿੱਚ ਦਲਿਤਾਂ ਨੂੰ ਕੋਈ ਮਾਨ ਸਨਮਾਨ ਨਹੀਂ ਦਿੱਤਾ ਜਾਂਦਾ। ਮੇਰਾ ਤਾਂ ਵਿਧਾਇਕ ਸਾਹਿਬ ਨੂੰ ਇਹੀ ਕਹਿਣਾ ਹੈ ਕਿ ਪ੍ਰਤਾਪ ਸਿੰਘ ਬਾਜਵਾ ਅਤੇ ਰਾਜਾ ਵੜਿੰਗ ਦੀ ਗਵਾਹੀ ਪੁਆ ਕੇ ਭਗਵੰਤ ਮਾਨ ਉੱਤੇ ਐਸ ਸੀ ਐਕਟ ਲਗਾ ਕੇ ਪਰਚਾ ਦਰਜ ਕਰਵਾਇਆ ਜਾਵੇ। ਤਾਂ ਜੋ ਦਲਿਤ ਸਮਾਜ ਦਾ ਮਾਨ ਸਨਮਾਨ ਬਹਾਲ ਰਹੇ। ਜੇਕਰ ਪਰਚਾ ਦਰਜ ਨਾ ਹੋਇਆ ਤਾਂ ਵਿਧਾਇਕ ਸਾਹਿਬ ਨੂੰ ਚੱਪਣੀ ਚ ਨੱਕ ਡੋਬ ਕੇ ਮਰ ਜਾਣਾ ਚਾਹੀਦਾ ਹੈ।

ਪ੍ਰਦੀਪ ਜੱਸੀ ਨੇ ਬਿਆਨ ਵਿੱਚ ਅੱਗੇ ਕਿਹਾ ਕਿ ਐਸ ਸੀ ਸਮਾਜ ਦਾ ਮਾਣ ਸਨਮਾਨ ਬਹੁਜਨ ਸਮਾਜ ਪਾਰਟੀ ਵਿੱਚ ਸੁਰੱਖਿਅਤ ਹੈ ਲ ਬਸਪਾ ਆਪਣੇ ਵਰਕਰਾਂ ਅਤੇ ਆਗੂਆਂ ਦੇ ਮਾਨ ਸਨਮਾਨ ਦੀ ਕਦਰ ਕਰਦੀ ਹੈ ਅਤੇ ਰੱਖਿਆ ਕਰਦੀ ਹੈ। ਬਾਕੀ ਪਾਰਟੀਆਂ ਸਿਰਫ ਐਸ ਸੀ ਲੋਕਾਂ ਨੂੰ ਵੋਟਾਂ ਵਾਸਤੇ ਹੀ ਵਰਤਦੀਆਂ ਹਨ ਲ ਉਹਨਾਂ ਦੀ ਨਜਰ ਵਿੱਚ ਐਸ ਸੀ ਸਮਾਜ ਦੀ ਕੋਈ ਅਹਿਮੀਅਤ ਨਹੀਂ ਹੈ , ਨਹੀਂ ਤਾਂ ਜਿਸ ਤਰਾਂ ਕੋਟਲੀ ਸਾਹਿਬ ਨੂੰ ਮੁੱਖ ਮੰਤਰੀ ਸਾਹਿਬ ਵਲੋਂ ਭੱਦੀ ਸ਼ਬਦਾਵਲੀ ਵਰਤੀ ਗਈ ਸੀ ਤਾਂ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਚੰਨੀ ਸਾਹਿਬ ਨੂੰ ਮੁੱਖ ਮੰਤਰੀ ਮਾਨ ਸਾਹਿਬ ਦੀ ਕੋਠੀ ਦਾ ਘਿਰਾਓ ਕਰਨਾ ਚਾਹੀਦਾ ਸੀ ਪਰ ਇਸ ਤਰਾਂ ਲੱਗ ਰਿਹਾ ਹੈ ਕਿ ਇਹ ਲੋਕ ਕਾਂਗਰਸ ਵਿੱਚ ਰਹਿ ਕਿ ਆਪਣਾ ਮਾਨ ਸਨਮਾਣ ਭੁੱਲ ਗਏ ਹਨ।

# ਕਾਮਰੇਡ ਮੁਕੰਦ ਲਾਲ ਜੀ ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਤਰਕਸ਼ੀਲ ਆਗੂ ਅਤੇ ਖੱਬੇ ਪੱਖੀ ਲਹਿਰ ਦੇ ਨਾਇਕ ਕਾਮਰੇਡ ਮੁਕੰਦ ਲਾਲ ਜੀ ਨਵਾਂ ਸ਼ਹਿਰ ਮਿਤੀ 05, 03, 2024 ਨੂੰ ਰਾਤ 02, 00 ਵਜੇ ਦਿਲ ਦਾ ਦੌਰਾ ਪੈਣ ਕਾਰਨ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਤਰਕਸ਼ੀਲ ਸੁਸਾਇਟੀ ਪੰਜਾਬ ਰਜਿ ਜੋਨ ਨਵਾਂਸ਼ਹਿਰ ਦੀਆਂ ਸਾਰੀਆਂ ਇਕਾਈਆਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਸਾਥੀ ਜੀ ਦੀ ਮੌਤ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਜਾਂਦਾ ਹੈ। ਸਾਥੀ ਜੀ ਦਾ ਅਚਾਨਕ ਵਿਛੋੜਾ ਜਿੱਥੇ ਉਹਨਾਂ ਦੇ ਪਰਿਵਾਰ ਲਈ ਬਹੁਤ ਵੱਡਾ ਘਾਟਾ ਹੈ ਉੱਥੇ ਤਰਕਸ਼ੀਲ ਲਹਿਰ, ਖੱਬੇ ਪੱਖੀ ਲਹਿਰ, ਜਮਹੂਰੀ ਲਹਿਰ, ਮਜ਼ਦੂਰ ਜਥੇਬੰਦੀਆਂ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਉਹਨਾਂ ਵਲੋਂ ਕੀਤੇ ਅਗਾਂਹਵਧੂ ਕੰਮਾਂ ਲਈ ਉਹ ਸਦਾ ਹੀ ਲੋਕਾਂ ਮਨਾਂ ਵਿੱਚ ਵਸਦੇ ਰਹਿਣਗੇ। ਅਸੀਂ ਉਨ੍ਹਾਂ ਦੇ ਵਿਚਾਰਾਂ ਤੇ ਪਹਿਰਾ ਦਿੰਦੇ ਰਹਾਂਗੇ ਅਤੇ ਉਹਨਾਂ ਦੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਦੇ ਯਤਨ ਜਾਰੀ ਰੱਖਾਂਗੇ। ਇਸ ਮੌਕੇ ਜੋਨ ਮੁੱਖੀ ਸੱਤਪਾਲ ਸਲੋਹ, ਸੂਬਾ ਕਮੇਟੀ ਆਗੂ ਜੋਗਿੰਦਰ ਕੁੱਲੇਵਾਲ, ਮੀਡੀਆ ਮੁਖੀ ਮਾਸਟਰ ਜਗਦੀਸ਼ ਰਾਏ ਪੁਰ ਡੱਬਾ, ਵਿੱਤ ਮੁਖੀ ਸੁਖਵਿੰਦਰ ਗੋਗਾ, ਮਾਸਟਰ ਰਾਮ ਪਾਲ ਰਾਹੋਂ, ਮਾਸਟਰ ਪਰਮਜੀਤ ਖਮਾਚੋਂ, ਮਾਸਟਰ ਗੁਰਦਿਆਲ ਮਹਿੰਦੀ ਪੁਰ, ਕੁਲਦੀਪ ਦੌੜਕਾ, ਬਲਜੀਤ ਖਟਕੜ, ਮੋਹਨ ਬੀਕਾ, ਬਲਜਿੰਦਰ ਸਵਾਜਪੁਰ, ਕੁਲਵਿੰਦਰ ਖਟਕੜ, ਮਾਸਟਰ ਰਾਜ ਕੁਮਾਰ ਗੜ੍ਹਸ਼ੰਕਰ, ਗੁਰਨਾਮ ਹਾਜੀਪੁਰ, ਹਰਜਿੰਦਰ ਸੂੰਨੀ, ਸੁਖਵਿੰਦਰ ਲੰਗੇਰੀ, ਕਾਮਰੇਡ ਬਲਜਿੰਦਰ ਸਿੰਘ, ਨਿੰਦਰ ਮਾਈ ਦਿੱਤਾ ਅਤੇ ਹੋਰ ਬਹੁਤ ਸਾਰੇ ਸਾਥੀ ਹਾਜ਼ਰ ਸਨ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। –ਸੰਪਾਦਕ



## Matrimonials

Looking for professional compatible educated girl for Ramdasia (weaver) Sikh doctor working in California 38 years old, never married, 5' 8" tall, father's gotra Sandhi mother's gotra Bains, caste no bar. For more information:

**WhatsApp +91 8360876705,**
**Email: sukhdevnorthridge@gmail.com**

---

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

---

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.

All family settled in the US.

**Please send biodata and pictures as: Email: jrjeet1993@gmail.com**

### 2020 ਵਿਚ ਚੋਣ ਨਤੀਜਿਆਂ ਨੂੰ ਉਲਟਾਉਣ ਦੀ ਕੋਸ਼ਿਸ਼ ਦਾ ਮਾਮਲਾ

# ਸਾਬਕਾ ਰਾਸ਼ਟਰਪਤੀ ਟਰੰਪ ਵਿਰੁੱਧ ਮੁਕੱਦਮਾ ਚਲਾਉਣ ਬਾਰੇ ਨਿਰਨਾ ਸੁਪਰੀਮ ਕੋਰਟ ਕਰੇਗੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਸੁਪਰੀਮ ਕੋਰਟ ਨੇ ਕਿਹਾ ਹੈ ਕਿ 2020 ਵਿਚ ਚੋਣ ਨਤੀਜੇ ਉਲਟਾਉਣ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਮੁਕੱਦਮਾ ਚਲਾਇਆ ਜਾ ਸਕਦਾ ਹੈ ਜਾਂ ਨਹੀਂ ਇਸ ਸਬੰਧੀ ਉਹ ਅਪ੍ਰੈਲ ਵਿਚ ਸੁਣਵਾਈ ਕਰੇਗੀ।

ਸੁਪਰੀਮ ਕੋਰਟ ਦੀ ਇਸ ਸਹਿਮਤੀ ਨਾਲ ਸਾਬਕਾ ਰਾਸ਼ਟਰਪਤੀ ਵਿਰੁੱਧ ਇਸ ਸਾਲ ਨਵੰਬਰ ਵਿਚ ਹੋ ਰਹੀਆਂ ਆਮ ਚੋਣਾਂ ਤੋਂ ਪਹਿਲਾਂ ਮਾਮਲਾ ਨਿਬੜ ਜਾਣ ਦੀ ਸੰਭਾਵਨਾ ਬਣੀ ਹੈ।

ਸੁਪਰੀਮ ਕੋਰਟ ਨੇ 22 ਅਪ੍ਰੈਲ ਤੋਂ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ ਕਿ ਕੀ ਕਿਸੇ ਰਾਸ਼ਟਰਪਤੀ ਵਿਰੁੱਧ ਆਪਣੇ ਕਾਰਜਕਾਲ ਦੌਰਾਨ ਕੀਤੇ ਵਿਵਹਾਰ ਕਾਰਨ ਅਪਰਾਧਕ ਦੋਸ਼ਾਂ ਤਹਿਤ ਮੁਕੱਦਮਾ ਚਲਾਇਆ ਜਾ ਸਕਦਾ ਹੈ? ਸਮਝਿਆ ਜਾਂਦਾ ਹੈ ਕਿ ਸੁਪਰੀਮ ਕੋਰਟ ਦੀ ਸਹਿਮਤੀ ਸਾਬਕਾ ਰਾਸ਼ਟਰਪਤੀ ਦੀ ਜਿੱਤ ਹੈ ਜਿਸ ਨੇ ਹੇਠਲੀ ਅਦਾਲਤ ਦੇ ਨਿਰਨੇ ਨੂੰ ਚੁਣੌਤੀ ਦਿੱਤੀ ਹੈ ਜਿਸ ਅਦਾਲਤ ਨੇ ਆਪਣੇ ਨਿਰਨੇ ਵਿਚ ਕਿਹਾ ਸੀ ਕਿ ਰਾਸ਼ਟਰਪਤੀ ਨੂੰ ਮੁਕੱਦਮੇ ਤੋਂ ਛੋਟ ਨਹੀਂ ਹੈ। ਸੁਪਰੀਮ ਕੋਰਟ ਦੀ ਸਹਿਮਤੀ ਉਪਰੰਤ ਟਰੰਪ ਨੇ ਸੋਸ਼ਲ ਮੀਡੀਆ ਉਪਰ ਲਿਖਿਆ ਹੈ। ਮੁਕੱਦਮੇ ਤੋਂ ਛੋਟ ਬਿਨਾਂ ਇਕ ਰਾਸ਼ਟਰਪਤੀ ਉਚਿੱਤ ਢੰਗ ਨਾਲ ਕੰਮ ਨਹੀਂ ਕਰ ਸਕਦਾ ਤੇ ਦੇਸ਼ ਦੇ ਹਿੱਤ ਵਿਚ ਨਿਰਨੇ ਨਹੀਂ ਲੈ ਸਕਦਾ।

# ਭਾਰਤੀ ਡਾਂਸਰ ਅਮਰਨਾਥ ਘੋਸ਼ ਦੀ ਅਣਪਛਾਤੇ ਹਮਲਾਵਰ ਵੱਲੋਂ ਗੋਲੀਆਂ ਮਾਰ ਕੇ ਹੱਤਿਆ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਭਾਰਤੀ ਡਾਂਸਰ ਅਮਰਨਾਥ ਘੋਸ਼ ਜੋ ਵਾਸ਼ਿੰਗਟਨ ਯੁਨੀਵਰਸਿਟੀ ਵਿਖੇ ਪੀ ਐਚ ਡੀ ਕਰ ਰਿਹਾ ਸੀ, ਦੀ ਸੇਂਟ ਲੋਇਸ, ਮਿਸੋਰੀ ਵਿਚ ਉਸ ਵੇਲੇ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ ਜਦੋਂ ਉਹ ਸ਼ਾਮ ਦੀ ਸੈਰ ਕਰ ਰਿਹਾ ਸੀ। ਮੁੱਢਲੀਆਂ ਰਿਪੋਰਟਾਂ ਅਨੁਸਾਰ ਅਣਪਛਾਤੇ ਹਮਲਾਵਰ ਨੇ ਘੋਸ਼ ਦੇ ਕਈ ਗੋਲੀਆਂ ਮਾਰੀਆਂ। ਹਾਲਾਂ ਕਿ ਇਸ ਸਬੰਧੀ ਅਜੇ ਤੱਕ ਪੁਲਿਸ ਦਾ ਕੋਈ ਬਿਆਨ ਨਹੀਂ ਆਇਆ ਹੈ ਪਰੰਤੂ ਸੋਸ਼ਲ ਮੀਡੀਆ ਉਪਰ ਮੀਨਾਕਸ਼ੀ ਸ਼ਰਨ ਵੱਲੋਂ ਪਾਈ ਇਕ ਪੋਸਟ ਵਿਚ ਕਿਹਾ ਗਿਆ ਹੈ ਕਿ ਅਯੁੱਧਿਆ ਫਾਉਂਡੇਸ਼ਨ ਦੇ ਸੰਸਥਾਪਕ ਡਾਂਸਰ ਅਮਰਨਾਥ ਘੋਸ਼ ਨੂੰ ਸੇਂਟ ਲੋਇਸ, ਮਿਸੋਰੀ ਵਿਚ ਗੋਲੀ ਮਾਰ ਦਿੱਤੀ ਗਈ ਹੈ। ਪਰਿਵਾਰ ਦੇ ਇਕੋ ਇਕ ਬੱਚੇ ਨੇ ਬਹੁਤ ਹੀ ਛੋਟੀ ਉਮਰ ਵਿਚ ਆਪਣਾ ਪਿਤਾ ਸਦਾ ਲਈ ਗਵਾ ਲਿਆ ਹੈ ਜਿਸ ਦੀ ਮਾਂ ਦੀ 3 ਸਾਲ ਪਹਿਲਾਂ ਹੀ ਮੌਤ ਹੋ ਗਈ ਸੀ। ਕੋਲਕਤਾ ਵਾਸੀ ਟੀ ਵੀ ਅਦਾਕਾਰਾ ਤੇ 'ਬਿੱਗ ਬੌਸ' ਕਲਾਕਾਰ ਡੀਵੋਲੀਨਾ ਭੱਟਾਚਾਰਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤੋਂ ਮੰਗ ਕੀਤੀ ਹੈ ਕਿ ਉਸ ਦੇ ਮਿੱਤਰ ਘੋਸ਼ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਵਿਚ ਮੱਦਦ ਕੀਤੀ ਜਾਵੇ।

# ਵਰਜੀਨੀਆ ਵਿਚ ਇਕ ਗਰੈਜੂਏਟ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਹੋਈ 43 ਸਾਲ ਕੈਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਤਕਰੀਬਨ 9 ਮਹੀਨੇ ਪਹਿਲਾਂ ਵਰਜੀਨੀਆ ਦੇ ਇਕ ਹਾਈ ਸਕੂਲ ਵਿਖੇ ਗਰੈਜੂਏਸ਼ਨ ਡਿਗਰੀ ਵੰਡ ਸਮਾਗਮ ਮੌਕੇ ਗੋਲੀਆਂ ਚਲਾ ਕੇ ਇਕ ਗਰੈਜੂਏਟ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਆਪਣਾ ਗੁਨਾਹ ਕਬੂਲ ਕਰ ਲੈਣ ਉਪਰੰਤ ਦੋਸ਼ੀ ਅਮਾਰੀ ਪੋਲਾਰਡ ਨੂੰ ਇਕ ਅਦਾਲਤ ਨੇ 43 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਸ਼ਾਨ ਜੈਕਸਨ (18) ਤੇ ਉਸ ਦੇ ਸੌਤੇਲੇ ਪਿਤਾ ਰੇਨਜ਼ੋ ਸਮਿੱਥ (36) ਦੀ ਜੂਨ 2023 ਵਿਚ ਹਿਉਜਨੋਟ ਹਾਈ ਸਕੂਲ ਗਰੈਜੂਏਸ਼ਨ ਸਮਾਗਮ ਤੋਂ ਬਾਅਦ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਉਸ ਸਮੇ ਉਥੇ ਸੈਂਕੜੇ ਗਰੈਜੂਏਟ ਤੇ ਹੋਰ ਮਹਿਮਾਨ ਮੌਜੂਦ ਸਨ। ਗੋਲੀਬਾਰੀ ਉਪਰੰਤ ਭਗਦੜ ਮਚ ਗਈ ਸੀ। ਉਸ ਸਮੇ ਪੁਲਿਸ ਨੇ ਕਿਹਾ ਸੀ ਕਿ ਇਹ ਗਿਣਮਿਥ ਕੇ ਹੱਤਿਆਵਾਂ ਕੀਤੀਆਂ ਗਈਆਂ ਹਨ ਕਿਉਂਕਿ ਪੋਲਾਰਡ ਦਾ ਜੈਕਸਨ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ।

# ਕੋਵਿਡ ਦੌਰਾਨ ਏਸ਼ੀਅਨ ਵਿਦਿਆਰਥੀ 'ਤੇ ਹਮਲਾ ਕਰਨ ਦੇ ਮਾਮਲੇ ਵਿਚ ਨਫਰਤੀ ਗੁਨਾਹ ਕਬੂਲਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਇਕ ਅਦਾਲਤ ਵਿਚ ਸੁਣਵਾਈ ਦੌਰਾਨ ਅਮਰੀਕਾ ਦੇ ਉਹੀਓ ਰਾਜ ਦੇ ਇਕ ਵਿਅਕਤੀ ਨੇ ਆਪਣਾ ਨਫਰਤੀ ਅਪਰਾਧ ਮੰਨ ਲਿਆ ਹੈ।

ਡੈਰਨ ਜੋਹਨਸਨ (27) ਨੇ ਮੰਨਿਆ ਕਿ 2021 ਵਿਚ ਉਸ ਨੇ ਇਕ ਏਸ਼ੀਅਨ ਅਮਰੀਕੀ ਕਾਲਜ ਵਿਦਿਆਰਥੀ 'ਤੇ ਉਸ ਦੀ ਨਸਲ ਕਾਰਨ ਉਸ ਉਪਰ ਹਮਲਾ ਕੀਤਾ ਸੀ ਤੇ ਕਿਹਾ ਸੀ ਕਿ ਕੋਵਿਡ-19 ਲਈ ਉਹ ਜਿੰਮੇਵਾਰ ਹੈ। ਇਹ ਜਾਣਕਾਰੀ ਵਕੀਲਾਂ ਦੁਆਰਾ ਦਿੱਤੀ ਗਈ ਹੈ।

ਓਹੀਓ ਦੇ ਦੱਖਣੀ ਜਿਲੇ ਦੇ ਯੂ ਐਸ ਅਟਾਰਨੀ ਦੇ ਦਫਤਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਹਮਲਾ ਯੁਨੀਵਰਸਿਟੀ ਆਫ ਸਿਨਸਿਨਾਟੀ ਵਿਚ ਹੋਇਆ ਸੀ ਤੇ ਇਸ ਮਾਮਲੇ ਵਿਚ ਦੋਸ਼ੀ ਨੂੰ 2 ਸਾਲ ਜੇਲ ਦੀ ਸਜਾ ਹੋ ਸਕਦੀ ਹੈ। ਯੂ ਐਸ ਅਟਾਰਨੀ ਕੀਨਥ ਐਲ ਪਾਰਕਰ ਨੇ ਕਿਹਾ ਹੈ ਕਿ ਅਮਰੀਕੀ ਸਮਾਜ ਵਿਚ ਨਫਰਤੀ ਅਪਰਾਧ ਲਈ ਕੋਈ ਥਾਂ ਨਹੀਂ ਹੈ ਤੇ ਅਜਿਹੇ ਮਾਮਲਿਆਂ ਵਿਚ ਸੰਘੀ ਲਾਅ ਇਨਫੋਰਸਮੈਂਟ ਅਧਿਕਾਰੀ ਸਖਤ ਕਾਰਵਾਈ ਲਈ ਦ੍ਰਿੜ ਹਨ।

# ਅਮਰੀਕਾ ਦੇ ਟੈਕਸਾਸ, ਓਕਲਾਹੋਮਾ ਤੇ ਡੇਲਾਵੇਰ ਰਾਜਾਂ ਵਿਚ ਲੱਗੀ ਭਿਆਨਕ ਅੱਗ ਵਿੱਚ ਲੱਖਾਂ ਏਕੜ ਜੰਗਲੀ ਰਕਬਾ ਸੜਿਆ

### ਰਾਸ਼ਟਰਪਤੀ ਨੇ ਪ੍ਰਭਾਵਿਤ ਲੋਕਾਂ ਨੂੰ ਹਰ ਤਰਾਂ ਦੀ ਮੱਦਦ ਦਾ ਦਿੱਤਾ ਭਰੋਸਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਟੈਕਸਾਸ, ਓਕਲਾਹੋਮਾ ਤੇ ਡੇਲਾਵੇਰ ਰਾਜਾਂ ਦੇ ਜੰਗਲ ਨੂੰ ਲੱਗੀ ਭਿਆਨਕ ਅੱਗ ਅਜੇ ਤੱਕ ਕਾਬੂ ਹੇਠ ਨਹੀਂ ਆਈ ਤੇ ਇਹ ਹੋਰ ਖੇਤਰਾਂ ਵਿਚ ਫੈਲਦੀ ਜਾ ਰਹੀ ਹੈ। ਦੋ ਵਿਅਕਤੀ ਅੱਗ ਵਿਚ ਸੜ ਕੇ ਮਾਰੇ ਗਏ ਹਨ ਤੇ ਇਸ ਤੋਂ ਇਲਾਵਾ ਅਨੇਕਾਂ ਪਸ਼ੂ ਅੱਗ ਦੀ ਭੇਟ ਚੜ ਗਏ ਹਨ। ਘਰ ਤੇ ਰੁਜ਼ਗਾਰ ਦੇ ਸਾਧਨ ਤਬਾਹ ਹੋ ਗਏ ਹਨ। ਟੈਕਸਾਸ ਦੇ ਇਤਿਹਾਸ ਵਿਚ ਹੁਣ ਤੱਕ ਲੱਗੀ ਇਹ ਅੱਗ ਸਭ ਤੋਂ ਵਧ ਭਿਆਨਕ ਹੈ। ਟੈਕਸਾਸ ਦੇ ਪੈਨਹੈਂਡਲ ਖੇਤਰ ਵਿਚ ਅੱਗ ਨੇ ਭਾਰੀ ਤਬਾਹੀ ਮਚਾਈ ਹੈ। ਸਮੋਕਹਾਊਸ ਕਰੀਕ ਖੇਤਰ ਤੋਂ



ਸ਼ੁਰੂ ਹੋਈ ਅੱਗ ਇਕੱਲੇ ਟੈਕਸਾਸ ਰਾਜ ਵਿਚ ਹੁਣ ਤੱਕ 10 ਲੱਖ ਏਕੜ ਜੰਗਲੀ ਰਕਬਾ ਸਾੜ ਚੁੱਕੀ ਹੈ। ਨਾਲ ਲੱਗਦੇ ਓਕਲਾਹੋਮਾ ਰਾਜ ਵਿਚ 31500 ਏਕੜ ਜੰਗਲ ਸੜ ਚੁੱਕਾ ਹੈ। ਇਹ ਜਾਣਕਾਰੀ ਜੰਗਲ ਨਾਲ ਸਬੰਧਤ ਵਿਭਾਗ ਨੇ ਦਿੱਤੀ ਹੈ। ਖੇਤਰ ਵਿਚ ਤੇਜ ਹਵਾਵਾਂ ਚੱਲਣ ਦੀ ਸੰਭਾਵਨਾ ਪ੍ਰਗਟ ਕੀਤੀ ਗਈ ਹੈ ਜਿਸ ਕਾਰਨ ਅੱਗ ਹੋਰ ਫੈਲ ਸਕਦੀ ਹੈ। ਹੁਣ ਤੱਕ ਕੁਲ 2000 ਵਰਗ ਮੀਲ ਖੇਤਰ ਸੜ ਚੁੱਕਾ ਹੈ ਤੇ ਤਕਰੀਬਨ ਏਨਾ ਹੀ ਰਕਬਾ ਡੇਲਾਵੇਰ ਰਾਜ ਵਿਚ ਅੱਗ ਦੀ ਭੇਟ ਚੜ ਗਿਆ ਹੈ। ਰਾਸ਼ਟਰਪਤੀ ਜੋ ਬਾਈਡਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅੱਗ ਤੋਂ ਪ੍ਰਭਾਵਤ ਲੋਕਾਂ ਨੂੰ ਹਰ ਸੰਭਵ ਮੱਦਦ ਦਿੱਤੀ ਜਾਵੇਗੀ। ਰਾਸ਼ਟਰਪਤੀ ਨੇ ਉਨਾਂ ਲੋਕਾਂ ਨੂੰ ਵੀ ਅੱਖਾਂ ਖੋਲਣ ਲਈ ਕਿਹਾ ਹੈ ਜੋ ਵਿਸ਼ਵ ਭਰ ਵਿਚ ਬਦਲ ਰਹੇ ਵਾਤਾਵਰਣ ਵਿੱਚ ਵਿਸ਼ਵਾਸ ਨਹੀਂ ਰਖਦੇ।

# ਸਵੇਰ ਦੀ ਸੈਰ 'ਤੇ ਗਈ ਯੂਨੀਵਰਸਿਟੀ ਵਿਦਿਆਰਥਣ ਦੀ ਮਿਲੀ ਲਾਸ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਯੁਨੀਵਰਸਿਟੀ ਆਫ ਜਾਰਜੀਆ ਦੀ ਇਕ ਸਾਬਕਾ ਵਿਦਿਆਰਥਣ ਜੋ ਸਵੇਰ ਦੀ ਸੈਰ 'ਤੇ ਗਈ ਸੀ, ਮ੍ਰਿਤਕ ਹਾਲਤ ਵਿਚ ਮਿਲਣ ਦੀ ਖਬਰ ਹੈ। ਅਗਸਤਾ ਯੁਨੀਵਰਸਿਟੀ ਦੇ ਏਥਨਜ ਕੈਂਪਸ ਵਿਚ ਪੜਦੀ ਲੇਕਨ ਰੀਲੇ ਨਾਮੀ 22 ਸਾਲਾ ਨਰਸਿੰਗ ਵਿਦਿਆਰਥਣ ਸੈਰ ਤੋਂ ਵਾਪਿਸ ਨਾ ਆਉਣ 'ਤੇ ਉਸ ਦੇ ਕਮਰੇ ਵਿਚ ਰਹਿੰਦੀ ਇਕ ਹੋਰ ਵਿਦਿਆਰਥਣ ਨੇ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ ਸੀ। ਜਿਸ ਉਪਰੰਤ ਪੁਲਿਸ ਨੇ ਜੰਗਲੀ ਖੇਤਰ ਵਿਚੋਂ ਉਸ ਦੀ ਲਾਸ਼ ਬਰਾਮਦ ਕੀਤੀ। ਪੁਲਿਸ ਅਨੁਸਾਰ ਲੇਕਨ ਰੀਲੇ ਦੀ ਹੱਤਿਆ ਹੋਈ ਹੈ ਤੇ ਇਸ ਮਾਮਲੇ ਵਿਚ ਹੱਤਿਆ ਦੇ ਦੋਸ਼ਾਂ ਤਹਿਤ ਜੋਸ ਐਨਟੋਨੀਓ ਇਬਾਰਾ (26) ਨੂੰ ਗ੍ਰਿਫਤਾਰ ਕੀਤਾ ਹੈ। ਇਕ ਸੰਘੀ ਅਧਿਕਾਰੀ ਅਨੁਸਾਰ ਜੋਸ ਇਬਾਰਾ 2022 ਵਿਚ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਇਆ ਸੀ।

# ਪੰਜਾਬ ਵਿਧਾਨ ਸਭਾ ਦਾ ਘਿਰਾਓ ਕਰਨ ਗਏ ਕੰਪਿਊਟਰ ਅਧਿਆਪਕ ਚੰਡੀਗੜ੍ਹ ਪੁਲਿਸ ਨੇ ਥਾਣਿਆਂ 'ਚ ਡੱਕੇ

**ਚੰਡੀਗੜ੍ਹ, (ਦਲਜੀਤ ਕੌਰ)** ਪਿਛਲੇ ਲੰਮੇ ਸਮੇਂ ਤੋਂ ਆਪਣੀਆਂ ਹੱਕੀ ਮੰਗਾਂ ਨੂੰ ਲੈਕੇ ਸੰਘਰਸ਼ ਕਰ ਰਹੇ ਕੰਪਿਊਟਰ ਅਧਿਆਪਕਾਂ ਅੱਜ ਜਦੋਂ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰਨ ਜਾ ਰਹੇ ਸਨ ਤਾਂ ਚੰਡੀਗੜ੍ਹ ਪੁਲਿਸ ਵੱਲੋਂ ਇਨ੍ਹਾਂ ਕੰਪਿਊਟਰ ਅਧਿਆਪਕਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਯੂਨੀਅਨ ਆਗੂਆਂ ਮੁਤਾਬਕ ਕਰੀਬ 150 ਤੋਂ ਵਧੇਰੇ ਅਧਿਆਪਕਾਂ ਨੂੰ ਚੰਡੀਗੜ੍ਹ ਪੁਲਿਸ ਨੇ ਸੈਕਟਰ 39 ਅਤੇ 36 ਦੇ ਥਾਣੇ ਵਿੱਚ ਲੈ ਗਏ, ਜਿੱਥੋਂ ਖਬਰ ਲਿਖੇ ਜਾਣ ਤੱਕ ਅਜੇ ਛੱਡੇ ਨਹੀਂ ਗਏ ਸਨ।

ਜ਼ਿਕਰਯੋਗ ਹੈ ਕਿ ਇਹ ਕੰਪਿਊਟਰ ਅਧਿਆਪਕ ਪਿਛਲੇ ਲੰਮੇ ਸਮੇਂ ਤੋਂ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ। ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨ ਤਾਰਨ ਨੇ ਦੱਸਿਆ ਕਿ ਅੱਜ ਦੇ ਵਿਰੋਧ ਪ੍ਰਦਰਸ਼ਨ ਵਿੱਚ ਅਧਿਆਪਕਾਂ ਦੀ ਗਿਣਤੀ 800 ਦੇ ਕਰੀਬ ਸੀ। ਵਿਧਾਨ ਸਭਾ ਤੋਂ ਤਕਰੀਬਨ 800 ਮੀਟਰ ਦੂਰੀ ਤੋਂ ਪਹਿਲਾਂ ਚੰਡੀਗੜ੍ਹ ਪੁਲਿਸ ਵੱਲੋਂ ਕੰਪਿਊਟਰ ਅਧਿਆਪਕਾਂ ਉੱਤੇ ਲਾਠੀਚਾਰਜ ਕੀਤਾ। ਪੁਲਿਸ ਨੇ ਅਧਿਆਪਕਾਂ ਨੂੰ ਜਬਰੀ ਬੱਸਾਂ ਵਿੱਚ ਬਿਠਾ ਕੇ ਹਿਰਾਸਤ ਵਿੱਚ ਲੈ ਕੇ ਵੱਖ ਵੱਖ ਥਾਣਿਆਂ ਵਿੱਚ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸ਼ਾਂਤੀਪੂਰਨ ਹੱਕੀ ਸੰਘਰਸ਼ ਨੂੰ ਦਬਾਇਆ ਨਹੀਂ ਜਾ ਸਕਦਾ, ਸਗੋਂ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇ ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਇਸ ਸੰਘਰਸ ਨੂੰ ਹੋਰ ਤੇਜ ਕੀਤਾ ਜਾਵੇਗਾ।

ਦੱਸਣਯੋਗ ਹੈ ਕਿ ਅੱਜ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਵੱਲੋਂ ਅੱਜ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨ ਤਾਰਨ ਦੀ ਅਗਵਾਈ ਵਿੱਚ ਉਲੀਕੇ ਗਏ ਵਿਧਾਨ ਸਭਾ ਘਿਰਾਓ ਦੇ ਸੰਘਰਸ਼ ਦੇ ਦੌਰਾਨ ਵੱਡੀ ਗਿਣਤੀ ਵਿੱਚ ਸੂਬੇ ਭਰ ਦੇ ਕੰਪਿਊਟਰ ਅਧਿਆਪਕਾਂ ਨੇ ਸ਼ਿਰਕਤ ਕਰਦੇ ਹੋਏ ਆਪਣੇ ਹੱਕਾਂ ਪ੍ਰਤੀ ਆਵਾਜ਼ ਬੁਲੰਦ ਕੀਤੀ। ਇਸ ਮੌਕੇ ਇਕੱਤਰ ਹੋਏ ਸੂਬੇ ਭਰ ਦੇ ਸੈਂਕੜੇ ਕੰਪਿਊਟਰ ਅਧਿਆਪਕਾਂ ਨੇ ਪੰਜਾਬ ਸਰਕਾਰ ਦੇ ਖਿਲਾਫ ਜਬਰਦਸਤ ਨਾਅਰੇਬਾਜ਼ੀ ਕਰਦੇ ਹੋਏ ਰੋਸ਼ ਪ੍ਰਦਰਸ਼ਨ ਕੀਤਾ। ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨ ਤਾਰਨ ਅਤੇ ਹੋਰਨਾਂ ਆਗੂਆਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਦੋ ਸਾਲਾਂ ਤੋਂ ਉਨਾਂ ਦਾ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਉਨਾਂ ਦੇ ਬਣਦੇ ਜਾਇਜ਼ ਹੱਕ ਬਹਾਲ ਨਹੀਂ ਕੀਤੇ ਜਾ ਰਹੇ ਹਨ ਜਿਸ ਕਰਕੇ ਉਹਨਾਂ ਨੂੰ ਲਗਾਤਾਰ ਸੰਘਰਸ਼ ਕਰਨਾ ਪੈ ਰਿਹਾ ਹੈ ਉਹਨਾਂ ਕਿਹਾ ਕਿ ਉਹ ਪਿਛਲੇ ਲਗਭਗ ਦੋ ਦਹਾਕਿਆਂ ਤੋਂ ਆਪਣੇ ਹੱਕਾਂ ਦੀ ਲੜਾਈ ਲੜ ਰਹੇ ਹਨ ਪਰ ਕਿਸੇ ਵੀ ਸਰਕਾਰ ਨੇ ਉਹਨਾਂ ਦੀ ਇੱਕ ਨਹੀਂ ਸੁਣੀ। ਪ੍ਰਧਾਨ ਗੁਰਵਿੰਦਰ ਸਿੰਘ ਅਤੇ ਹੋਰਨਾਂ ਆਗੂਆਂ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਸਾਰੇ ਆਗੂਆਂ ਵੱਲੋਂ ਉਨਾਂ ਦੀਆਂ ਮੰਗਾਂ ਨੂੰ ਜਾਇਜ਼ ਠਹਿਰਾਉਂਦੇ ਹੋਏ ਉਹਨਾਂ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਗਿਆ ਸੀ ਅਤੇ ਅੱਜ ਉਹੀ ਆਗੂ ਉਹਨਾਂ ਦੀ ਗੱਲ ਸੁਣਨ ਤੱਕ ਤਿਆਰ ਨਹੀਂ ਹਨ।

ਅਧਿਆਪਕ ਆਗੂਆਂ ਨੇ ਦੱਸਿਆ ਕਿ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ 15 ਸਤੰਬਰ 2022 ਨੂੰ ਆ ਜਨਤਕ ਤੌਰ ਤੇ ਐਲਾਨ ਕਰਦੇ ਹੋਏ ਕੰਪਿਊਟਰ ਅਧਿਆਪਕਾਂ ਦੀਆਂ ਸਾਰੀਆਂ ਮੰਗਾਂ ਨੂੰ ਜਾਇਜ ਮੰਨਦੇ ਹੋਏ ਉਹਨਾਂ ਨੂੰ ਦਿਵਾਲੀ ਦਾ ਤੋਹਫਾ ਦੇਣ ਦਾ ਐਲਾਨ ਕੀਤਾ ਸੀ। ਪਰ ਉਹ ਐਲਾਨ ਚੋਣ ਜੁਮਲਾ ਹੀ ਨਿਕਲਿਆ। ਇਸੇ ਤਰ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਖ-ਵੱਖ ਜਨਤਕ ਸਮਾਗਮਾਂ ਦੇ ਦੌਰਾਨ ਉਨਾਂ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦਾ ਐਲਾਨ ਕਰ ਚੁੱਕੇ ਹਨ ਪਰ ਉਹਨਾਂ ਦੀ ਆਸ ਨੂੰ ਅਜੇ ਤੱਕ ਬੂਰ ਨਹੀਂ ਪਿਆ ਹੈ।

ਕੰਪਿਊਟਰ ਅਧਿਆਪਕਾਂ ਨੇ ਦੱਸਿਆ ਕਿ ਜਿੱਥੇ ਅੰਮ੍ਰਿਤਸਰ ਵਿਖੇ ਕੰਪਿਊਟਰ ਅਧਿਆਪਕ ਵਿਕਾਸ ਕੁਮਾਰ ਵੱਲੋਂ ਲਗਾਤਾਰ ਪਿਛਲੇ ਕਈ ਦਿਨਾਂ ਤੋਂ ਭੁੱਖ ਹੜਤਾਲ ਕੀਤੀ ਜਾ ਰਹੀ ਹੈ ਜਿਸ ਵਿਚ ਸਾਰੇ ਪੰਜਾਬ ਦੇ ਕੰਪਿਊਟਰ ਜ਼ਿਲ੍ਹਾ ਵਾਰ ਉਥੇ ਪੁੱਜ ਕੇ ਰੋਸ ਪ੍ਰਗਟ ਕਰ ਰਹੇ ਹਨ , ਉਥੇ ਕੰਪਿਊਟਰ ਅਧਿਆਪਕਾਂ ਵੱਲੋਂ ਵੱਖ-ਵੱਖ ਸੰਘਰਸ਼ ਐਕਸ਼ਨਾਂ ਦੌਰਾਨ ਆਪਣੇ ਹੱਕਾਂ ਦੀ ਆਵਾਜ਼ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣ ਦੇ ਲਈ ਹਰ ਤਰ੍ਹਾਂ ਦਾ ਹੀਲਾ ਵਸੀਲਾ ਵਰਤਿਆ ਜਾ ਰਿਹਾ ਹੈ ਪਰ ਸੂਬਾ ਸਰਕਾਰ ਵੱਲੋਂ ਉਨਾਂ ਨੂੰ ਲਗਾਤਾਰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਜੋ ਕਿ ਨਿੰਦਣਯੋਗ ਹੈ ਅਤੇ ਇਸਦੀ ਜਿੰਨੀ ਨਿੰਦਾ ਕੀਤੀ ਜਾਵੇ ਘੱਟ ਹੈ।

ਕੰਪਿਊਟਰ ਅਧਿਆਪਕਾਂ ਨੇ ਆਪਣੀਆਂ ਮੰਗਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਹਨਾਂ ਦੀ ਕੋਈ ਵੀ ਨਵੀਂ ਮੰਗ ਨਹੀਂ ਹੈ ਉਹਨਾਂ ਦੀ ਸਿਰਫ ਇੱਕੋ ਇੱਕ ਮੰਗ ਹੈ ਕਿ ਛੇਵੇਂ ਪੇ ਕਮਿਸ਼ਨ ਦਾ ਲਾਭ ਦਿੰਦੇ ਹੋਏ ਉਹਨਾਂ ਦੇ ਰੈਗੂਲਰ ਆਰਡਰਾਂ ਵਿੱਚ ਦਰਜ ਸਾਰੇ ਲਾਭ ਬਿਨਾਂ ਦੇਰੀ ਅਤੇ ਬਿਨਾਂ ਸ਼ਰਤ ਬਹਾਲ ਕੀਤੇ ਜਾਣ ਅਤੇ ਸਿੱਖਿਆ ਵਿਭਾਗ ਵਿੱਚ ਸ਼ਿਫਟ ਕੀਤਾ ਜਾਵੇ ਅਤੇ ਜੇਕਰ ਸਮਾਂ ਰਹਿੰਦੇ ਸੂਬਾ ਸਰਕਾਰ ਨੇ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਉਹ ਸੰਘਰਸ਼ ਨੂੰ ਹੋਰ ਤੇਜ਼ ਕਰ ਦੇਣਗੇ ਜਿਸ ਦੀ ਜਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ। ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਜਾਇਜ਼ ਮੰਗਾਂ ਮੰਨਣ ਦੇ ਬਾਵਜੂਦ ਲਾਗੂ ਕਰਨ ਦੇ ਵਿਰੋਧ ਵੱਜੋਂ ਕੰਪਿਊਟਰ ਅਧਿਆਪਕਾਂ ਨੇ ਵਿਧਾਨ ਸਭਾ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਸੀ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨ ਤਾਰਨ, ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਸੰਧੂ, ਮੀਤ ਪ੍ਰਧਾਨ ਪਰਮਵੀਰ ਸਿੰਘ ਪੰਮੀ, ਜਨਰਲ ਸਕੱਤਰ ਪਰਮਿੰਦਰ ਸਿੰਘ ਘੁਮਾਣ, ਹਰਪ੍ਰੀਤ ਸਿੰਘ, ਮੀਤ ਪ੍ਰਧਾਨ ਅਨਿਲ ਐਰੀ, ਏਕਮਕਾਰ ਸਿੰਘ, ਸਿਕੰਦਰ ਸਿੰਘ, ਰਮਨ ਕੁਮਾਰ ਜਲੰਧਰ, ਰੋਬਿਨ ਸ਼ਰਮਾ ਮਲੇਰਕੋਟਲਾ ਆਦਿ ਦੇ ਨਾਲ ਨਾਲ ਸਮੂਹ ਸੂਬਾ ਕਮੇਟੀ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

**ਡੀਟੀਐੱਫ ਵੱਲੋਂ ਕੰਪਿਊਟਰ ਅਧਿਆਪਕਾਂ ਤੇ ਹੋਏ ਲਾਠੀਚਾਰਜ ਦੀ ਸਖ਼ਤ ਨਿਖੇਧੀ**

ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਸੇਵਾਵਾਂ ਪੂਰੇ ਤਨਖਾਹ ਸਕੇਲਾਂ ਸਮੇਤ ਸਿੱਖਿਆਂ ਵਿਭਾਗ ਚ ਮਰਜ਼ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰ ਰਹੇ ਪੰਜਾਬ ਦੇ ਕੰਪਿਊਟਰ ਅਧਿਆਪਕਾਂ ਤੇ ਚੰਡੀਗੜ੍ਹ ਵਿਖੇ ਚੰਡੀਗੜ੍ਹ ਪੁਲਿਸ ਵੱਲੋਂ ਲਾਠੀਚਾਰਜ ਕਰਨ ਅਤੇ ਉਹਨਾਂ ਨੂੰ ਜੇਲ੍ਹਾਂ ਚ ਡੱਕਣ ਦੀ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਸਖ਼ਤ ਨਿਖੇਧੀ ਕਰਦਿਆਂ ਕੰਪਿਊਟਰ ਅਧਿਆਪਕਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ।

# ਗਾਇਕ ਅਤੇ ਗੀਤਕਾਰ ਪਵਨ ਮਾਹੀ ਦੇ ਧਾਰਮਿਕ ਗੀਤ "ਬੇਗਮਪੁਰ ਦਾ ਮਾਹੀ" ਨੂੰ ਮਿਲ ਰਿਹਾ ਸੰਗਤ ਵਲੋਂ ਬਹੁਤ ਸਾਰਾ ਪਿਆਰ




ਗੱਭਰੂ ਚੋ ਬੋਲੇ ਕਾਂਸ਼ੀ ਰਾਮ ਸੂਰਮਾ, ਸਾਡੇ ਹੱਕਾਂ ਉੱਤੇ ਡਾਕਾ , ਦੁਨੀਆ ਨੂੰ ਤਾਰਨ ਆਏ ਸਤਿਗੁਰੂ ਰਵਿਦਾਸ ਜੀ, ਅਤੇ ਹੋਰ ਵੀ ਅਨੇਕਾਂ ਗੀਤਾਂ ਦੇ ਰਚੇਤਾ ਪਵਨ ਮਾਹੀ ਦੀ ਆਵਾਜ਼ ਵਿੱਚ ਪਹਿਲਾ ਧਾਰਮਿਕ ਗੀਤ "ਬੇਗਮਪੁਰ ਦਾ ਮਾਹੀ" ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਪ੍ਰਕਾਸ਼ ਉਤਸਵ ਤੇ ਸਾਊਂਡ ਵੇਵਜ਼ ਮਿਊਜ਼ਿਕ ਕੰਪਨੀ ਅਤੇ ਪੀ ਐੈਮ ਪ੍ਰੋਡਕਸ਼ਨ ਯੂ ਐਸ ਏ ਵਲੋਂ ਪਿਛਲੇ ਦਿਨੀ ਰਿਲੀਜ ਕੀਤਾ ਗਿਆ।

ਇਸ ਗੀਤ ਦੀ ਪੇਸ਼ਕਸ਼ ਸੁਰਿੰਦਰ ਮਾਹੀ ਯੂ ਐਸ ਏ ਦੀ ਹੈ ਤੇ ਪ੍ਰੋਡਿਊਸਰ ਰਣਜੀਤ ਮਾਹੀ ਹਨ ਅਤੇ ਪ੍ਰੋਜੈਕਟ ਅਮਨ ਕੁਮਾਰ ਮਾਹੀ ਦਾ ਹੈ। ਗਾਇਕ ਪਵਨ ਮਾਹੀ ਦੀ ਸੁਰੀਲੀ ਅਵਾਜ਼ ਵਿਚ "ਬੇਗ਼ਮਪੁਰ ਦਾ ਮਾਹੀ"ਗੀਤ ਦੀ ਸੂਟਿੰਗ ਵਰਲਡ ਫੇਮਸ ਵੀਡੀਉ ਡਾਇਰੈਕਟਰ ਰਿੱਕੀ ਪਾਲ -ਯੂਐਸਏ ਵੱਲੋਂ ਅਮੇਰਿਕਾ ਦੀਆਂ ਬਹੁਤ ਹੀ ਸੋਹਣੀਆਂ ਲੋਕੇਸ਼ਨਾ ਤੇ ਕੀਤੀ ਗਈ ਹੈ। ਇਸ ਗੀਤ ਦਾ ਸੰਗੀਤ ਹਮੇਸ਼ਾ ਦੀ ਤਰਾਂ ਸਾਹਿਬ ਹੀਰਾ ਜੀ ਵਲੋਂ ਤਿਆਰ ਕੀਤਾ ਗਿਆ ਹੈ। ਇਹ ਗੀਤ ਵਿਸ਼ਵ ਪੱਧਰ ਤੇ YouTube, ਫੇਸਬੁੱਕ ਅਤੇ ਵੱਖ - ਵੱਖ ਸ਼ੋਸ਼ਲ ਸਾਇਟਾਂ ਉੱਪਰ ਰਿਲੀਜ਼ ਕੀਤਾ ਗਿਆ ਹੈ। ਇਸ ਗੀਤ ਦੀ ਆਡੀਓ ਸਾਰੇ ਹੀ ਮੁਸਿਚ ਪਲੇਟਫਾਰਮ ਜਿਵੇਂਕਿ Apple Muisc, Hungama, Gaana, Spoitfy ਉੱਪਰ ਉੱ-ਪਲੱਬਧ ਹੈ । ਪਵਨ ਮਾਹੀ ਦੇ ਇਸ ਪਹਿਲੇ ਧਾਰਮਿਕ ਟਰੈਕ ਨੂੰ ਸੰਗਤ ਵੱਲੋਂ ਬਹੁਤ ਪਿਆਰ ਮਿਲ ਰਿਹਾ ਹੈ। ਉਮੀਦ ਕਰਦੇ ਹਾਂ ਕਿ ਤੁਸੀਂ ਸਾਡੇ ਵਲੋਂ ਤਿਆਰ ਕੀਤੇ ਹਰ ਪ੍ਰਾਜੈਕਟ ਨੂੰ ਇਸੇ ਤਰਾਂ ਪਿਆਰ ਬਖਸ਼ੋਗੇ।

# 17 ਮਾਰਚ ਨੂੰ ਕਰੇਜੋ ਦੀ ਫੌਸਦੋਨਦੋ ਰੀਜੋਇਮੀਲੀਆ ਵਿਖੇ ਮਨਾਏ ਜਾ ਰਹੇ ਗੁਰਪੁਰਬ ਪ੍ਰਤੀ ਸੰਗਤਾਂ ਚ ਭਾਰੀ ਉਤਸ਼ਾਹ

**ਮਿਲਾਨ (ਇਟਲੀ) (ਟੇਕਚੰਦ ਜਗਤਪੁਰ)-** ਸਮੁੱਚੀ ਮਨੁੱਖਤਾ ਦੇ ਮਸੀਹਾ, ਮਹਾਨ ਕ੍ਰਾਂਤੀਕਾਰੀ ਧੰਨ ਧੰਨ ਸਤਿਗੁਰ ਰਵਿਦਾਸ ਜੀ ਮਹਾਰਾਜ ਦੇ ਆਗਮਨ ਪੂਰਬ ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਜੋਇਮੀਲੀਆ ਵਲੋ ਵਿਸ਼ੇਸ਼ ਸਮਾਗਮ ਦਾ ਆਯੋਜਨ 17ਮਾਰਚ ਨੂੰ ਫੌਸਦੋਨਦੋ ਦੀ ਕਰੇਜੋ ਵਿਖੇ ਹੋਵੇਗਾ। ਗੁਰਪੁਰਬ ਦੇ ਸਬੰਧ ਵਿੱਚ ਹੋ ਰਹੇ ਇਸ ਸਮਾਗਮ ਪ੍ਰਤੀ ਸੰਗਤਾਂ ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਇਸ ਸਮਾਗਮ ਸਬੰਧੀ ਗੱਲਬਾਤ ਕਰਦਿਆ ਪ੍ਰਧਾਨ ਕਸ਼ਮੀਰ ਲਾਲ ਮਹਿੰਮੀ, ਜ. ਸਕੱਤਰ ਸੋਡੀ ਮਲ ਅਤੇ ਗਾਇਕ ਪੰਮਾ ਲਧਾਣਾ ਨੇ ਦੱਸਿਆ ਕਿ 17 ਮਾਰਚ ਦਿਨ ਐਤਵਾਰ ਨੂੰ ਅਮ੍ਰਿੰਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੇ ਆਖੰਡ ਜਾਪ ਦੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ,ਜਿਸ ਵਿਚ ਮਹਾਨ ਪ੍ਰਚਾਰਕ ਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸ ਤੋ ਸੰਗਤਾਂ ਨੂੰ ਜਾਣੂ ਕਰਵਾਉਣਗੇ। ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਸ ਸਮਾਗਮ ਵਿੱਚ ਵਧ-ਚੜ ਕੇ ਸ਼ਮੂਲੀਅਤ ਕਰਨ।


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

# ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡ ਮੰਡੀ ਵੱਲੋਂ ਮਿਸ਼ਨਰੀ ਗਾਇਕ ਰਾਜ ਦਦਰਾਲ ਦਾ ਗੋ.ਲਡ-ਮੈਡਲ ਨਾਲ ਸਨਮਾਨ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ) -** ਧੰਨ-ਧੰਨ ਸਤਿਗੁਰੂ ਜਗਤ ਗੁਰੂ ਸ੍ਰੀ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਤੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡ ਮੰਡੀ ਵੱਲੋਂ ਮਿਸ਼ਨਰੀ ਸਾਥੀ ਧਰਮਪਾਲ ਕਲੇਰ ਜਰਮਨੀ ਜੀ ਦੇ ਸਹਿਯੋਗ ਸਦਕਾ ਮਿਸ਼ਨਰੀ ਗਾਇਕ ਰਾਜ ਦਦਰਾਲ ਜੀ ਦਾ ਗੋਲਡ-ਮੈਡਲ ਨਾਲ ਸਨਮਾਨ ਕੀਤਾ ਗਿਆ ਗਾਇਕ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਪ੍ਰੋਡਿਊਸਰ ਪੰਮਾ ਕਲੇਰ ਜੀ ਨੇ ਦੱਸਿਆ ਕਿ ਮਿਸ਼ਨਰੀ ਗਾਇਕ ਰਾਜ ਦਦਰਾਲ ਜੀ ਨੇ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ, ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬੀ ਆਰ ਡਾ:ਅੰਬੇਡਕਰ ਸਾਹਿਬ




ਜੀ ਅਤੇ ਯੁੱਗ ਪੁਰਸ਼ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਅਤੇ ਆਪਣੇ ਰਹਿਬਰਾਂ ਦੇ ਮਿਸ਼ਨ ਤੇ ਸੈਂਕੜੇ ਕ੍ਰਾਂਤੀਕਾਰੀ ਗੀਤ ਆਪਣੀ ਬਲੁੰਦ ਅਵਾਜ਼ ਵਿੱਚ ਗਾਕੇ ਸਮਾਜ ਦੀ ਝੋਲੀ ਵਿੱਚ ਪਾਏ ਹਨ ਗਾਇਕ ਰਾਜ ਦਦਰਾਲ ਦੀ ਸਖ਼ਤ ਮਿਹਨਤ ਦੇਖਕੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਿਸ਼ਨਰੀ ਸਾਥੀ ਧਰਮਪਾਲ ਕਲੇਰ ਜੀ ਨੇ ਰਾਜ ਦਦਰਾਲ ਜੀ ਨੂੰ ਗੋ.ਲਡ-ਮੈਡਲ ਨਾਲ ਸਨਮਾਨਿਤ ਕਰਨ ਦਾ ਫੈਸਲਾ ਲਿਆ ਇਸ ਮੌਕੇ ਮਿਸ਼ਨਰੀ ਗਾਇਕ ਰਾਜ ਦਦਰਾਲ ਪਹੁੰਚੇ ਪ੍ਰਸਿੱਧ ਗੀਤਕਾਰ ਮੱਖਣ ਬਖਲੌਰ ਗਾਇਕਾ ਸਰਬਜੀਤ ਮੱਟੂ ਮਿਊਜਕ ਡਾਇਰੈਕਰ ਸਾਬੀ ਮਰੁੰਦਪੁਰ ਰਾਜ ਕੁਮਾਰ ਵਾਹੜੋਵਾਲ ਬਲਵਿੰਦਰ ਕਲੇਰ ਸੰਜੀਵ ਕੁਮਾਰ ਨਵਾਂਸ਼ਹਿਰ ਗਾਇਕ ਰਾਜ ਦਦਰਾਲ ਜੀ ਦਾ ਗੋ.ਲਡ-ਮੈਡਲ ਨਾਲ ਕਰਨ ਸਮੇਂ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡ ਮੰਡੀ ਦੇ ਅਹੁੱਦੇਦਾਰ ਪ੍ਰਧਾਨ ਪ੍ਰੇਮ ਕੁਮਾਰ ਸੈਕਟਰੀ ਹਰਮੇਸ਼ ਲਾਲ ਕਲੇਰ ਖਜਾਨਚੀ ਰਵਿੰਦਰ ਕੁਮਾਰ ਨੰਬਰਦਾਰ ਕੇਸ਼ੀ ਕਲੇਰ ਹੈਪੀ ਲੋਈ ਦੀਪੂ ਲੋਈ ਜੀ ਹਾਜ਼ਰ ਸਨ।

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

ਪੁਰਾਣੇ ਟਾਇਰਾਂ ਦੀ ਸੇਲ
ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop

## ਡੀਟੀਐੱਫ ਵੱਲੋਂ ਕੰਪਿਊਟਰ ਅਧਿਆਪਕਾਂ ਤੇ ਹੋਏ ਲਾਠੀਚਾਰਜ਼ ਦੀ ਸਖ਼ਤ ਨਿਖੇਧੀ

**ਚੰਡੀਗੜ੍ਹ, (ਦਲਜੀਤ ਕੌਰ)** ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਸੇਵਾਵਾਂ ਪੂਰੇ ਤਨਖਾਹ ਸਕੇਲਾਂ ਸਮੇਤ ਸਿੱਖਿਆਂ ਵਿਭਾਗ ਚ ਮਰਜ਼ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰ ਰਹੇ ਪੰਜਾਬ ਦੇ ਕੰਪਿਊਟਰ ਅਧਿਆਪਕਾਂ ਤੇ ਚੰਡੀਗੜ੍ਹ ਵਿਖੇ ਚੰਡੀਗੜ੍ਹ ਪੁਲਿਸ ਵੱਲੋਂ



ਲਾਠੀਚਾਰਜ ਕਰਨ ਅਤੇ ਉਹਨਾਂ ਨੂੰ ਜੇਲ੍ਹਾਂ ਚ ਡੱਕਣ ਦੀ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਸਖ਼ਤ ਨਿਖੇਧੀ ਕਰਦਿਆਂ ਕੰਪਿਊਟਰ ਅਧਿਆਪਕਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ।

ਡੀਟੀਐੱਫ ਦੇ ਸੂਬਾਈ ਆਗੂਆਂ ਜਗਪਾਲ ਬੰਗੀ, ਬੇਅੰਤ ਫੂਲੇਵਾਲਾ, ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਰਘਵੀਰ ਭਵਾਨੀਗੜ੍ਹ, ਜਸਵਿੰਦਰ ਔਜਲਾ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸ਼ਨ, ਪਵਨ ਕੁਮਾਰ ਮੁਕਤਸਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ ਅਤੇ ਸੁਖਦੇਵ ਡਾਨਸੀਵਾਲ ਨੇ ਅਧਿਆਪਕਾਂ ਨੂੰ ਪੁਲਿਸ ਹਿਰਾਸਤ ਵਿਚ ਲੈਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੰਗਾਂ ਮੰਨਣ ਦੀ ਬਜਾਏ ਡਰਾ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਕੰਪਿਊਟਰ ਆਪਣੀ ਜਾਇਜ਼ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ, ਪਰ ਸਰਕਾਰ ਨੇ ਅਜੇ ਤੱਕ ਉਨ੍ਹਾਂ ਦੀ ਮੰਗ ਵੱਲ ਧਿਆਨ ਨਹੀਂ ਦਿੱਤਾ। ਅੱਜ ਜਦੋਂ ਉਹ ਆਪਣੀ ਮੰਗ ਲੈ ਕੇ ਵਿਧਾਨ ਸਭਾ ਵੱਲ ਵਧੇ ਤਾਂ ਸਰਕਾਰ ਨੇ ਗੱਲ ਸੁਣਨ ਦੀ ਬਜਾਏ ਥਾਣਿਆਂ ਵਿੱਚ ਭੇਜ ਦਿੱਤਾ ਜੋ ਬਹੁਤ ਨਿੰਦਣਯੋਗ ਹੈ। ਮੰਗਾਂ ਨੂੰ ਲੈਕੇ ਪੰਜਾਬ ਸਰਕਾਰ ਖ਼ਿਲਾਫ਼ ਤਿੱਖਾ ਸੰਘਰਸ਼ ਕਰ ਰਹੇ ਪੰਜਾਬ ਦੇ ਕੰਪਿਊਟਰ ਅਧਿਆਪਕਾਂ ਵੱਲੋਂ ਅੱਜ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰਦੇ ਸਮੇਂ ਕੰਪਿਊਟਰ ਅਧਿਆਪਕਾਂ ਉੱਤੇ ਪੁਲਿਸ ਵੱਲੋਂ ਲਾਠੀਚਾਰਜ਼ ਕਰਕੇ ਵੱਖ-ਵੱਖ ਬੱਸਾਂ ਵਿੱਚ ਜ਼ਬਰੀ ਬਿਠਾ ਕੇ ਥਾਣਿਆਂ ਵਿੱਚ ਬੰਦ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਕੰਪਿਊਟਰ ਅਧਿਆਪਕ ਪਿਛਲੇ ਲਗਪਗ ਅਠਾਰਾਂ ਸਾਲਾਂ ਤੋਂ ਸਿੱਖਿਆ ਵਿਭਾਗ ਅਧੀਨ ਸਕੂਲਾਂ ਚ ਸੇਵਾਵਾਂ ਨਿਭਾਅ ਰਹੇ ਹਨ, ਪ੍ਰੰਤੂ ਸਰਕਾਰ ਦੁਆਰਾ ਇਹਨਾਂ ਅਧਿਆਪਕਾਂ ਨੂੰ ਸੁਸਾਇਟੀ ਅਧੀਨ ਰੱਖ ਕੇ ਇਹਨਾਂ ਦਾ ਆਰਥਿਕ ਤੇ ਮਾਨਸਿਕ ਸੋਸਣ ਕੀਤਾ ਜਾ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਪਿਛਲੇ ਸਾਲ ਮੁੱਖ ਮੰਤਰੀ ਭਗਵੰਤ ਮਾਨ ਦੁਆਰਾ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ 'ਚ ਮਰਜ਼ ਕਰਨ ਸਬੰਧੀ ਸੋਸ਼ਲ ਮੀਡੀਆ ਤੇ ਬਿਆਨ ਜਾਰੀ ਕੀਤਾ ਗਿਆ ਸੀ ਕਿ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ 'ਚ ਮਰਜ਼ ਕਰਕੇ ਦੀਵਾਲੀ ਦਾ ਤੋਹਫ਼ਾ ਦੇਣਗੇ, ਪ੍ਰੰਤੂ ਉਹਨਾਂ ਦਾ ਐਲਾਨ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ।

## ਬੇਗਮਪੁਰ ਵਿਖੇ ਸ਼ਰਧਾ ਨਾਲ ਮਨਾਇਆ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ 647ਵਾਂ ਪ੍ਰਕਾਸ਼ ਦਿਹਾੜਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿੰਡ ਬੇਗਮਪੁਰ ਤਹਿਸੀਲ ਫਗਵਾੜਾ ਦੀ ਪ੍ਰਬੰਧਕ ਕਮੇਟੀ ਵਲੋਂ ਗ੍ਰਾਮ ਪੰਚਾਇਤ, ਐਨ.ਆਰ.ਆਈ. ਵੀਰਾਂ ਅਤੇ ਸਮੂਹ ਨਗਰ ਦੀਆਂ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਗ੍ਰੰਥੀ ਭਾਈ ਦਵਿੰਦਰ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਪਰੰਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਸੰਤ ਪ੍ਰੀਤਮ ਦਾਸ ਜੀ ਸੰਗਤਪੁਰ ਵਾਲਿਆਂ ਅਤੇ ਭਾਈ ਅਜੈਬੀਰ ਸਿੰਘ ਮਾਹੂਵਾਲ ਵਾਲਿਆਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਸੰਤ ਜਸਵੰਤ ਦਾਸ ਜੀ ਰਾਵਲਪਿੰਡ, ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਅਤੇ ਰਾਜ ਦੇਵਾ ਜੀ ਸੰਗਤਪੁਰ ਵਾਲਿਆਂ ਨੇ ਆਈਆਂ ਹੋਈਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ ਅਤੇ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਆ। ਪ੍ਰਬੰਧਕਾਂ ਵਲੋਂ ਸਹਿਯੋਗੀਆਂ ਦਾ ਧੰਨਵਾਦ ਕਰਦੇ ਹੋਏ ਪ੍ਰਮੁਖ ਸ਼ਖਸੀਅਤਾਂ, ਸੇਵਾਦਾਰਾਂ ਤੇ ਸਹਿਯੋਗੀਆਂ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਭੇਂਟ ਕੀਤੇ ਗਏ। ਸਟੇਜ ਦੀ ਸੇਵਾ ਤੇਜਪਾਲ ਬੇਗਮਪੁਰੀ ਨੇ ਬਾਖੂਬੀ ਨਿਭਾਈ। ਚਾਹ ਪਕੌੜੇ ਅਤੇ ਲੰਗਰ ਦੀ ਸੇਵਾ ਸੇਵਾਦਾਰਾਂ ਵਲੋਂ ਤਨਦੇਹੀ ਨਾਲ ਨਿਭਾਈ ਗਈ। ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜਰੀਆਂ ਭਰ ਕੇ ਗੁਰੂ ਮਹਾਰਾਜ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਪਰਮਜੀਤ, ਪਵਨ ਸੋਨੂੰ, ਬਲਵੰਤ ਸਿੰਘ ਸਾਬਕਾ ਸਰਪੰਚ, ਕੁਲਦੀਪ, ਗਾਮਾ, ਮੋਹਨ ਲਾਲ, ਬੀਬੀ ਕਸ਼ਮੀਰ ਕੌਰ ਸਰਪੰਚ ਬੇਗਮਪੁਰ, ਲਾਲਾ ਚਮਨ ਲਾਲ, ਰਾਜ ਕੁਮਾਰ ਰਾਜੂ, ਕਾਬੁਲ ਰਾਮ, ਦੀਪਾ, ਚਮਨ ਲਾਲ ਸਾਬਕਾ ਸਰਪੰਚ, ਪਰਸ ਰਾਮ ਆਦਿ ਵੀ ਹਾਜਰ ਸਨ।



## ਕੌਮਾਂਤਰੀ ਔਰਤ ਦਿਹਾੜੇ ਨੂੰ ਸਮਰਪਤ ਵਿਚਾਰ-ਚਰਚਾ 9 ਮਾਰਚ ਨੂੰ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕੌਮਾਂਤਰੀ ਔਰਤ ਦਿਹਾੜੇ ਨੂੰ ਸਮਰਪਤ ਵਿਚਾਰ-ਚਰਚਾ 9 ਮਾਰਚ ਦਿਨ ਸ਼ਨਿਚਰਵਾਰ ਸਵੇਰੇ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਕੀਤੀ ਜਾਏਗੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਵਿਚਾਰ-ਚਰਚਾ 'ਚ ਮੁੱਖ ਵਕਤਾ ਵੈਨਕੋਵਰ (ਕਨੇਡਾ) ਦੇ ਜਾਣੇ-ਪਹਿਚਾਣੇ ਬਰਾਡਕਾਸਟਰ, ਦਾ ਨਵਜੋਤ ਢਿੱਲੋਂ ਪੇਜ ਦੀ ਚਰਚਿਤ ਸਖਸ਼ੀਅਤ, ਰੈੱਡ ਐਫ.ਐਮ. ਦੇ ਸਾਬਕਾ ਨੈਸ਼ਨਲ ਨਿਊਜ਼ ਡਾਇਰੈਕਟਰ, ਸਮਾਜਕ ਸਰੋਕਾਰਾਂ ਅਤੇ ਔਰਤ ਹੱਕਾਂ ਦੀ ਬੁਲੰਦ ਆਵਾਜ਼ ਨਵਜੋਤ ਢਿੱਲੋਂ ਹੋਣਗੇ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਇਸ ਸਮਾਗਮ ਨੂੰ ਕਾਮਯਾਬ ਕਰਨ ਲਈ ਸਮੂਹ ਲੋਕ-ਪੱਖੀ ਸੰਸਥਾਵਾਂ ਅਤੇ ਪ੍ਰਦੇਸਾਂ 'ਚ ਵਸਦੇ, ਦੇਸ਼ ਭਗਤ ਯਾਦਗਾਰ ਹਾਲ ਨਾਲ ਜੁੜੇ ਪੰਜਾਬ ਆਏ ਵਿਅਕਤੀਆਂ, ਪਰਿਵਾਰਾਂ ਨੂੰ ਵੀ ਉਚੇਚਾ ਬੁਲਾਵਾ ਭੇਜਿਆ ਜਾ ਰਿਹਾ ਹੈ। ਅੱਜ ਇਸ ਸਮਾਗਮ ਨੂੰ ਅੰਤਿਮ ਛੋਹਾਂ ਦੇਣ ਵੇਲੇ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਕਮੇਟੀ ਮੈਂਬਰ ਪ੍ਰੋ. ਗੋਪਾਲ ਬੁੱਟਰ, ਕੁਲਬੀਰ ਸੰਘੇੜਾ ਵੀ ਹਾਜ਼ਰ ਸਨ।






# ਪੰਜਾਬ ਸਰਕਾਰ ਵੱਲੋਂ ਪ੍ਰੀ-ਨਰਸਰੀ ਦੇ ਨਾਂ ਤੇ ਸਕੂਲਾਂ ਵਿਚ ਬੱਚੇ ਭੇਜਣ ਦੇ ਨੋਟਿਸ ਦੀਆਂ ਕਾਪੀਆਂ ਸਾੜਦਿਆਂ ਰੋਸ ਪ੍ਰਗਟਾਇਆ






**ਜਲੰਧਰ–** ਆਂਗਨਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਵੱਲੋਂ ਪੰਜਾਬ ਸਰਕਾਰ ਵੱਲੋਂ ਪ੍ਰੀ-ਨਰਸਰੀ ਦੇ ਨਾਂ ਤੇ ਸਕੂਲਾਂ ਵਿਚ ਬੱਚੇ ਭੇਜਣ ਦੇ ਨੋਟਿਸ ਦੀਆਂ ਕਾਪੀਆਂ ਸਾੜਦਿਆਂ ਰੋਸ ਪ੍ਰਗਟ ਕੀਤਾ ਅਤੇ ਇਕੱਤਰ ਹੋ ਕੇ ਕੇਂਦਰ ਅਤੇ ਪੰਜਾਬ ਸਰਕਾਰ ਦੇ ਨੀਤੀਗਤ ਹਮਲਿਆਂ ਖਿਲਾਫ ਜਥੇਬੰਦਕ ਰੋਸ ਦਰਜ ਕਰਦੇ ਹੋਏ ਸਾਰੇ ਸਰਕਲਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਭਾਗ ਲੈਂਦੇ ਹੋਏ ਵਫਦ ਦੇ ਰੂਪ ਵਿਚ ਡਿਪਟੀ ਕਮਿਸ਼ਨਰ ਨੂੰ ਸੰਘਰਸ਼ ਦਾ ਨੋਟਿਸ ਪੰਜਾਬ ਸਰਕਾਰ ਨੂੰ ਭੇਜਿਆ।

ਵਫਦ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਆਗੂ ਨੇ ਕਿਹਾ ਕਿ ਅੱਜ ਦੇਸ਼ ਭਰ ਵਿਚ ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਹਰ ਵਰਗ ਸੰਘਰਸ਼ ਕਰ ਰਿਹਾ ਹੈ। ਕੇਂਦਰ ਸਰਕਾਰ ਦੀਆਂ ਨੀਤੀਆਂ ਅਤੇ ਨੀਅਤ ਦੋਵੇਂ ਹੀ ਕਾਰਪੋਰੇਟ ਨੂੰ ਮਜ਼ਬੂਤ ਕਰਨ ਵਾਲੀਆਂ ਹਨ, ਲਗਾਤਾਰ ਅਮੀਰੀ ਵਿਚ ਤਾਂ ਅਸੀਂ ਸੰਸਾਰ ਵਿਚ ਤੀਜਾ ਸਥਾਨ ਪ੍ਰਾਪਤ ਕਰ ਲਿਆ ਹੈ ਪਰ ਭੁੱਖਮਰੀ ਵਿਚ ਅਸੀਂ 137ਵੇਂ ਸਥਾਨ ’ਤੇ ਆ ਗਏ ਹਾਂ।

ਅੱਜ ਦੇਸ਼ ਵਿਚ ਕੁਪੋਸ਼ਣ ਦਰ ਪਹਿਲਾਂ ਨਾਲੋਂ ਵੀ ਜ਼ਿਆਦਾ ਵੱਧ ਗਈ ਹੈ। ਕੁਪੋਸ਼ਣ ਨੂੰ ਦੂਰ ਕਰਨ ਦੀਆਂ ਗੱਲਾਂ ਤਾਂ ਕੀਤੀਆਂ ਜਾਂਦੀਆਂ ਹਨ ਪਰ ਸੱਚਮੁਚ ਕੁਪੋਸ਼ਣ ਨੂੰ ਦੂਰ ਕਰਨ ਵਾਸਤੇ ਕੇਂਦਰ ਸਰਕਾਰ ਵੱਲੋਂ ਬਣਦਾ ਬਜਟ ਵੀ ਪੂਰਾ ਜਾਰੀ ਨਹੀਂ ਕੀਤਾ ਜਾਂਦਾ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬ ਸਰਕਾਰ ਵੱਲੋਂ ਵੀ ਦੋਗਲੀ ਨੀਤੀ ਅਪਣਾਈ ਜਾ ਰਹੀ ਹੈ। ਮਾਨਯੋਗ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਵੱਲੋਂ ਤਿੰਨ ਤੋਂ ਛੇ ਸਾਲ ਦੇ ਬੱਚੇ ਆਂਗਨਵਾੜੀ ਕੇਂਦਰਾਂ ਵਿਚ ਹੀ ਰੱਖਣ ਦਾ ਵਿਸ਼ਵਾਸ ਦਿੱਤਾ ਜਾਂਦਾ ਹੈ ਅਤੇ ਦੂਜੇ ਪਾਸੇ ਆਂਗਨਵਾੜੀ ਕੇਂਦਰਾਂ ਦੀ ਰੀੜ ਦੀ ਹੱਡੀ ਖੋ ਕੇ ਸਕੂਲਾਂ ਵਿਚ ਭਰਤੀ ਕਰਨ ਦਾ ਆਨਲਾਈਨ ਐਲਾਨ ਹੁੰਦਾ ਹੈ। ਜੋ ਕਿ ਚਾਈਲਡ ਰਾਈਟ ਦਾ ਘਾਣ ਹੈ। ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਜ਼ਰੂਰੀ ਹੈ ਕਿ ਬੱਚੇ ਨੂੰ ਪੰਜ ਸਾਲ ਤੱਕ ਰਸਮੀ ਵਿੱਦਿਆ ਵਚ ਸ਼ਾਮਲ ਨਾ ਕਰਦੇ ਹੋਏ ਬਚਪਨ ਨੂੰ ਵਧਣ ਫੁੱਲਣ ਦਿੱਤਾ ਜਾਵੇ। ਜੇਕਰ ਅਸੀਂ ਕਰੋਨਾਂ ਦੇ ਦਿਨਾਂ ਨੂੰ ਨੋਟ ਕਰੀਏ ਤਾਂ ਬੱਚੇ ਘਰਾਂ ਵਿਚ ਰਹਿ ਕੇ ਔਸਤਨ ਲੰਮੇ ਅਤੇ ਸਿਹਤਮੰਦ ਹੋਏ ਹਨ ਪਰ ਪੰਜਾਬ ਸਰਕਾਰ ਵੱਲੋਂ ਨਰਸਰੀ ਦੇ ਨਾਂ ਤੇ ਸਕੂਲਾਂ ਵਿਚ ਭਰਤੀ ਨਾਲ ਆਂਗਨਵਾੜੀਆਂ ਦੀ ਮਹੱਤਤਾ ਖਤਮ ਹੋ ਜਾਂਦੀ ਹੈ, ਜਿਸ ਨੂੰ ਲੈ ਕੇ ਸੂਬੇ ਦੀਆਂ 54 ਹਜ਼ਾਰ ਵਰਕਰਾਂ ਹੈਲਪਰਾਂ ਵਿਚ ਤਿੱਖਾ ਰੋਸ ਹੈ ਕਿਉਂਕਿ ਸਰਕਾਰ ਦੀ ਇਹ ਪ੍ਰਕਿਰਿਆ ਆਂਗਨਵਾੜੀ ਕੇਂਦਰਾਂ ਨੂੰ ਖਾਤਮੇ ਵੱਲ ਲੈ ਕੇ ਜਾਣ ਵਾਲੀ ਹੈ। ਆਂਗਨਵਾੜੀ ਕੇਂਦਰਾਂ ਦੀ ਰੌਣਕ ਤਿੰਨ ਤੋਂ ਛੇ ਸਾਲ ਦੇ ਬੱਚਿਆਂ ਦੀ ਵਾਪਸੀ ਅਤੇ ਸਕੂਲ ਲਿਵਿੰਗ ਸਰਟੀਫਿਕੇਟ ਜਾਰੀ ਕਰਵਾਉਣ ਲਈ ਹੈ।

**– ਜਸਪਾਲ ਕੁਮਾਰ**





ਐਸ. ਸੀ. ਸਮਾਜ ਦੇ ਸੰਵਿਧਾਨਕ ਹੱਕਾਂ ਲਈ ਇਕ ਜਾਗਰੁਕਤਾ ਮਾਰਚ 1 ਮਾਰਚ ਨੂੰ ਸ਼ਾਮ 4 ਵਜੇ ਭੰਡਾਰੀ ਪੁਲ ਪਾਰਕਿੰਗ ਤੋਂ ਬਾਬਾ ਸਾਹਿਬ ਅੰਬੇਡਕਰ ਜੀ ਦੀ ਪ੍ਰਤਿਮਾ, ਸ੍ਰੀ ਦਰਬਾਰ ਸਾਹਿਬ ਦੇ ਬਾਹਰ ਹੈਰੀਟੇਜ ਸਟ੍ਰੀਟ ੱਕ ਕੱਢੀ ਗਈ। ਇਸ ਮੌਕੇ ਮੰਗ ਰੱਖੀ ਗਈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਤੇ ਕੱਚੇ ਸਫਾਈ ਸੇਵਕਾਂ ਦੇ ਹੱਕ ਬਰਕਰਾਰ ਰੱਖੇ ਜਾਣ। **– ਜਸਪਾਲ ਕੁਮਾਰ**






# ਪ੍ਰੀ ਮੈਟ੍ਰਿਕ ਵਜੀਫੇ ਲਈ ਘੱਟ ਅਪਲਾਈ ਹੋਣ ਪਿੱਛੇ ਸਿੱਖਿਆ ਵਿਭਾਗ ਦੀਆਂ ਬੇਲੋੜੀਆਂ ਸ਼ਰਤਾਂ ਜਿੰਮੇਵਾਰ: ਡੀਟੀਐੱਫ

**ਚੰਡੀਗੜ੍ਹ, (ਦਲਜੀਤ ਕੌਰ)–** ਸਕੂਲ ਸਿੱਖਿਆ ਵਿਭਾਗ ਵੱਲੋਂ ਪਹਿਲਾਂ ਦੇ ਮੁਕਾਬਲੇ ਆਮਦਨ, ਜਾਤੀ ਅਤੇ ਰਿਹਾਇਸ਼ ਸਰਟੀਫਿਕੇਟਾਂ ਦੀਆਂ ਲਗਾਈਆਂ ਨਵੀਆਂ ਸਖ਼ਤ ਸ਼ਰਤਾਂ ਕਾਰਨ ਦਰਪੇਸ਼ ਔਕੜਾਂ ਦੇ ਮੱਦੇਨਜ਼ਰ ਇਸ ਵਰ੍ਹੇ ਪ੍ਰੀ ਮੈਟ੍ਰਿਕ ਐੱਸ।ਸੀ। ਵਜੀਫੇ ਲਈ ਘੱਟ ਵਿਦਿਆਰਥੀਆਂ ਵੱਲੋਂ ਅਪਲਾਈ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਤਰਨਤਾਰਨ ਵੱਲੋਂ 126 ਦੇ ਕਰੀਬ ਸਕੂਲ ਮੁੱਖੀਆਂ ਨੂੰ 35% ਤੋਂ ਘੱਟ ਅਪਲਾਈ ਹੋਣ ਦੇ ਹਵਾਲੇ ਨਾਲ 'ਕਾਰਨ ਦੱਸੋ' ਨੋਟਿਸ ਜ਼ਾਰੀ ਕਰਨ ਵਿਰੁੱਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ।ਟੀ।ਐੱਫ।) ਨੇ ਸਖ਼ਤ ਇਤਰਾਜ਼ ਦਰਜ਼ ਕਰਵਾਇਆ ਹੈ।



ਡੀ।ਟੀ।ਐੱਫ। ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਬਿਆਨ ਜ਼ਾਰੀ ਕਰਦਿਆਂ ਕਿਹਾ ਕਿ ਜਮੀਨੀ ਹਕੀਕਤਾਂ ਤੋਂ ਕੋਰੇ ਉੱਚ ਸਿੱਖਿਆ ਅਧਿਕਾਰੀਆਂ ਦੇ ਦਬਾਅ ਹੇਠ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਸਕੂਲ ਮੁੱਖੀਆਂ ਨੂੰ ਅਜਿਹੇ ਨੋਟਿਸ ਜ਼ਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕੇ ਜਿੱਥੇ ਪਹਿਲਾਂ ਪਿਤਾ ਦੇ ਜਾਤੀ ਸਰਟੀਫਿਕੇਟ ਦੇ ਅਧਾਰ 'ਤੇ ਵਜੀਫਾ ਅਪਲਾਈ ਹੋ ਜਾਂਦਾ ਸੀ, ਉੱਥੇ ਹੁਣ ਵਿਦਿਆਰਥੀ ਦਾ ਆਪਣਾ ਮੰਗਿਆਂ ਜਾ ਰਿਹਾ ਹੈ। ਪਹਿਲਾਂ ਆਮਦਨ ਅਤੇ ਰਿਹਾਇਸ਼ ਸਰਟੀਫਿਕੇਟ ਦੀ ਥਾਂ ਵਿਦਿਆਰਥੀ ਵੱਲੋਂ ਸਰਪੰਚ ਤੋਂ ਤਸਦੀਕਸ਼ੁਦਾ ਸਵੈ ਘੋਸ਼ਣਾ ਹੀ ਕਾਫੀ ਹੁੰਦੀ ਸੀ। ਵਿਭਾਗ ਵੱਲੋਂ ਲਾਈਆਂ ਨਵੀਆਂ ਗੈਰ ਵਾਜਿਬ ਸ਼ਰਤਾਂ ਪੂਰੀਆਂ ਕਰਨੀਆਂ ਦਿਹਾੜੀਦਾਰਾਂ ਅਤੇ ਹੋਰਨਾਂ ਕਿਰਤੀਆਂ ਲਈ ਬੜੀ ਟੇਡੀ ਖੀਰ ਸਾਬਿਤ ਹੋ ਰਿਹਾ ਹੈ। ਕਈ ਕਈ ਦਿਨ ਦਿਹਾੜੀ ਛੁੱਟਣ ਅਤੇ ਭਾਰੀ ਖੱਜਲਖੁਆਰੀ ਦੇ ਚੱਲਦਿਆਂ ਲੋੜਬੰਦ ਹੋਣ ਦੇ ਬਾਵਜੂਦ ਵਿਦਿਆਰਥੀਆਂ ਦੇ ਮਾਪੇ ਵਜ਼ੀਫ਼ਾ ਨਾ ਲੈਣ ਨੂੰ ਹੀ ਤਰਜੀਹ ਦੇ ਰਹੇ ਹਨ।

ਜਥੇਬੰਦੀ ਵੱਲੋਂ ਇਹਨਾਂ ਨਵੀਆਂ ਸ਼ਰਤਾਂ ਨੂੰ ਵਾਪਸ ਲੈਣ ਅਤੇ ਵਜੀਫਾ ਰਾਸ਼ੀ ਵਧਾਉਣ ਨੂੰ ਲੈ ਕੇ ਪਿਛਲੇ ਸਮੇਂ ਵਿੱਚ ਜਿਲ੍ਹਾ ਪੱਧਰ 'ਤੇ ਪੰਜਾਬ ਸਰਕਾਰ ਵੱਲ 'ਮੰਗ ਪੱਤਰ' ਵੀ ਭੇਜੇ ਗਏ ਸਨ। ਪ੍ਰੰਤੂ ਸਾਰੇ ਵਿਦਿਆਰਥੀਆਂ ਨੂੰ ਵਜੀਫਾ ਮਿਲਣਾ ਯਕੀਨੀ ਬਨਾਉਣ ਲਈ ਪ੍ਰਕ੍ਰਿਆ ਨੂੰ ਅਸਾਨ ਕਰਨ ਦੀ ਥਾਂ ਸਿੱਖਿਆ ਵਿਭਾਗ ਵੱਲੋਂ ਸਕੂਲ ਮੁੱਖੀਆਂ ਨੂੰ ਹੀ ਨਿਸ਼ਾਨੇ 'ਤੇ ਲੈਣਾ ਨਿਖੇਧੀਯੋਗ ਵਰਤਾਰਾ ਹੈ। ਜਦਕਿ ਸਕੂਲਾਂ ਵਿੱਚ ਪਹਿਲਾਂ ਹੀ ਪ੍ਰਿੰਸੀਪਲਾਂ, ਮੁੱਖ ਅਧਿਆਪਕਾਂ, ਅਧਿਆਪਕਾਂ ਅਤੇ ਨਾਨ ਟੀਚਿੰਗ ਕਰਮਚਾਰੀਆਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਹਨ ਅਤੇ ਹੁਣ ਵਜੀਫੇ ਦੀਆਂ ਸਖ਼ਤ ਸ਼ਰਤਾਂ ਅਨੁਸਾਰ ਕਾਗਜ਼ ਪੂਰੇ ਕਰਨ ਦੀ ਜ਼ਿੰਮੇਵਾਰੀ ਵੀ ਸਕੂਲ ਮੁੱਖੀਆਂ 'ਤੇ ਪਾਉਣਾ ਅਤੇ ਨੋਟਿਸ ਜ਼ਾਰੀ ਕਰਕੇ ਧਮਕੀਆਂ ਦੇਣਾ ਉੱਕਾ ਹੀ ਠੀਕ ਨਹੀਂ ਹੈ।

ਜਥੇਬੰਦੀ ਦੇ ਮੀਤ ਪ੍ਰਧਾਨਾਂ ਜਗਪਾਲ ਬੰਗੀ, ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਬੇਅੰਤ ਫੂਲੇਵਾਲ, ਰਘਵੀਰ ਭਵਾਨੀਗੜ੍ਹ ਅਤੇ ਜਸਵਿੰਦਰ ਔਜਲਾ ਅਤੇ ਪ੍ਰੈੱਸ ਸਕੱਤਰ ਪਵਨ ਕੁਮਾਰ, ਜਰਮ-ਨਜੀਤ ਸਿੰਘ, ਗੁਰਬਿੰਦਰ ਸਿੰਘ ਖਹਿਰਾ, ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ, ਹਰਜਾਪ ਸਿੰਘ ਬੱਲ, ਗੁਰਦੇਵ ਸਿੰਘ, ਰਾਜੇਸ਼ ਕੁਮਾਰ ਪਰਾਸ਼ਰ, ਨਿਰਮਲ ਸਿੰਘ, ਮਨਪ੍ਰੀਤ ਸਿੰਘ, ਸੁਖਜਿੰਦਰ ਸਿੰਘ ਜੱਬੋਵਾਲ ਆਦਿ ਨੇ ਵਜੀਫੇ ਦੀਆਂ ਸ਼ਰਤਾਂ ਨਰਮ ਕਰਨ ਦੀ ਮੰਗ ਕਰਦਿਆਂ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਖਿਲਾਫ਼ ਅਜਿਹੀਆਂ ਕਾਰਵਾਈਆਂ ਦੇ ਵਾਪਸ ਨਾ ਹੋਣ ਦੀ ਸੂਰਤ ਵਿੱਚ ਸੰਘਰਸ਼ਾਂ ਦੀ ਚੇਤਾਵਨੀ ਦਿੱਤੀ ਹੈ।

# ਬਸਪਾ ਦੇ ਸੀਨੀਅਰ ਆਗੂ ਦੇ ਪਿਤਾ ਦੀ ਮੌਤ ਦੇ ਅਫਸੋਸ ਕਰਨ ਅਵਤਾਰ ਸਿੰਘ ਕਰੀਮਪੁਰੀ ਪਹੁੰਚੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬਸਪਾ ਦੇ ਸੀਨੀਅਰ ਆਗੂ ਮਨਹੋਰ ਕਮਾਮ ਸਰਪੰਚ ਜੀ ਦੇ ਪਿਤਾ ਸਤਿਕਾਰਯੋਗ ਗੁਰਮੇਲ ਰਾਮ ਜੀ ਦੀ ਪਿਛਲੇ ਦਿਨੀਂ ਮੌਤ ਹੋ ਗਈ ਸੀ। ਅੱਜ ਸ ਅਵਤਾਰ ਸਿੰਘ ਕਰੀਮਪੁਰੀ ਇੰਚਾਰਜ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਮਨਹੋਰ ਕਮਾਮ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ। ਉਨ੍ਹਾਂ ਨੂੰ ਜਦੋਂ ਇਸ ਗੱਲ ਦਾ ਪਤਾ





ਲੱਗਾ ਕਿ ਸਤਿਕਾਰਯੋਗ ਗੁਰਮੇਲ ਰਾਮ ਜੀ ਪਹਿਲਾਂ ਪਹਿਲ ਜਦੋਂ ਜਨਤਕ ਲਹਿਰ ਅਖ਼ਬਾਰ ਚਲਦੀ ਸੀ ਉਸ ਸਮੇਂ ਤੋਂ ਹੀ ਬਹੁਜਨ ਸਮਾਜ ਪਾਰਟੀ ਦੇ ਲਈ ਕੰਮ ਕੀਤਾ ਸੀ । ਇਨ੍ਹਾਂ ਬਜ਼ੁਰਗਾਂ ਦੀ ਕੁਰਬਾਨੀ ਦੇਖਕੇ ਹੀ ਤਾਂ ਅਸੀਂ ਇਨ੍ਹਾਂ ਨੂੰ ਸਲਾਮ ਕਰਦੇ ਹਾਂ ਅਤੇ ਇਨ੍ਹਾਂ ਨੇ ਇਨ੍ਹਾਂ ਕੰਮ ਕੀਤਾ ਕਿ ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਅਤੇ ਸਾਬਕਾ ਸਰਪੰਚ ਹਾਜ਼ਰ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK





209-239-1551
1003 MOFFAT BLVD., MANTECA, CA 95336
3575 S ELDORADO ST., STOCTON, CA 95206

## ਪਠਾਨਕੋਟ ਸਮਾਚਾਰ – ਰਾਜਿੰਦਰ ਸਿੰਘ ਰਾਜਨ

# ਸਿੱਖਿਆ ਕ੍ਰਾਂਤੀ ਬਾਰੇ ਜਾਗਰੂਕਤਾ ਵੈਨ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੇ ਝੰਡੀ ਦੇ ਕੇ ਕੀਤਾ ਰਵਾਨਾ

**ਪਠਾਨਕੋਟ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿੱਚ ਸਿੱਖਿਆ ਹਰਜੋਤ ਸਿੰਘ ਬੈਂਸ ਦੀ ਦੇਖ-ਰੇਖ ਹੇਠ ਆਈ ਸਿੱਖਿਆ ਕ੍ਰਾਂਤੀ ਨੇ ਰਾਜ ਦੇ ਸਰਕਾਰੀ ਸਕੂਲਾਂ ਦਾ ਮੁਹਾਂਦਰਾ ਬਦਲ ਕੇ ਰੱਖ ਦਿੱਤਾ ਹੈ, ਜਿਸ ਕਰਕੇ ਇਥੇ ਪੜ੍ਹਨ ਵਾਲੇ ਵਿਦਿਆਰਥੀਆਂ ਦਾ ਭਵਿੱਖ ਸੁਨਹਿਰੀ ਹੋਵੇਗਾ। ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਦਫ਼ਤਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪਠਾਨਕੋਟ-1 ਐਟ ਘਰੋਟਾ ਤੋਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ੍ਰੀ ਪੰਕਜ ਅਰੋੜਾ ਦੀ ਅਗਵਾਈ ਹੇਠ ਚਲਾਈ ਗਈ ਦਾਖਲਾ ਜਾਗਰੂਕਤਾ ਵੈਨ ਨੂੰ ਬਲਾਕ ਦੇ ਵੱਖ-ਵੱਖ ਪਿੰਡਾਂ ਲਈ ਰਵਾਨਾ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ, ਡੀਐਸਐਮ, ਪ੍ਰਿੰ: ਬਲਵਿੰਦਰ ਸੈਣੀ, ਪੰਕਜ ਮਹਾਜਨ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਹਰਭਗਵੰਤ ਸਿੰਘ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਪਠਾਨਕੋਟ ਜ਼ਿਲ੍ਹੇ ਦੇ ਪਿੰਡਾਂ, ਸ਼ਹਿਰਾਂ ਵਿੱਚ ਦਾਖਲਾ ਜਾਗਰੂਕਤਾ ਵੈਨ ਰਾਹੀਂ ਪ੍ਰਚਾਰ ਕਰਦਿਆਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਦਾਖਲਿਆਂ ਸਬੰਧੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਮਿਲ ਰਹੀਆਂ ਅਧੁਨਿਕ ਸਹੂਲਤਾਂ ਨਾਲ ਵਿਦਿਆਰਥੀ ਹੁਣ ਸਮੇਂ ਦੇ ਹਾਣੀ ਬਣਨਗੇ ਅਤੇ ਵਿਦੇਸ਼ਾਂ ਵਿੱਚ ਜਾਣ ਦੀ ਥਾਂ ਉਹ ਆਪਣੇ ਸੂਬੇ ਅੰਦਰ ਹੀ ਨੌਕਰੀਆਂ ਦੇ ਕਾਬਲ ਬਣ ਸਕਣਗੇ। ਉਨ੍ਹਾਂ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਦਾਖਲਿਆਂ ਲਈ ਟੋਲ ਫਰੀ ਨੰਬਰ 1800-180-2139 ਵੀ ਜਾਰੀ ਕੀਤਾ ਗਿਆ ਹੈ। ਇਸ ਮੌਕੇ ਘਰੋਟਾ ਬਜ਼ਾਰ ਵਿੱਚ ਉਨ੍ਹਾਂ ਵੱਲੋਂ ਸੰਬੋਧਨ ਕਰਦਿਆਂ ਸਰਕਾਰ ਵੱਲੋਂ ਚਲਾਏ ਜਾ ਰਹੇ ਸਕੂਲ



ਆਫ਼ ਐਮੀਨੈਂਸ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਸਰਕਾਰ ਸਕੂਲ ਸਿੱਖਿਆ ਦੇ ਮਿਆਰ ਨੂੰ ਉਚਾ ਚੁੱਕਣ ਲਈ ਲਗਾਤਾਰ ਕਾਰਜਸ਼ੀਲ ਹੈ। ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ, ਮੁਫ਼ਤ ਭੋਜਨ, ਵਰਦੀ ਅਤੇ ਕਿਤਾਬਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾ ਕੇ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਹਾਸਲ ਕਰਨ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਨੇ ਸਿੱਖਿਆ ਦੇ ਖੇਤਰ ਵਿੱਚ ਵੱਡੇ ਮੁਕਾਮ ਹਾਸਲ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਭਰ ਵਿਚ ਹੋਰ ਸੂਬਿਆਂ ਵਿੱਚ ਸਿੱਖਿਆ ਦੇ ਖੇਤਰ ਵਿੱਚ ਰੋਲ ਮਾਡਲ ਬਣ ਗਿਆ ਹੈ। ਸਰਕਾਰੀ ਸਕੂਲਾਂ ਦੀ ਸਥਿਤੀ ਵਿੱਚ ਦਹਾਕਿਆਂ ਬਾਅਦ ਚੋਖਾ ਸੁਧਾਰ ਹੋਇਆ ਹੈ। ਅੱਜ ਹਰ ਸਰਕਾਰੀ ਸਕੂਲ ਵਿੱਚ ਵਿਕਾਸ ਦੇ ਕੰਮ ਚੱਲ ਰਹੇ ਹਨ ਤੇ ਕਲਾਸਰੂਮ ਬਣਾਏ ਜਾ ਰਹੇ ਹਨ, ਪਖਾਨੇ, ਵਾਈ-ਫਾਈ, ਲੈਬ ਵਰਗੀਆਂ ਸਹੂਲਤਾਂ ਉਪਲੱਬਧ ਹੋ ਰਹੀਆਂ ਹਨ। ਹਰ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਦਿਆਰਥੀਆਂ ਦੀ ਸੁਰੱਖਿਆ ਵਾਸਤੇ 2- 2 ਸਿਕਿਊਰਿਟੀ ਗਾਰਡ ਅਤੇ ਕੈਂਪਸ ਮੈਨੇਜਰ ਨਿਯੁਕਤ ਕੀਤੇ ਗਏ ਹਨ।

ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ੍ਰੀ ਪੰਕਜ ਅਰੋੜਾ ਨੇ ਵੀ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਆਏ ਬਿਹਤਰ ਸੁਧਾਰਾਂ ਪ੍ਰਤੀ ਜਾਗਰੂਕ ਕੀਤਾ ਅਤੇ ਕਿਹਾ ਕਿ ਉਹ ਆਪਣੇ ਹੀ ਨਹੀਂ ਬਲਕਿ ਜਾਣਕਾਰਾਂ ਦੇ ਬੱਚਿਆਂ ਨੂੰ ਵੀ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾ ਕੇ ਉਨ੍ਹਾਂ ਨੂੰ ਸਿੱਖਿਆ ਦਾ ਬਿਹਤਰ ਮੌਕਾ ਦੇਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਦੀ ਬਿਹਤਰੀ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਨਵੀਆਂ ਯੋਜਨਾਵਾਂ ਵੀ ਲਿਆ ਰਹੀ ਹੈ, ਤਾਂ ਜੋ ਸਿੱਖਿਆ ਦੇ ਪੱਧਰ ਨੂੰ ਬਿਹਤਰ ਤੋਂ ਬਿਹਤਰ ਬਣਾਇਆ ਜਾ ਸਕੇ। ਇਸ ਦੇ ਨਾਲ-ਨਾਲ ਸਕੂਲਾਂ ਦੀਆਂ ਸੁਵਿਧਾਵਾਂ ਨੂੰ ਵੀ ਬਿਹਤਰ ਬਣਾਉਣ ਦੇ ਲਈ ਲਗਾਤਰ ਕੰਮ ਕੀਤੇ ਜਾ ਰਹੇ ਹਨ। ਇਸ ਮੌਕੇ ਤੇ ਅਕਾਊਂਟੈਂਟ ਰਾਜ ਕੁਮਾਰ, ਕਲਰਕ ਜਤਿੰਦਰ ਕੁਮਾਰ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਬਲਕਾਰ ਅੱਤਰੀ, ਸੀਐਚਟੀ ਦੀਪਕ ਕਮਲ, ਸੀਐਚਟੀ ਬਾਬਾ ਸਿੰਘ, ਐਚਟੀ ਤਰਸੇਮ ਸਿੰਘ, ਤੇਜਿੰਦਰ ਸਿੰਘ, ਪ੍ਰਦੀਪ ਕੁਮਾਰ, ਰੂਪ ਲਾਲ, ਸੋਹਨ ਲਾਲ ਸਟੇਟ ਅਵਾਰਡੀ, ਹਰਸ਼, ਕਸ਼ਮੀਰਾ ਲਾਲ ਆਦਿ ਹਾਜ਼ਰ ਸਨ।

## ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਹਲਕਾ ਪੱਧਰ 'ਤੇ ਮਨਾਉਣ ਸੰਬੰਧੀ ਮੀਟਿੰਗ



**ਫਿਲੌਰ, ਅੱਪਰਾ (ਜੱਸੀ)**–ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਵਿਧਾਨ ਸਭਾ ਹਲਕਾ ਫਿਲੌਰ ਦੇ ਪੱਧਰ 'ਤੇ ਮਨਾਉਣ ਸਬੰਧੀ ਸਮੂਹ ਬਸਪਾ ਆਗੂਆਂ ਦੀ ਇੱਕ ਅਹਿਮ ਮੀਟਿੰਗ ਹੋਈ। ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਸਮੂਹ ਆਗੂਆਂ ਨੇ ਦੱਸਿਆ ਕਿ ਹਰ ਵਾਰ ਦੀ ਤਰਾਂ ਇਸ ਵਾਰ ਵੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਬਸਪਾ ਹਲਕਾ ਫਿਲੌਰ ਵਲੋਂ ਪੂਰਨ ਉਤਸ਼ਾਹ ਨਾਲ ਮਿਤੀ 15 ਮਾਰਚ ਨੂੰ ਮਨਾਇਆ ਜਾ ਰਿਹਾ ਹੈ। ਉਨਾਂ ਅੱਗੇ ਦੱਸਿਆ ਕਿ ਇਸ ਸੰਬੰਧ 'ਚ ਜਲਦ ਹੀ ਸਮਾਂ ਤੇ ਸਥਾਨ ਵੀ ਜਲਦ ਹੀ ਤੈਅ ਕਰਕੇ ਦੱਸ ਦਿੱਤਾ ਜਾਵੇਗਾ। ਉਨਾਂ ਅੱਗੇ ਕਿਹਾ ਕਿ ਇਸ ਸੰਬੰਧ 'ਚ ਤਿਆਰੀਆਂ ਜੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ।

# ਵਿਸ਼ਵਕਰਮਾ ਸਕੀਮ ਦਾ ਰੀਵਿਊ ਕਰਨ ਲਈ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਕੀਤੀ ਅਧਿਕਾਰੀਆਂ ਨਾਲ ਵਿਸੇਸ ਮੀਟਿੰਗ

**ਪਠਾਨਕੋਟ–** ਮਾਈਕਰੋ, ਲਘੂ ਅਤੇ ਮੱਧਮ ਉਦਯੋਗ ਮੰਤਰਾਲਾ ਵਲੋਂ ਪੀਐਮ ਵਿਸ਼ਵਕਰਮਾ" ਸਕੀਮ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਜ਼ਿਲ੍ਹਾ ਪਠਾਨਕੋਟ ਅੰਦਰ ਬਲਾਕ ਵਿਕਾਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਪਰੋਕਤ ਸਕੀਮ ਦਾ ਜਿਆਦਾ ਤੋਂ ਜਿਆਦਾ ਪ੍ਰਚਾਰ ਕੀਤਾ ਜਾਵੇ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਪਠਾਨਕੋਟ ਅਦਿੱਤਿਆ ਉਪਲ (ਆਈ ਏ ਐਸ) ਵੱਲੋਂ ਅੱਜ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀਆਂ, ਨਗਰ ਨਿਗਮ ਪਠਾਨਕੋਟ ਦੇ ਅਧਿਕਾਰੀਆਂ ਨਾਲ ਇੱਕ ਵਿਸੇਸ ਮੀਟਿੰਗ ਕਰਨ ਮਗਰੋਂ ਕੀਤਾ ਗਿਆ।



ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਦੱਸਿਆ ਕਿ ਇਸ ਸਕੀਮ ਦਾ ਮੰਤਵ ਕਾਰੀਗਰਾਂ ਅਤੇ ਸ਼ਿਲਪਕਾਰਾਂ ਵਲੋਂ ਆਪਣੇ ਹੱਥੀਂ ਅਤੇ ਸੰਦਾਂ ਨਾਲ ਕੰਮ ਕਰਨ ਵਾਲੇ ਗੁਰੂ-ਸ਼ਿਸ਼ਯ ਪ੍ਰੰਪਰਾ ਜਾਂ ਪ੍ਰੰਪਰਾਗਤ ਹੁਨਰਾਂ ਦੇ ਪਰਿਵਾਰ-ਅਧਾਰਿਤ ਅਭਿਆਸ ਨੂੰ ਮਜ਼ਬੂਤ ਬਣਾਉਣਾ ਅਤੇ ਪਾਲਣ ਪੋਸ਼ਣ ਕਰਨਾ ਹੈ ਕਿ ਇਸ ਸਕੀਮ ਦੀ ਗੁਣਵੱਤਾ ਦੇ ਨਾਲ-ਨਾਲ ਕਾਰੀਗਰਾਂ ਅਤੇ ਸ਼ਿਲਪਕਾਰਾਂ ਦੇ ਉਤਪਾਦਾਂ ਅਤੇ ਸੇਵਾਵਾਂ ਦੀ ਪਹੁੰਚ ਵਿੱਚ ਸੁਧਾਰ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਹ ਯੋਜਨਾ ਐਡਵਾਂਸ/ਤਕਨੀਕੀ ਹੁਨਰ ਅਪਗ੍ਰੇਡੇਸ਼ਨ, ਟੂਲਕਿੱਟ ਪ੍ਰੋਤਸਾਹਨ, ਡਿਜੀਟਲ ਲੈਣ-ਦੇਣ ਲਈ ਪ੍ਰੋਤਸਾਹਨ ਅਤੇ ਮਾਰਕੀਟਿੰਗ ਸਹਾਇਤਾ ਪ੍ਰਦਾਨ ਕਰੇਗੀ।

ਉਨ੍ਹਾਂ ਦੱਸਿਆ ਕਿ ਉਪਰੋਕਤ ਸਕੀਮ ਅਧੀਨ ਵੱਖ-ਵੱਖ ਪੱਧਰਾਂ 'ਤੇ ਤਿੰਨ-ਪੜਾਵੀ ਤਸਦੀਕ ਤੋਂ ਬਾਅਦ ਕਾਮਨ ਸਰਵਿਸ ਸੈਂਟਰਾਂ ਰਾਹੀਂ ਵਿਸ਼ਵਕਰਮਾ ਲਈ ਰਜਿਸਟ੍ਰੇਸਨ ਕੀਤੀ ਜਾ ਸਕਦੀ ਹੈ, ਉਨ੍ਹਾਂ ਦੱਸਿਆ ਕਿ 15,000 ਰੁਪਏ ਤੱਕ ਦਾ ਟੂਲਕਿੱਟ ਪ੍ਰੋਤਸਾਹਨ ਫੰਡ ਵੀ ਜਾਰੀ ਕੀਤਾ ਜਾਵੇਗਾ, ਕਾਰੋਬਾਰ ਦੇ ਵਿਕਾਸ ਵਿੱਚ ਸਹਾਇਤਾ ਲਈ ਦੋ ਕਿਸ਼ਤਾਂ ਵਿੱਚ ਕ੍ਰੈਡਿਟ ਸਹਾਇਤਾ/ਕਰਜ਼ਾ।ਪੀਐਮ ਵਿਸ਼ਵਕਰਮਾ ਯੋਜਨਾ ਦੇ ਤਹਿਤ, ਕਾਰੀਗਰਾਂ ਅਤੇ ਸ਼ਿਲਪਕਾਰਾਂ ਨੂੰ ਪੀਐਮ ਵਿਸ਼ਵਕਰਮਾ ਸਰਟੀਫਿਕੇਟ ਅਤੇ ਸ਼ਨਾਖਤੀ ਕਾਰਡ ਅਤੇ 5 ਪ੍ਰਤੀਸ਼ਤ ਦੀ ਰਿਆਇਤੀ ਵਿਆਜ ਦਰ ਨਾਲ 1 ਲੱਖ ਰੁਪਏ (ਪਹਿਲੀ ਕਿਸ਼ਤ) ਅਤੇ 2 ਲੱਖ ਰੁਪਏ (ਦੂਜੀ ਕਿਸ਼ਤ) ਤੱਕ ਦੀ ਕਰਜ਼ਾ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਹ ਯੋਜਨਾ ਸਮੁੱਚੇ ਭਾਰਤ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਕਾਰੀਗਰਾਂ ਅਤੇ ਸ਼ਿਲਪਕਾਰਾਂ ਨੂੰ ਸਹਾਇਤਾ ਪ੍ਰਦਾਨ ਕਰੇਗੀ। ਪੀਐਮ ਵਿਸ਼ਵਕਰਮਾ ਅਧੀਨ ਪਹਿਲੀ ਵਾਰ 18 ਰਵਾਇਤੀ ਕਿੱਤਿਆਂ ਨੂੰ ਕਵਰ ਕੀਤਾ ਜਾਵੇਗਾ। ਇਨ੍ਹਾਂ ਕਿੱਤਿਆਂ ਵਿੱਚ ਤਰਖਾਣ, ਕਿਸ਼ਤੀ ਬਣਾਉਣ ਵਾਲੇ, ਸ਼ਸਤਰਕਾਰੀ, ਲੋਹਾਰ, ਹਥੌੜੇ ਅਤੇ ਸੰਦ ਬਣਾਉਣ ਵਾਲੇ, ਤਾਲਾ ਬਣਾਉਣ ਵਾਲੇ, ਸੁਨਿਆਰੇ (ਸੋਨਾਰ), ਘੁਮਿਆਰ (ਕੁਮਹਾਰ), ਮੂਰਤੀਕਾਰ, ਪੱਥਰ ਤੋੜਨ ਵਾਲੇ, ਮੋਚੀ/ ਜੁੱਤੀ ਬਣਾਉਣ ਵਾਲੇ/ ਜੁੱਤੀਆਂ ਦਾ ਕਾਰੀਗਰ, ਮਿਸਤਰੀ (ਰਾਜ ਮਿਸਤਰੀ), ਟੋਕਰੀ/ਚਟਾਈ/ਝਾੜੂ ਬਣਾਉਣ ਵਾਲੇ/ਕੋਇਰ ਬੁਣਨ ਵਾਲੇ, ਗੁੱਡੀ ਅਤੇ ਖਿਡੌਣਾ ਬਣਾਉਣ ਵਾਲੇ, ਨਾਈ, ਮਾਲਾ ਬਣਾਉਣ ਵਾਲੇ (ਮਲਾਕਾਰ), ਧੋਬੀ, ਦਰਜ਼ੀ ਅਤੇ ਮੱਛੀ ਜਾਲ ਬਣਾਉਣ ਵਾਲੇ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਸੂਖਮ, ਲਘੂ ਅਤੇ ਮੱਧਮ ਉਦਯੋਗ ਮੰਤਰਾਲਾ ਵੱਲੋਂ ਪ੍ਰਧਾਨ ਮੰਤਰੀ ਵਿਸ਼ਵਕਰਮਾ ਦੇ ਅਧੀਨ ਪਹਿਲੀ ਵਾਰ 18 ਰਵਾਇਤੀ ਕਿੱਤਿਆਂ ਨੂੰ ਕਵਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਸ਼ਕਰਮਾ ਸਕੀਮ ਦਾ ਫ਼ਾਇਦਾ ਲੈਣ ਦੇ ਚਾਹਵਾਨ ਉਮੀਦਵਾਰ ਆਪਣੇ ਨਜ਼ਦੀਕੀ ਕਿੱਸੇ ਵੀ ਕੋਮਨ ਸਰਵਿਸ ਸੈਂਟਰ ਤੇ ਜਾ ਕੇ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਅਤੇ ਇਸ ਤੋਂ ਇਲਾਵਾ ਹੋਰ ਜਾਣਕਾਰੀ ਲਈ ਜਿਲਾ ਪਰਬੰਧਕੀ ਕੰਪਲੈਕਸ ਕਮਰਾ ਨੰਬਰ 352 ਮਲਿਕਪੁਰ ਵਿੱਚ ਸੰਪਰਕ ਕਰ ਸਕਦੇ ਹਨ ਜਾਂ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਪੁਲਿਸ ਲਾਈਨ ਰੋਡ ਢਾਂਗੂ ਰੋਡ ਪਠਾਨਕੋਟ ਵਿੱਚ ਸੰਪਰਕ ਕਰ ਸਕਦੇ ਹਨ।

# ਸਮਾਰਟ ਸਕੂਲ ਠਾਕੁਰਪੁਰ ਵਿਖੇ ਨਵੇਂ ਕਮਰੇ ਦੀ ਉਸਾਰੀ ਦਾ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ੍ਰੀ ਪੰਕਜ ਅਰੋੜਾ ਨੇ ਰੱਖਿਆ ਨੀਂਹ ਪੱਥਰ

**ਪਠਾਨਕੋਟ–** ਪੰਜਾਬ ਸਰਕਾਰ ਵੱਲੋਂ ਸਮਾਰਟ ਸਕੂਲਾਂ ਨੂੰ ਸਮਾਰਟ ਦਿਖ ਦੇਣ ਦੇ ਉਪਰਾਲੇ ਨਾਲ ਲਗਾਤਾਰ ਸਕੂਲ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਇਸੇ ਤਹਿਤ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਠਾਕੁਰਪੁਰ ਬਲਾਕ ਨਰੋਟ ਜੈਮਲ ਸਿੰਘ ਨੂੰ ਨਵੇਂ ਕਮਰੇ ਲਈ ਗ੍ਰਾਂਟ ਜਾਰੀ ਹੋਣ ਉਪਰੰਤ ਸਕੂਲ ਮੁਖੀ ਰਾਕੇਸ਼ ਸੈਣੀ ਸਟੇਟ ਅਵਾਰਡੀ ਦੀ ਅਗਵਾਈ ਹੇਠ ਕਮਰੇ ਦੀ ਉਸਾਰੀ ਸ਼ੁਰੂ ਕਰਵਾਈ ਗਈ। ਜਿਸ ਦਾ ਨੀਂਹ ਪੱਥਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪੰਕਜ ਅਰੋੜਾ ਵੱਲੋਂ ਰੱਖਿਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ੍ਰੀ ਪੰਕਜ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਵਿਕਾਸ ਲਈ ਕਿਸੇ ਕਿਸਮ ਦੀ ਕੋਈ ਕਸਰ ਨਹੀਂ ਛੱਡੀ ਜਾ ਰਹੀ ਹੈ। ਲੋੜਵੰਦ ਸਕੂਲਾਂ ਨੂੰ ਲਗਾਤਾਰ ਗ੍ਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਕੂਲ ਮੁਖੀ ਇਨ੍ਹਾਂ ਗ੍ਰਾਂਟਾਂ ਨੂੰ ਵਿਭਾਗੀ ਨਿਯਮਾਂ ਅਨੁਸਾਰ ਖਰਚ ਕਰਨ।



ਸਕੂਲ ਮੁਖੀ ਸਟੇਟ ਅਵਾਰਡੀ ਰਾਕੇਸ਼ ਸੈਣੀ ਨੇ ਕਿਹਾ ਕਿ ਸਮੂਹ ਸਟਾਫ਼ ਅਤੇ ਪਿੰਡ ਵਾਸੀਆਂ ਦੇ ਸਾਂਝੇ ਉਦਮ ਨਾਲ ਭਵਿੱਖ ਲਈ ਸਕੂਲ ਵਿੱਚ ਹੋਰ ਵਧੀਆ ਉਪਰਾਲੇ ਕੀਤੇ ਜਾ ਰਹੇ ਤਾਂ ਜੋ ਸਿੱਖਿਆ ਨੂੰ ਹੋਰ ਵੀ ਵਧੀਆ ਤਰੀਕੇ ਨਾਲ ਵਿਦਿਆਰਥੀਆਂ ਤੱਕ ਪੁਜਦਾ ਕੀਤਾ ਜਾ ਸਕੇ। ਉਨ੍ਹਾਂ ਨੇ ਇਸ ਸਾਰੀ ਪ੍ਰਕਿਰਿਆ ਲਈ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਹਰਭਗਵੰਤ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡੀਜੀ ਸਿੰਘ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪੰਕਜ ਅਰੋੜਾ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਿਆ ਕਿ ਇਨਾਂ ਅਧਿਕਾਰੀਆਂ ਦੀ ਦਿਨ ਰਾਤ ਦੀ ਮਿਹਨਤ ਸਦਕਾ ਜ਼ਿਲ੍ਹਾ ਪਠਾਨਕੋਟ ਦੇ ਸਕੂਲਾਂ ਨੂੰ ਉਨ੍ਹਾਂ ਦੀ ਡਿਮਾਂਡ ਮੁਤਾਬਕ ਗ੍ਰਾਂਟਾਂ ਸਮੇਂ ਸਿਰ ਮਿਲ ਰਹੀਆਂ ਹਨ ਅਤੇ ਹਦਾਇਤਾਂ ਅਨੁਸਾਰ ਖਰਚ ਕਰਨ ਲਈ ਸਮੇਂ ਸਮੇਂ ਤੇ ਜਾਣਕਾਰੀ ਵੀ ਦਿੱਤੀ ਜਾ ਰਹੀ ਹੈ। ਇਸ ਮੌਕੇ ਸੀਐਚਟੀ ਸ੍ਰੀਮਤੀ ਅੰਜੂ ਬਾਲਾ, ਚੇਅਰਮੈਨ ਸ੍ਰੀਮਤੀ ਜੋਤੀ ਬਾਲਾ, ਸਰਪੰਚ ਸ੍ਰੀ ਸਤੀਸ਼ ਕੁਮਾਰ, ਸ੍ਰੀ ਮਤੀ ਪੂਜਾ ਕਾਟਲ, ਮੈਂਬਰ ਸੰਦੀਪ ਸਿੰਘ, ਗੋਲਡੀ ਠਾਕੁਰ, ਕੈਪਟਨ ਅਵਤਾਰ ਸਿੰਘ ਮਾਸਟਰ ਰਾਮ ਲਾਲ, ਪਿੰਡ ਦੀ ਪੰਚਾਇਤ ਸਕੂਲ ਮੈਨੇਜਮੈਂਟ ਕਮੇਟੀ ਅਤੇ ਹੋਰ ਵੀ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।

# ਵਿਧਾਇਕ ਕੋਟਲੀ ਨੂੰ ਘਟੀਆ ਸ਼ਬਦਾਵਲੀ ਬੋਲ ਕੇ ਭਗਵੰਤ ਮਾਨ ਨੇ ਸਮੁੱਚੇ ਦਲਿਤ ਸਮਾਜ ਦੀ ਕੀਤੀ ਤੋਹੀਨ – ਡਾ. ਹਰਜਿੰਦਰ ਜੱਖੂ

**ਫਗਵਾੜਾ 5 ਮਾਰਚ (ਬੀ.ਕੇ. ਰੱਤੂ)** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਉੱਘੇ ਦਲਿਤ ਚਿੰਤਕ ਡਾ. ਹਰਜਿੰਦਰ ਸਿੰਘ ਜੱਖੂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵਲੋਂ ਦਲਿਤ ਵਿਧਾਇਕ ਸੁਖਵਿੰਦਰ ਕੋਟਲੀ ਪ੍ਰਤੀ ਵਰਤੀ ਗਈ ਘਟੀਆ ਸ਼ਬਦਾਵਲੀ ਦੀ ਪੁਰਜੋਰ ਨਖੇਦੀ ਕਰਦੇ ਹੋਏ ਮੁੱਖ ਮੰਤਰੀ ਨੂੰ ਦਲਿਤ ਸਮਾਜ ਤੋਂ ਮੁਆਫੀ ਮੰਗਣ ਦੀ ਮੰਗ ਕੀਤੀ ਹੈ। ਡਾ. ਜੱਖੂ ਨੇ ਮੁੱਖ ਮੰਤਰੀ ਨੂੰ ਸੱਤਾ ਦੇ ਨਸ਼ੇ ਤੋਂ ਬਾਹਰ ਆਉਣ ਦੀ ਅਪੀਲ ਕਰਦੇ ਹੋਏ ਯਾਦ ਦੁਆਇਆ ਕਿ ਰਾਜ ਸੱਤਾ ਕਦੇ ਕਿਸੇ ਦੀ ਵੀ ਕਾਇਮ ਨਹੀਂ ਰਹਿੰਦੀ। ਜਿਨ੍ਹਾਂ ਦੇ ਨੁਮਾਇੰਦਿਆਂ ਦੀ ਬੇਇੱਜਤੀ ਕੀਤੀ ਜਾ ਰਹੀ ਹੈ, ਉਹਨਾਂ ਦੇ ਸਮਾਜ ਦੀਆਂ ਵੋਟਾਂ ਦੇ ਆਸਰੇ ਹੀ ਭਗਵੰਤ ਮਾਨ ਮੁੱਖ ਮੰਤਰੀ ਬਣ ਸਕਿਆ ਹੈ। ਇਸ ਲਈ ਘਟੀਆ ਹਰਕਤਾਂ ਕਰਨਾ ਜਾਂ ਮਾੜਾ ਬੋਲਣਾ ਉਸਨੂੰ ਸ਼ੋਭਾ ਨਹੀਂ ਦਿੰਦਾ। ਡਾ. ਜੱਖੂ ਨੇ ਹਰੇਕ ਪਾਰਟੀ ਦੇ ਦਲਿਤ ਆਗੂਆਂ ਤੇ ਵਰਕਰਾਂ ਨੂੰ ਬੇਨਤੀ ਕੀਤੀ ਕਿ ਜਿਸ ਸਮਾਜ ਦੇ ਆਸਰੇ ਆਪਾਂ ਕੁਰਸੀਆਂ ਦਾ ਆਨੰਦ ਮਾਣਦੇ ਹਾਂ। ਉਸ ਸਮਾਜ ਦੀ ਬੇਇੱਜਤੀ ਕਰਨ ਵਾਲੇ ਨੂੰ ਸਬਕ ਸਿਖਾਉਣ ਲਈ ਸਾਰਿਆਂ ਨੂੰ ਇਕਜੁੱਟਤਾ ਨਾਲ ਨਿੰਦਿਆਂ ਕਰਨੀ ਚਾਹੀਦੀ ਹੈ। ਡਾ. ਜੱਖੂ ਨੇ ਕਿਹਾ ਕਿ ਉਹਨਾਂ ਦੀ ਬੇਸ਼ਕ ਵਿਧਾਇਕ ਸੁਖਵਿੰਦਰ ਕੋਟਲੀ ਨਾਲ ਕਿਸੇ ਤਰ੍ਹਾਂ ਦੀ ਸਿਆਸੀ ਸਾਂਝ ਨਹੀਂ ਹੈ ਪਰ ਸਮਾਜਿਕ, ਜਮਾਤੀ ਤੇ ਅੰਬੇਡਕਰੀ ਸਾਂਝ ਬਹੁਤ ਗੂੜੀ ਹੈ।



## ਕੈਲੀਫੋਰਨੀਆ ਵਿਚ ਇਕ ਪਾਰਟੀ ਦੌਰਾਨ ਅਣਪਛਾਤੇ ਹਮਲਾਵਰਾਂ ਵੱਲੋਂ ਕੀਤੀ ਗੋਲੀਬਾਰੀ ਵਿੱਚ ਮੌਤਾਂ ਤੇ 3 ਜਖਮੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ ਕਿੰਗ ਸ਼ਹਿਰ ਵਿਚ ਇਕ ਘਰ ਵਿੱਚ ਚਲ ਰਹੀ ਪਾਰਟੀ ਦੌਰਾਨ 3 ਸ਼ੱਕੀ ਹਮਲਾਵਰਾਂ ਵੱਲੋਂ ਕੀਤੀ ਗੋਲੀਬਾਰੀ ਵਿਚ 4 ਵਿਅਕਤੀਆਂ ਦੇ ਮਾਰੇ ਜਾਣ ਤੇ 3 ਹੋਰਨਾਂ ਦੇ ਜਖਮੀ ਹੋ ਜਾਣ ਦੀ ਖਬਰ ਹੈ। ਕਿੰਗ ਸਿਟੀ ਪੁਲਿਸ ਮੁਖੀ ਜੇਮਸ ਹੰਟ ਅਨਸਾਰ 3 ਵਿਅਕਤੀਆਂ ਦੀ ਮੌਕੇ ਉਪਰ ਹੀ ਮੌਤ ਹੋ ਗਈ ਜਦ ਕਿ ਇਕ ਜਖਮੀ ਔਰਤ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਈ। ਉਨਾਂ ਕਿਹਾ ਕਿ 3 ਹੋਰ ਜਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮੌਨਟਰੀ ਦੇ ਦੱਖਣ ਪੂਰਬ ਵਿਚ ਤਕਰੀਬਨ 62 ਮੀਲ ਦੂਰ ਸਥਿੱਤ ਕਿੰਗ ਸਿਟੀ ਦੇ ਇਕ ਘਰ ਵਿਚ ਉਸ ਵੇਲੇ ਹਫੜਾਦਫੜੀ ਮਚ ਗਈ ਜਦੋਂ ਇਕ ਕਾਰ ਵਿਚ ਆਏ 3 ਨਕਾਬਧਾਰੀਆਂ ਨੇ ਘਰ ਦੇ ਅਗਲੇ ਵੇਹੜੇ ਵਿਚ ਚਲ ਰਹੀ ਪਾਰਟੀ ਉਪਰ ਗੋਲੀਬਾਰੀ ਕਰ ਦਿੱਤੀ ਤੇ ਮੁੜ ਕਾਰ ਵਿਚ ਸਵਾਰ ਹੋ ਕੇ ਫਰਾਰ ਹੋ ਗਏ। ਪੁਲਿਸ ਅਨੁਸਾਰ ਸ਼ੱਕੀ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ ਤੇ ਇਸ ਸਬੰਧ ਵਿਚ ਆਸ ਪਾਸ ਦੇ ਲੋਕਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਅਮੈਰੀਕਨ ਏਅਰਲਾਈਨਜ ਦੇ ਯਾਤਰੀ ਦੀ ਉਡਾਣ ਦੌਰਾਨ ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਉੱਤਰੀ ਕੈਰੋਲੀਨਾ ਜਾ ਰਹੇ ਅਮੈਰੀਕਨ ਏਅਰਲਾਈਨਜ ਦੇ ਜਹਾਜ਼ ਵਿਚ ਉਡਾਣ ਦੌਰਾਨ ਬਿਮਾਰ ਹੋਈ ਇਕ ਔਰਤ ਯਾਤਰੀ ਦੀ ਮੌਤ ਹੋ ਜਾਣ ਦੀ ਖਬਰ ਹੈ। ਏਅਰ ਲਾਈਨਜ ਦੇ ਇਕ ਬੁਲਾਰੇ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅਮੈਰੀਕਨ ਏਅਰਲਾਈਨਜ ਫਲਾਈਟ 2790 ਡੋਮੀਨੀਕਨ ਰਿਪਬਲਿਕ ਦੇ ਪੁੰਟਾ ਕਾਨਾ ਹਵਾਈ ਅੱਡੇ ਤੋਂ ਰਵਾਨਾ ਹੋਈ ਸੀ। ਪੁਲਿਸ ਅਨੁਸਾਰ ਔਰਤ ਨੂੰ ਡਾਕਟਰੀ ਸਹਾਇਤਾ ਦੇਣ ਲਈ ਕਮਰਸ਼ੀਅਲ ਜਹਾਜ਼ ਨੂੰ ਬਾਹਾਮਾਸ ਦੇ ਦੱਖਣ ਪੂਰਬ ਵਿਚ ਇਕ ਟਾਪੂ 'ਤੇ ਉਤਾਰਿਆ ਗਿਆ। ਰਾਇਲ ਟਰਕਸ ਐਂਡ ਸਾਈਕੋਸ ਆਈਲੈਂਡ ਪੁਲਿਸ ਫੋਰਸ ਅਨੁਸਾਰ ਜਹਾਜ਼ ਚਾਰਲੋਟ ਜਾ ਰਿਹਾ ਸੀ ਜਿਸ ਨੂੰ ਇਕ 41 ਸਾਲਾ ਔਰਤ ਦੇ ਬਿਮਾਰ ਹੋਣ ਉਪਰੰਤ ਇਥੇ ਉਤਾਰਿਆ ਗਿਆ। ਪੁਲਿਸ ਅਨੁਸਾਰ ਸ਼ਾਮ 6.15 ਵਜੇ ਏਅਰ ਟਰੈਫਿਕ ਕੰਟਰੋਲ ਟਾਵਰ ਤੋਂ ਆਏ ਇਕ ਫੋਨ ਵਿੱਚ ਇਕ ਔਰਤ ਨੂੰ ਡਾਕਟਰੀ ਸਹਾਇਤਾ ਦੇਣ ਦੀ ਬੇਨਤੀ ਕੀਤੀ ਗਈ ਸੀ। ਇਕ ਡਾਕਟਰੀ ਟੀਮ ਨੂੰ ਪੁਲਿਸ ਅਫਸਰਾਂ ਸਮੇਤ ਤੁਰੰਤ ਰਵਾਨਾ ਕੀਤਾ ਗਿਆ ਤੇ ਔਰਤ ਨੂੰ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਹੈ ਕਿ ਮੌਤ ਦੇ ਕਾਰਨ ਦਾ ਪਤਾ ਲਾਉਣ ਲਈ ਮ੍ਰਿਤਕ ਔਰਤ ਦਾ ਪੋਸਟ ਮਾਰਟਮ ਕੀਤਾ ਜਾਵੇਗਾ। ਅਜੇ ਤੱਕ ਮ੍ਰਿਤਕ ਔਰਤ ਦੇ ਨਾਂ ਬਾਰੇ ਪਤਾ ਨਹੀਂ ਲੱਗਾ ਹੈ।

## ਨਿਊਜ਼ੀਲੈਂਡ ਦੇ ਉਪ ਪ੍ਰਧਾਨ ਮੰਤਰੀ ਵਿੰਸਟਨ ਪੀਟਰਜ਼ ਅਗਲੇ ਹਫ਼ਤੇ 'ਇੰਡੀਆ' ਜਾਣਗੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਉਪ ਪ੍ਰਧਾਨ ਮੰਤਰੀ, ਵਿਦੇਸ਼ ਮਾਮਲੇ ਅਤੇ ਨਸਲੀ ਮਾਮਲਿਆਂ ਦੇ ਮੰਤਰੀ ਸ੍ਰੀ ਵਿੰਸਟਨ ਪੀਟਰਜ਼ 10 ਮਾਰਚ ਤੋਂ 13 ਮਾਰਚ 2024 ਤੱਕ ਇੰਡੀਆ ਦੇ ਦੌਰੇ ਉਤੇ ਜਾ ਰਹੇ ਹਨ। ਉਹ ਨਵੀਂ ਦਿੱਲੀ ਅਤੇ ਅਹਿਮਦਾਬਾਦ ਵਿਖੇ ਭਾਰਤ ਦੇ ਮੰਤਰੀਆਂ ਨਾਲ ਖਾਸ ਕਰ ਵਿਦੇਸ਼ ਮੰਤਰੀ ਸ੍ਰੀ ਜੈਸ਼ੰਕਰ ਦੇ ਨਾਲ ਅਤੇ ਗੁਜਰਾਤ ਦੇ ਮੁੱਖ ਮੰਤਰੀ ਸ੍ਰੀ ਭੁਪਿੰਦਰਾ ਪਟੇਲ ਦੇ ਨਾਲ ਦੇਸ਼ ਦੇ ਰਾਜਸੀ ਸਬੰਧਾਂ ਸਬੰਧੀ ਵਿਚਾਰ ਕਰਨਗੇ। ਆਸ ਹੈ ਕਿ ਕੇਂਦਰ ਨਾਲ ਮੁਕਤ ਵਪਾਰ ਸਮਝੌਤੇ ਉਤੇ ਗੱਲ ਹੋਵੇਗੀ। ਨਵੀਂ ਸਰਕਾਰ ਦੇ ਵਿਚ ਵਿਦੇਸ਼ ਮੰਤਰੀ ਦਾ ਇਹ ਪਹਿਲਾ ਦੌਰਾ ਹੈ। ਵਾਪਿਸੀ ਵੇਲੇ ਉਹ ਜਕਾਰਤਾ, ਇੰਡੋਨੇਸ਼ੀਆ ਤੇ ਸਿੰਗਾਪੋਰ ਵੀ ਹੋ ਕੇ ਆਉਣਗੇ। ਸ੍ਰੀ ਵਿੰਸਟਨ ਪੀਟਰਜ਼ ਸੋਚਦੇ ਹਨ ਕਿ ਇਹ ਭਲਾ ਸਮਾਂ ਹੈ ਕਿ ਦੇਸ਼ ਦੀ ਆਰਥਿਕਤਾ ਸਬੰਧੀ ਭਾਰਤ ਦੇ ਨਾਲ ਗੰਭੀਰਤਾ ਨਾਲ ਕੰਮ ਸ਼ੁਰੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਦੀ ਆਰਥਿਕਤਾ ਦੇ ਵਿਚ ਗੁਜਰਾਤ ਉਨ੍ਹਾਂ ਨੂੰ ਇੰਜਣ ਵਾਂਗ ਨਜ਼ਰ ਆਉਂਦਾ ਹੈ। ਇਸ ਤੋਂ ਪਹਿਲਾਂ ਉਹ ਫਰਵਰੀ 2020 ਦੇ ਵਿਚ ਵੀ ਇੰਡੀਆ ਗਏ ਸਨ। ਵਰਨਣਯੋਗ ਹੈ ਕਿ ਸ੍ਰੀ ਵਿੰਸਟਨ ਪੀਟਰਜ਼ ਪਹਿਲੀ ਵਾਰ 1978 ਦੇ ਵਿਚ ਪਾਰਲੀਮੈਂਟ ਪਹੁੰਚੇ ਸਨ ਅਤੇ ਇਸ ਵਾਰ ਉਹ 15ਵੀਂ ਵਾਰ ਮੈਂਬਰ ਪਾਰਲੀਮੈਂਟ ਵਜੋਂ ਸੇਵਾਵਾਂ ਦੇ ਰਹੇ ਹਨ। ਭਾਰਤ-ਨਿਊਜ਼ੀਲੈਂਡ ਦੇ ਨਾਲ ਮੁਕਤ ਵਪਾਰ ਸਮਝੌਤਾ (6"1 ਟਿਹ 9ਨਦਿਅ) ਵਿਚ ਵਿਚਾਲੇ ਹੈ ਅਤੇ ਆਸ ਕੀਤੀ ਜਾ ਸਕਦੀ ਹੈ ਕਿ ਇਸ ਨੂੰ ਵੀ ਬੂਰ ਪੈ ਸਕਦਾ ਹੈ। ਅਪ੍ਰੈਲ 2010 ਤੋਂ ਇਸ ਉਤੇ ਗੱਲਾਂਬਾਤਾਂ ਹੋ ਰਹੀਆਂ ਹਨ ਅਤੇ ਦਸਵੇਂ ਗੇੜ ਦੀ ਗੱਲਬਾਤ 2015 ਦੇ ਵਿਚ ਹੋਈ ਸੀ। ਸਾਬਕਾ ਪ੍ਰਧਾਨ ਮੰਤਰੀ ਸ੍ਰੀ ਜੌਹਨ ਕੀ ਵੀ ਇਸ ਉਤੇ ਕੰਮ ਕਰਦੇ ਰਹੇ, ਪਰ ਸਮਝੌਤੇ ਵਾਲੇ ਪੈਨਾਂ ਦੀ ਵਰਤੋਂ ਨਾ ਕਰ ਸਕੇ। ਇਸ ਤੋਂ ਇਲਾਵਾ ਭਾਰਤੀਆਂ ਦੀ ਮੰਗ ਕਿ ਸਿੱਧੀ ਫਲਾਈਟ ਨਵੀਂ ਦਿਲੀ ਜਾਂ ਮੁੰਬਈ ਨੂੰ ਚਾਲੂ ਹੋਵੇ, ਨੂੰ ਵੀ ਮੀਟਿੰਗ ਦੇ ਵਿਚ ਜੇਕਰ ਸਾਡੇ ਆਗੂ ਸ਼ਾਮਿਲ ਕਰਨ ਤਾਂ ਕੁਝ ਨਾ ਕੁਝ ਆਸ ਬੱਝ ਸਕਦੀ ਹੈ। ਸੋ ਵਿਦੇਸ਼ ਮੰਤਰਾਲਾ ਹੋਵੇ ਤਾਂ ਵਿਦੇਸ਼ ਦੀ ਸੈਰ ਕਰਨੀ ਤਾਂ ਸ੍ਰੀ ਵਿੰਸਟਨ ਹੋਰਾਂ ਦੀ ਬਣਦੀ ਹੈ। ਬਾਕੀ ਵੇਖੋ ਕੀ ਫੈਸਲੇ ਹੁੰਦੇ।




"ਹੈਲੋ ਵਿਦੇਸ਼ ਮੰਤਰੀ ਜੈਸ਼ੰਕਰ ਜੀ ਅਤੇ ਮੁੱਖ ਮੰਤਰੀ ਭੁਪਿੰਦਰ ਪਟੇਲ ਜੀ ਮਿਲਦੇ ਆ ਅਗਲੇ ਵੀਕਐਂਡ"....ਸ੍ਰੀ ਵਿੰਸਟਨ ਪੀਟਰਜ਼

## ਰਣਜੀਤ ਸਿੰਘ ਖੁਰਾਣਾ ਬਣੇ ਸ੍ਰੋਮਣੀ ਅਕਾਲੀ ਦਲ (ਬ) ਹਲਕਾ ਵਿਧਾਨਸਭਾ ਫਗਵਾੜਾ ਸ਼ਹਿਰੀ ਦੇ ਇੰਚਾਰਜ

**ਫਗਵਾੜਾ 3 ਮਾਰਚ (ਬੀ.ਕੇ. ਰੱਤੂ)** ਸ੍ਰੋਮਣੀ ਅਕਾਲੀ ਦਲ (ਬ) ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਲੋਕਸਭਾ ਚੋਣਾਂ ਦੀ ਆਮਦ ਨੂੰ ਦੇਖਦੇ ਹੋਏ ਪਾਰਟੀ ਦੇ ਸੀਨੀਅਰ ਆਗੂ, ਸੂਬਾ ਸਲਾਹਕਾਰ ਕਮੇਟੀ ਮੈਂਬਰ ਅਤੇ ਫਗਵਾੜਾ ਨਗਰ ਨਿਗਮ ਦੇ ਸਾਬਕਾ ਡਿਪਟੀ ਮੇਅਰ ਰਣਜੀਤ ਸਿੰਘ ਖੁਰਾਣਾ ਨੂੰ ਵਿਧਾਨਸਭਾ ਹਲਕਾ ਫਗਵਾੜਾ (ਸ਼ਹਿਰੀ) ਦਾ ਇੰਚਾਰਜ ਨਿਯੁਕਤ ਕੀਤਾ ਹੈ ਜਦਕਿ ਸੀਨੀਅਰ ਆਗੂ ਅਤੇ ਸਾਬਕਾ ਜਿਲ੍ਹਾ ਪ੍ਰੀਸ਼ਦ ਮੈਂਬਰ ਰਜਿੰਦਰ ਸਿੰਘ ਚੰਦੀ ਨੂੰ ਫਗਵਾੜਾ ਦਿਹਾਤੀ ਹਲਕੇ ਦੇ ਇੰਚਾਰਜ ਵਜੋਂ ਜਿੰਮੇਵਾਰੀ ਦਿੱਤੀ ਗਈ ਹੈ। ਰਣਜੀਤ ਸਿੰਘ ਖੁਰਾਣਾ ਅਤੇ ਰਜਿੰਦਰ ਸਿੰਘ ਚੰਦੀ ਨੇ ਬਤੌਰ ਇੰਚਾਰਜ ਨਿਯੁਕਤੀ ਲਈ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਐਸ।ਜੀ।ਪੀ।ਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸਾਬਕਾ ਮੰਤਰੀ ਸ। ਬਿਕਰਮ ਸਿੰਘ ਮਜੀਠੀਆ, ਸਾਬਕਾ ਮੰਤਰੀ ਸ। ਦਲਜੀਤ ਸਿੰਘ ਚੀਮਾ ਅਤੇ ਸ. ਜਰਨੈਲ ਸਿੰਘ ਵਾਹਿਦ ਸਮੇਤ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਆਉਂਦੀਆਂ ਲੋਕਸਭਾ ਚੋਣਾਂ ਵਿਚ ਫਗਵਾੜਾ ਵਿਧਾਨਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਨੂੰ ਭਾਰੀ ਲੀਡ ਦੁਆਈ ਜਾਵੇਗੀ। ਇੱਥੇ ਜਿਕਰਯੋਗ ਹੈ ਕਿ ਫਗਵਾੜਾ ਵਿਧਾਨਸਭਾ ਹਲਕਾ ਹੁਸ਼ਿਆਰਪੁਰ ਲੋਕਸਭਾ ਹਲਕੇ ਦਾ ਅਹਿਮ ਹਿੱਸਾ ਹੈ ਅਤੇ ਹੁਸ਼ਿਆਰਪੁਰ ਹਲਕੇ ਤੋਂ ਲੋਕਸਭਾ ਉਮੀਦਵਾਰ ਦੀ ਜਿੱਤ ਹਾਰ ਵਿਚ ਫਗਵਾੜਾ ਵਿਧਾਨਸਭਾ ਹਲਕੇ ਦੀ ਅਹਿਮ ਭੂਮਿਕਾ ਰਹਿੰਦੀ ਹੈ।



## ਪੰਜਾਬ ਦੀਆਂ ਤਿੰਨ ਸੰਘਰਸ਼ੀਲ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਭਰ 'ਚ ਵਿਸ਼ਾਲ ਰੋਸ ਮਾਰਚ ਕਰਨ ਦਾ ਐਲਾਨ

**ਚੰਡੀਗੜ੍ਹ, (ਦਲਜੀਤ ਕੌਰ)–** ਭਾਕਿਯੂ (ਏਕਤਾ-ਉਗਰਾਹਾਂ), ਭਾਕਿਯੂ ਏਕਤਾ ਡਕੌਂਦਾ (ਧਨੇਰ) ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਭਾਰਤ ਤਿੰਨਾਂ ਜਥੇਬੰਦੀਆਂ ਵੱਲੋਂ ਐਮ ਐਸ ਪੀ ਦੀ ਕਾਨੂੰਨੀ ਗਰੰਟੀ ਵਰਗੇ ਭਖਦੇ ਕਿਸਾਨੀ ਮਸਲਿਆਂ ਨੂੰ ਹੱਲ ਕਰਨ ਦੇ ਲਿਖਤੀ ਵਾਅਦੇ ਤੋਂ ਮੁੱਕਰਨ ਅਤੇ ਇਸ ਖਾਤਰ ਦਿੱਲੀ ਜਾ ਰਹੇ ਕਿਸਾਨਾਂ ਦੇ ਜਨਤਕ ਸੰਘਰਸ਼ ਦੇ ਸੰਵਿਧਾਨਕ ਜਮਹੂਰੀ ਹੱਕ ਦਾ ਘਾਣ ਕਰਨ ਵਾਲ਼ੀ ਕੇਂਦਰੀ ਭਾਜਪਾ ਸਰਕਾਰ ਵਿਰੁੱਧ ਵਿਸ਼ਾਲ ਜਨਤਕ ਉਭਾਰ ਪੈਦਾ ਕਰਨ ਲਈ 5 ਮਾਰਚ ਨੂੰ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰੇ ਵਿਸ਼ਾਲ ਰੋਸ ਮਾਰਚ ਕਰਨ ਦਾ ਐਲਾਨ ਕੀਤਾ ਗਿਆ ਹੈ।

ਇਸ ਸਬੰਧੀ ਇੱਥੇ ਪ੍ਰੈਸ ਦੇ ਨਾਂ ਸਾਂਝਾ ਬਿਆਨ ਜਾਰੀ ਕਰਦਿਆਂ ਜਥੇਬੰਦੀਆਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਮਨਜੀਤ ਸਿੰਘ ਧਨੇਰ ਅਤੇ ਡਾ: ਦਰਸ਼ਨਪਾਲ ਨੇ ਦੱਸਿਆ ਕਿ ਬੀਤੇ ਦਿਨ ਇਸ ਸੰਬੰਧੀ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਵਿੱਚ ਹੀ ਇਹ ਫੈਸਲਾ ਕੀਤਾ ਗਿਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਇਸ ਵਿਸ਼ਾਲ ਰੋਸ ਐਕਸ਼ਨ ਦੀਆਂ ਮੁੱਖ ਮੰਗਾਂ ਵਿਚ ਦਸੰਬਰ '21 ਦੇ ਲਿਖਤੀ ਸਰਕਾਰੀ ਵਾਅਦੇ ਵਾਲੀਆਂ ਮੰਗਾਂ ਜਿਵੇਂ ਸਭ ਫਸਲਾਂ ਦੀ ਐਮ ਐਸ ਪੀ ਦੀ ਕਾਨੂੰਨੀ ਗਰੰਟੀ, ਕਿਸਾਨਾਂ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ ਤੇ ਬੁਢਾਪਾ ਪੈਨਸ਼ਨ, ਸਰਵਜਨਿਕ ਜਨਤਕ ਵੰਡ ਪ੍ਰਣਾਲੀ ਲਾਗੂ ਕਰਨ ਅਤੇ ਲਖੀਮਪੁਰ ਖੀਰੀ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਪੂਰਾ ਇਨਸਾਫ ਦੇਣ ਵਰਗੀਆਂ ਸਮੂਹ ਲਟਕਦੀਆਂ ਮੰਗਾਂ ਤੋਂ ਇਲਾਵਾ ਭਾਰਤ ਨੂੰ ਡਬਲਯੂ ਟੀ ਓ ਤੋਂ ਬਾਹਰ ਲਿਆਉਣ, ਸ਼ੁਭਕਰਨ ਸਿੰਘ ਦੇ ਕਤਲ ਅਤੇ ਪ੍ਰੀਤਪਾਲ ਸਿੰਘ ਦੀਆਂ ਲੱਤਾਂ/ਜਬਾੜ੍ਹੇ ਤੋੜਨ ਲਈ ਜ਼ਿੰਮੇਵਾਰ ਕੇਂਦਰ ਤੇ ਹਰਿਆਣਾ ਦੇ ਗ੍ਰਹਿ ਮੰਤਰੀਆਂ ਸਮੇਤ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਵਿਰੁੱਧ ਕਤਲ ਕੇਸ ਦਰਜ ਕਰ ਕੇ ਬਰਖਾਸਤ ਕਰਨ, ਦਿੱਲੀ ਘੋਲ਼ ਅਤੇ ਮੌਜੂਦਾ ਦੋਨਾਂ ਬਾਡਰਾਂ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਪੂਰਾ ਇਨਸਾਫ ਦੇਣ ਅਤੇ ਰਾਜਧਾਨੀ ਦਿੱਲੀ ਵਿਚ ਕਿਸਾਨਾਂ ਦਾ ਜਨਤਕ ਸੰਘਰਸ਼ ਕਰਨ ਦਾ ਸੰਵਿਧਾਨਕ ਜਮਹੂਰੀ ਹੱਕ ਬਹਾਲ ਕਰਨ ਵਰਗੀਆਂ ਭਖਦੀਆਂ ਮੰਗਾਂ ਸ਼ਾਮਲ ਹਨ।



ਕਿਸਾਨ ਆਗੂਆਂ ਵੱਲੋਂ ਇਨ੍ਹਾਂ ਮੰਗਾਂ ਦੀ ਪੂਰਤੀ ਦਾ ਟੀਚਾ ਹਾਸਲ ਕਰਨ ਲਈ ਜੇਤੂ ਦਿੱਲੀ ਘੋਲ਼ ਤੋਂ ਪਹਿਲਾਂ ਵਾਂਗ ਸਮੂਹ ਸੰ-ਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦੀ ਘੱਟੋ ਘੱਟ ਪ੍ਰੋਗਰਾਮ 'ਤੇ ਇੱਕਜੁਟਤਾ ਅਤੇ ਵਿਸ਼ਾਲ ਲਾਮਬੰਦੀਆਂ ਵਾਲ਼ਾ ਮਹੌਲ ਸਿਰਜਣ ਲਈ 5 ਮਾਰਚ ਦੇ ਇਨ੍ਹਾਂ ਰੋਸ ਮਾਰਚਾਂ ਵਿੱਚ ਪੰਜਾਬ ਦੀਆਂ ਸਮੂਹ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਨੂੰ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਗਈ ਹੈ। ਸਮੂਹ ਕਿਸਾਨਾਂ ਮਜ਼ਦੂਰਾਂ ਨੂੰ ਵੀ ਇਨ੍ਹਾਂ ਰੋਸ ਮਾਰਚਾਂ ਵਿੱਚ ਪਰਵਾਰਾਂ ਸਮੇਤ ਵਹੀਰਾਂ ਘੱਤ ਕੇ ਪੁੱਜਣ ਦਾ ਜ਼ੋਰਦਾਰ ਸੱਦਾ ਦਿੱਤਾ ਗਿਆ ਹੈ। ਕਿਸਾਨ ਆਗੂਆਂ ਵੱਲੋਂ 3 ਮਾਰਚ ਨੂੰ ਸ਼ਹੀਦ ਸ਼ੁਭਕਰਨ ਸਿੰਘ ਬੱਲ੍ਹੋ ਦੇ ਪਿੰਡ ਦੀ ਦਾਣਾ ਮੰਡੀ ਵਿੱਚ ਕੀਤੇ ਜਾ ਰਹੇ ਸ਼ਰਧਾਂਜਲੀ ਸਮਾਰੋਹ ਵਿੱਚ ਵੀ ਕਿਸਾਨਾਂ ਮਜ਼ਦੂਰਾਂ ਨੂੰ ਵਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

## ਰਾਸ਼ਟਰੀ ਵਿਗਿਆਨ ਦਿਵਸ ਨੂੰ ਸਮਰਪਿਤ ਮੁਕਾਬਲੇ ਕਰਵਾਏ

**ਧੂਰੀ, (ਦਲਜੀਤ ਕੌਰ)–** ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਸਾਇੰਸ ਵਿਭਾਗ ਨੇ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ। ਵਿਭਾਗ ਦੇ ਕੋਆਰਡੀਨੇਟਰ ਡਾ. ਅਸ਼ੋਕ ਕੁਮਾਰ ਨੇ ਵਿਗਿਆਨ ਦਿਵਸ ਦੀ ਮਹੱਤਤਾ ਬਾਰੇ ਸਾਇੰਸ ਗਰੁੱਪ ਦੇ ਵਿਦਿਆਰਥੀਆਂ ਨੂੰ ਵਿਸਤ੍ਰਿਤ ਜਾਣਕਾਰੀ ਦਿੱਤੀ। ਇਸ ਸਮੇਂ ਵਾਦ-ਵਿਵਾਦ, ਰੰਗੋਲੀ, ਪੋਸਟਰ ਬਣਾਉਣ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਸਾਇੰਸ ਗਰੁੱਪ ਦੇ ਭਾਗ ਦੂਜਾ ਦੇ ਹਰਮਨ ਜੋਤ ਸਿੰਘ, ਜੈਸਮੀਨ ਸਿੱਧੂ ਅਤੇ ਭਾਗ ਪਹਿਲਾ ਦੇ ਸੁਮਨ ਸ਼ਰਮਾ ਨੇ ਭਾਸ਼ਣ ਮੁਕਾਬਲੇ ਵਿੱਚ ਕ੍ਰਮਵਾਰ ਪਹਿਲਾ, ਦੂਜਾ ਤੀਜਾ ਸਥਾਨ ਹਾਸਲ ਕੀਤਾ। ਵਾਦ-ਵਿਵਾਦ ਵਿੱਚ ਭਾਗ ਦੂਜਾ ਦੇ ਹਰਸ਼ ਅਲੀ ਤੇ ਗੁਰਸ਼ਰਨ ਸਿੰਘ ਨੇ ਫਰਟੀਲਾਈਜਰ ਤੇ ਪੈਸਟੀਸਾਈਡ ਦੀ ਵਰਤੋਂ ਕਰਨ ਜਾਂ ਨਾ ਕਰਨ ਦੇ ਵਿਸ਼ੇ 'ਤੇ ਬਹੁਪੱਖੀ ਵਿਚਾਰ ਦਿੱਤੇ ਅਤੇ ਕ੍ਰਮਵਾਰ ਪਹਿਲਾ ਦੂਜਾ ਸਥਾਨ ਹਾਸਲ ਕੀਤਾ। ਭਾਗ ਤੀਜਾ ਦੀ ਵਰਸ਼ਾ ਤੇ ਜੀਆ, ਭਾਗ ਪਹਿਲਾ ਦੀ ਵੰਦਨਾ ਤੇ ਗੁਰਸ਼ਰਨ ਪ੍ਰੀਤ ਅਤੇ ਭਾਗ ਪਹਿਲਾ ਦੀ ਸੁਖਨੂਰ ਤੇ ਰਮਨਦੀਪ ਕੌਰ ਨੇ ਰੰਗੋਲੀ ਬਣਾਉਣ ਵਿੱਚ ਕ੍ਰਮਵਾਰ ਪਹਿਲਾ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਭਾਗ ਪਹਿਲਾ ਦੀ ਸੰਜਨਾ, ਭਾਗ ਦੂਜਾ ਦੀ ਪ੍ਰਭਜੋਤ ਅਤੇ ਭਾਗ ਪਹਿਲਾ ਦੀ ਗੁਰਸ਼ਰਨਪ੍ਰੀਤ ਕੌਰ ਨੇ ਪੋਸਟਰ ਬਣਾਉਣ ਵਿੱਚ ਕ੍ਰਮਵਾਰ ਪਹਿਲਾ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ।



ਕਾਲਜ ਇੰਚਾਰਜ ਡਾ. ਸੁਭਾਸ਼ ਕੁਮਾਰ ਨੇ ਕਿਹਾ ਅਧੁਨਿਕ ਯੁੱਗ ਵਿੱਚ ਸਾਇੰਸ ਬਹੁਤ ਵੱਡਾ ਯੋਗਦਾਨ ਦੇ ਰਹੀ ਹੈ ਅਤੇ ਅਜਿਹੇ ਮੁਕਾਬਲੇ ਕਰਵਾਉਣ ਨਾਲ ਵਿਦਿਆਰਥੀਆਂ ਵਿੱਚ ਛੁਪੀ ਪ੍ਰਤਿਭਾ ਨਿਕਲ ਕੇ ਸਾਹਮਣੇ ਆਉਂਦੀ ਹੈ। ਜੇਤੂ ਵਿੱਦਿਆਰਥੀਆਂ ਨੂੰ ਮੈਡਲਾਂ ਅਤੇ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਪ੍ਰੋ. ਜਗਜੋਤ ਕੌਰ ਅਤੇ ਮੁਕਾਬਲਿਆਂ ਵਿੱਚ ਜੱਜ ਦੀ ਭੂਮਿਕਾ ਡਾ। ਮਨਜੋਤ ਕੌਰ ਤੇ ਪ੍ਰੋ। ਕੀਰਤੀ ਚਾਵਲਾ ਵੱਲੋਂ ਨਿਭਾਈ ਗਈ। ਇਸ ਮੌਕੇ ਡਾ. ਰਾਕੇਸ਼ ਕੁਮਾਰ, ਡਾ। ਗਗਨਦੀਪ ਸਿੰਘ, ਡਾ. ਊਸ਼ਾ ਜੈਨ ਹਾਜ਼ਰ ਸਨ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਹੂੰਗੜਾ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਪਿੰਡ ਵਿੱਚ ਨਗਰ ਕੀਰਤਨ ਸਜਾਏ







**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਬਲਾਕ ਸੜੋਆ ਦੇ ਪਿੰਡ ਸਹੂੰਗੜਾ ਵਿਖੇ ਬੀਤੇ ਕੱਲ੍ਹ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਪ੍ਰਕਾਸ਼ ਦਿਹਾੜੇ ਮਨਾਉਣ ਸੰਬੰਧੀ ਸ੍ਰੀ ਗੁਰੂ ਰਵਿਦਾਸ ਜੀ ਗੁਰਦੁਆਰਾ ਸਾਹਿਬ ਵਿਖੇ ਸਮੂਹ ਸਾਧ ਸੰਗਤ ਵਲੋਂ ਮਿਲ ਕਰਕੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ। ਅੱਜ ਹਰ ਸਾਲ ਦੀ ਤਰ੍ਹਾਂ ਸਤਿਗੁਰਾਂ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਪਿੰਡ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਏ ਗਏ।

ਨਗਰ ਕੀਰਤਨ ਦੌਰਾਨ ਪੰਥ ਪ੍ਰਸਿੱਧ ਢਾਡੀ ਗਿਆਨੀ ਅਮਰਜੀਤ ਸਿੰਘ ਧੌਲਾ ਦੇ ਜੱਥੇ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸੰਬੰਧੀ ਗੁਰੂ ਇਤਿਹਾਸ ਗਾ ਕੇ ਸੰਗਤਾਂ ਨੂੰ ਗੁਰਬਾਣੀ ਵਾਲ ਜੋੜਿਆ। ਪਿੰਡ ਦੇ ਸਾਰੇ ਭਾਈਚਾਰਿਆਂ ਵਲੋਂ ਮਿਲਕੇ ਭਾਈਚਾਰਕ ਸਾਂਝ ਨੂੰ ਹੋਰ ਮਜਬੂਤ ਕਰਦਿਆਂ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ ਤੇ ਹਰ ਪੜਾਅ ਤੇ ਰੁਕਣ ਵੇਲੇ ਉਹਨਾਂ ਵਲੋਂ ਤਰ੍ਹਾਂ ਤਰ੍ਹਾਂ ਦੇ ਪਕਵਾਨਾ ਦੇ ਸੰਗਤਾਂ ਲਈ ਲੰਗਰ ਵੀ ਲਗਾਏ ਗਏ।

ਥੋੜਾ ਜਿਹਾ ਮੀਂਹ ਪੈਣ ਨਾਲ ਪਿੰਡ ਦੀ ਪੰਚਾਇਤ ਵਲੋਂ ਨਵੇਂ ਬਣਾਏ ਡਿਜੀਟਲ ਸਹੂੰਗੜੇ ਦਾ ਜਲੂਸ ਨਿਕਲਣ ਕਾਰਨ ਸੜਕ ਤੇ ਥੋੜਾ ਥੋੜਾ ਪਾਣੀ ਖੜ੍ਹ ਗਿਆ। ਪ੍ਰਬੰਧਕਾਂ ਵਲੋਂ ਤੇ ਡਾਕਟਰ ਹਰਭਜਨ ਸਿੰਘ ਵਲੋਂ ਸੂਝ-ਬੂਝ ਤੇ ਫੁਰਤੀ ਤੋਂ ਕੰਮ ਲੈਂਦਿਆਂ ਮਿੱਟੀ ਦੀ ਟਰਾਲੀ ਮੰਗਵਾ ਕੇ ਪਾਣੀ ਖੜਨ ਵਾਲੇ ਖੱਡਿਆਂ ਵਿੱਚ ਮਿੱਟੀ ਪਾਈ ਤੇ ਰਸਤਾ ਸਾਫ ਕੀਤਾ, ਜਿਸ ਨਾਲ ਸੰਗਤਾਂ ਖੁਸ਼ ਹੋ ਗਈਆਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਵਾਲੀ ਗੱਡੀ ਦੇ ਪਿੱਛੇ ਪਿੱਛੇ ਚੱਲ ਰਹੀਆਂ ਸੰਗਤਾਂ ਵਲੋਂ ਗੁਰਬਾਣੀ ਦੇ ਸ਼ਬਦ ਗਾਏ ਗਏ ਤੇ ਸੰਗਤਾਂ ਵਲੋਂ ਪਿੱਛੇ ਸ਼ਬਦ ਗਾ ਕੇ ਆਪਣੀ ਜਿੰਦਗੀ ਦਾ ਕੀਮਤੀ ਸਮਾਂ ਸਫਲ ਕੀਤਾ। ਇਸ ਮੌਕੇ ਤੇ ਤੱਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਦੇ ਖਜਾਨਚੀ ਤੇ ਪਿੰਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾਕਟਰ ਹਰਭਜਨ ਸਿੰਘ, ਖਜਾਨਚੀ ਜਗਤਾਰ ਸਿੰਘ, ਜਸਵਿੰਦਰ, ਸਤਨਾਮ ਸੱਤੂ, ਠੇਕੇਦਾਰ ਦਿਲਬਾਗ ਸਿੰਘ, ਨੰਬਰਦਾਰ ਓਮ ਪ੍ਰਕਾਸ਼ ਸਿੰਘ, ਨੰਬਰਦਾਰ ਸਤਨਾਮ ਸਿੰਘ ਖੇਲਾ, ਬਲਾਕ ਸੰਮਤੀ ਮੈਂਬਰ ਬਲਵਿੰਦਰ ਕੌਰ, ਸੰਤੋਖ ਸਿੰਘ ਖੇਲਾ, ਹਰਨੇਕ ਸਿੰਘ ਖੇਲਾ, ਜਰਨੈਲ ਸਿੰਘ ਕਲੇਰ, ਸਰਬਜੀਤ ਸਿੰਘ, ਹਰਮੇਲ ਸਹੂੰਗੜਾ, ਬਲਜੀਤ ਸਿੰਘ, ਕੁਲਵਿੰਦਰ ਸਿੱਧੂ, ਕੇਵਲ ਰਾਮ, ਅਮਰੀਕ ਸਿੰਘ, ਜਗਤਾਰ ਸਿੰਘ, ਰਸ਼ਪਾਲ ਸਿੰਘ, ਫੌਜੀ ਸੋਹਣ ਸਿੰਘ, ਰਾਮ ਸਰੂਪ, ਜਸਵਿੰਦਰ ਪਾਲ, ਸਾਬਕਾ ਸਰਪੰਚ ਜਸਵਿੰਦਰ ਕੌਰ, ਜੋਗਿੰਦਰ ਕੌਰ, ਪ੍ਰਕਾਸ਼ ਕੌਰ, ਇੰਦਰਜੀਤ ਕੌਰ, ਆਂਗਣਵਾੜੀ ਵਰਕਰ ਅਮਨਦੀਪ ਕੌਰ, ਆਸ਼ਾ ਵਰਕਰ ਗੁਰਪਾਲ ਕੌਰ, ਜਥੇਦਾਰ ਬਗੀਚਾ ਸਿੰਘ, ਰਾਣੋ, ਨੀਲਮ, ਕਮਲਾ ਦੇਵੀ, ਚਰਨ ਕੌਰ, ਪ੍ਰਗਣ ਸਿੰਘ ਫੌਜੀ, ਅਵਤਾਰ ਸਿੰਘ, ਗੁਰਵਿੰਦਰ ਸਿੰਘ ਕਲੇਰ, ਜੀਤ ਰਾਮ, ਸੰਤੋਖ ਸਿੰਘ ਕਲੇਰ, ਲੱਕੀ, ਗੋਪੀ, ਹਰਜਿੰਦਰ ਸਿੰਘ ਨਿੱਕੂ, ਪੰਚ ਮਨਜੀਤ ਕੌਰ, ਸੁਰਿੰਦਰ ਕੁਮਾਰ, ਅਸ਼ਵਨੀ ਕੁਮਾਰ, ਬਲਵਿੰਦਰ ਸਿੰਘ, ਏ ਐਸ ਆਈ ਗੁਰਦਿਆਲ ਸਿੰਘ, ਮਹਿੰਦਰ ਸਿੰਘ, ਗੁਰਮੇਲ ਸਿੰਘ ਕਲੇਰ, ਸੁਰਜੀਤ ਚੰਦ, ਭੁਪਿੰਦਰ ਕੌਰ, ਗੁਰਦੇਵ ਕੌਰ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਵਲੋਂ ਨਗਰ ਕੀਰਤਨ ਵਿੱਚ ਹਾਜਰੀ ਭਰ ਕੇ ਆਪਣਾ ਜੀਵਨ ਸਫਲ ਕੀਤਾ।

# 'ਪੇਂਡੂ 'ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ' ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਰੋਸ ਰੈਲੀ






**ਬਠਿੰਡਾ, (ਦਲਜੀਤ ਕੌਰ)–** 'ਆਪ' ਸਰਕਾਰ ਵੱਲੋਂ 5 ਮਾਰਚ ਨੂੰ ਪੇਸ਼ ਕੀਤੇ ਜਾਣ ਵਾਲੇ ਬਜਟ ਵਿਚ ਮਜ਼ਦੂਰ ਵਰਗ ਲਈ ਢੁਕਵੇਂ ਬਜਟ ਦਾ ਪ੍ਰਬੰਧ ਯਕੀਨੀ ਬਣਾਉਣ ਲਈ 'ਪੇਂਡੂ 'ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ' ਵੱਲੋਂ ਅੱਜ ਮੁਜ਼ਾਹਰਾ ਕਰਕੇ ਬਠਿੰਡਾ ਸ਼ਹਿਰੀ ਦੇ ਵਿਧਾਇਕ ਜਗਰੂਪ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ, ਜਿਸ ਰਾਹੀਂ 5 ਮਾਰਚ ਨੂੰ ਪੇਸ਼ ਕੀਤੇ ਜਾਣ ਵਾਲੇ ਬਜਟ ਵਿੱਚ ਮਜ਼ਦੂਰ ਮੰਗਾਂ ਦੀ ਪੂਰਤੀ ਲਈ ਢੁਕਵੀਂ ਰਾਸ਼ੀ ਰੱਖਣ ਦੀ ਮੰਗ ਕੀਤੀ ਗਈ। ਮੁਜ਼ਾਹਰੇ ਤੋਂ ਪਹਿਲਾਂ ਡੀਸੀ ਦਫ਼ਤਰ ਅੱਗੇ ਮਿੱਠੂ ਸਿੰਘ ਘੁੱਦਾ, ਤੀਰਥ ਸਿੰਘ ਕੋਠਾ ਗੁਰੂ, ਪ੍ਰਿਤਪਾਲ ਸਿੰਘ ਰਾਮਪੁਰਾ, ਸੁਰਜੀਤ ਸਿੰਘ ਸਰਦਾਰਗੜ੍ਹ, ਜੀਤ ਸਿੰਘ ਮਹਿਰਾਜ, ਬੇਟਾ ਸਿੰਘ ਕੋਠੇ ਨਾਥਿਆਣਾ ਦੀ ਪ੍ਰਧਾਨਗੀ ਹੇਠ ਰੈਲੀ ਕੀਤੀ ਗਈ। ਮੰਚ ਦੀ ਕਾਰਵਾਈ ਸਾਥੀ ਮਹੀਪਾਲ ਨੇ ਚਲਾਈ।

ਇਸ ਮੌਕੇ ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ, ਦਿਹਾਤੀ ਮਜ਼ਦੂਰ ਸਭਾ ਪੰਜਾਬ ਦੇ ਸੂਬਾਈ ਕਾਰਜਕਾਰਨੀ ਦੇ ਮੈਂਬਰ ਪ੍ਰਕਾਸ਼ ਸਿੰਘ ਨੰਦਗੜ੍ਹ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਪ੍ਰਿਤਪਾਲ ਸਿੰਘ ਰਾਮਪੁਰਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂ ਕੁਲਵੰਤ ਸਿੰਘ ਸੇਲਬਰਾਹ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਮਨਦੀਤ ਸਿੰਘ ਸਰਦਾਰ ਗੜ੍ਹ ਤੇ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਆਗੂ ਅਮੀ ਲਾਲ ਬਲਾਹੜ ਮਹਿਮਾ ਨੇ ਮਜ਼ਦੂਰਾਂ ਨੂੰ ਪੱਕੇ ਰੁਜ਼ਗਾਰ ਦੀ ਗਰੰਟੀ ਕਰਨ, ਦਿਹਾੜੀ 700 ਰੁਪਏ ਦਿੱਤੇ ਜਾਣ, ਮਨਰੇਗਾ ਤਹਿਤ ਸਾਲ ਭਰ ਕੰਮ ਦਿੱਤੇ ਜਾਣ, ਮਾਈਕਰੋਫਾਈਨਾਂਸ ਕੰਪਨੀਆਂ ਸਮੇਤ ਮਜ਼ਦੂਰਾਂ ਕਿਸਾਨਾਂ ਤੇ ਔਰਤਾਂ ਸਿਰ ਚੜ੍ਹਿਆ ਸਮੁੱਚਾ ਕਰਜ਼ਾ ਮੁਆਫ਼ ਕਰਣ ਅਤੇ ਅੱਗੇ ਤੋਂ ਸਸਤੇ ਕਰਜ਼ਿਆਂ ਦਾ ਪ੍ਰਬੰਧ ਕਰਨ, ਬੁਢਾਪਾ ਵਿਧਵਾ ਅੰਗਹੀਣ ਆਸ਼ਰਿਤਾਂ ਦੀ ਪੈਨਸ਼ਨ ਪੰਜ ਹਜ਼ਾਰ ਰੁਪਏ ਮਹੀਨਾ ਕਰਨ, ਚੋਣ ਗਰੰਟੀ ਮੁਤਾਬਕ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ, ਸਭਨਾਂ ਬੇਘਰਿਆਂ ਤੇ ਲੋੜਵੰਦਾਂ ਲਈ ਪਲਾਟ ਅਤੇ ਮਕਾਨ ਉਸਾਰੀ ਲਈ ਪੰਜ ਲੱਖ ਰੁਪਏ ਦੀ ਗਰਾਂਟ ਲੈਣ, ਜਨਤਕ ਵੰਡ ਪ੍ਰਣਾਲੀ ਮਜ਼ਬੂਤ ਕਰਕੇ ਡਿਪੂਆਂ ਤੋਂ ਰਸੋਈ ਤੇ ਘਰੇਲੂ ਵਰਤੋਂ ਦੀਆਂ ਜ਼ਰੂਰੀ ਵਸਤਾਂ ਦੀ ਨਿਗੂਣੇ ਰੇਟਾਂ 'ਤੇ ਸਪਲਾਈ ਯਕੀਨੀ ਬਣਾਉਣ, ਤਿੱਖੇ ਜ਼ਮੀਨੀ ਸੁਧਾਰ ਲਾਗੂ ਕਰਕੇ ਵਾਧੂ ਜ਼ਮੀਨਾਂ ਦੀ ਵੰਡ ਖੇਤ ਮਜਦੂਰਾਂ ਤੇ ਗਰੀਬ ਕਿਸਾਨਾਂ ਚ ਕਰਨ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਜ਼ਮੀਨ ਸਸਤੇ ਭਾਅ ਮਜ਼ਦੂਰਾਂ ਨੂੰ ਠੇਕੇ ਤੇ ਦੇਣ,ਮਜ਼ਦੂਰ ਕਿਸਾਨ ਪੱਖੀ ਖੇਤੀ ਨੀਤੀ ਬਣਾਉਣ ਅਤੇ ਲੜ ਰਹੇ ਲੋਕਾਂ 'ਤੇ ਜਬਰ ਬੰਦ ਕਰਨ ਆਦਿ ਮੰਗਾਂ ਲਾਗੂ ਕਰਵਾਉਣ ਲਈ ਇੱਕਮੁੱਠ ਹੋਕੇ ਸੰਘਰਸ਼ ਕਰਨ ਦੀ ਲੋੜ ਹੈ।

ਉਨਾਂ ਆਪਣੀਆਂ ਮੰਗਾਂ ਲਈ ਸੰਘਰਸ਼ ਕਰਨ ਵਾਲੇ ਕਿਸਾਨਾਂ 'ਤੇ ਮੋਦੀ ਤੇ ਹਰਿਆਣਾ ਦੀ ਖੱਟਰ ਸਰਕਾਰ ਵੱਲੋਂ ਕੀਤੇ ਤਸ਼ੱਦਦ ਅਤੇ ਗੋਲੀਆਂ ਮਾਰਕੇ ਨੌਜਵਾਨ ਸ਼ੁਭਕਰਨ ਸਿੰਘ ਨੂੰ ਕਤਲ ਕਰਨ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕਰਦਿਆਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ।

****

# ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ ਦੀ ਪਛਾਣ ਕਰਕੇ ਜਲਦ ਤੋਂ ਜਲਦ ਭੇਜੀ ਜਾਵੇ ਰਿਪੋਰਟ: ਏਡੀਸੀ

**ਸੰਗਰੂਰ, (ਦਲਜੀਤ ਕੌਰ)** ਐਡੀਸ਼ਨਲ ਡਿਪਟੀ ਕਮਿਸ਼ਨਰ (ਜ)-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਸੰਗਰੂਰ ਆਕਾਸ਼ ਬਾਂਸਲ ਵੱਲੋਂ ਅੱਜ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸੰਗਰੂਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਿਆਂ ਦੇ ਸਹਾਇਕ ਰਿਟਰਨਿੰਗ ਅਫ਼ਸਰਾਂ ਅਤੇ ਜ਼ਿਲ੍ਹਾ ਪੁਲਿਸ ਦੇ ਅਫ਼ਸਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਆਕਾਸ਼ ਬਾਂਸਲ



ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਆਗਾਮੀ ਲੋਕ ਸਭਾ ਚੋਣਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜਲਦ ਤੋਂ ਜਲਦ ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ ਦੀ ਪਛਾਣ ਕਰਕੇ ਇਸਦੀ ਰਿਪੋਰਟ ਭੇਜੀ ਜਾਵੇ।

ਐਡੀਸ਼ਨਲ ਜ਼ਿਲ੍ਹਾ ਚੋਣ ਅਫ਼ਸਰ ਆਕਾਸ਼ ਬਾਂਸਲ ਨੇ ਕਿਹਾ ਕਿ ਸੰਗਰੂਰ ਜ਼ਿਲ੍ਹਾ ਪ੍ਰਸ਼ਾਸਨ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਲੋਕ ਸਭਾ ਚੋਣਾਂ ਪੂਰੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਅਤੇ ਚੋਣਾਂ ਦੌਰਾਨ ਅਮਨ ਅਤੇ ਸ਼ਾਂਤੀ ਦੀ ਸਥਿਤੀ ਕਾਇਮ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸੇ ਤਹਿਤ ਵਲਨੇਰੇਬਿਲਟੀ ਮੈਪਿੰਗ ਅਤੇ ਅਤਿ-ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ ਦੀ ਪਛਾਣ ਬਹੁਤ ਅਹਿਮ ਕਦਮ ਹੈ। ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਵੋਟਰਾਂ ਨੂੰ ਬਿਨਾਂ ਕਿਸੇ ਡਰ, ਭੈਅ ਜਾਂ ਪ੍ਰਭਾਵ ਦੇ ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਸਵੀਪ ਗਤੀਵਿਧੀਆਂ ਤਹਿਤ ਲਗਾਤਾਰ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਐੱਸ.ਡੀ.ਐੱਮ. ਸੰਗਰੂਰ ਚਰਨਜੋਤ ਸਿੰਘ ਵਾਲੀਆ, ਐਸ.ਡੀ.ਐਮ. ਧੂਰੀ ਅਮਿਤ ਗੁਪਤਾ, ਐਸ।ਡੀ।ਐਮ। ਸੁਨਾਮ ਪ੍ਰਮੋਦ ਕਾਂਸਲ, ਡੀ.ਐਸ.ਪੀ. ਗੁਰਮੁੱਖ ਸਿੰਘ, ਤਹਿਸੀਲਦਾਰ ਚੋਣਾਂ ਪਰਮਜੀਤ ਕੌਰ, ਚੋਣ ਕਾਨੂੰਨਗੋ ਸੰਦੀਪ ਸਿੰਘ ਵੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਸੇਵਾ ਕੇਂਦਰ ਦੀ ਅਚਨਚੇਤ ਚੈਕਿੰਗ

**ਸੰਗਰੂਰ, (ਦਲਜੀਤ ਕੌਰ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਾਗਰਿਕਾਂ ਨੂੰ ਸਰਵੋਤਮ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਦੇ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਵਾਸਤੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸੰਗਰੂਰ ਵਿਖੇ ਸਥਿਤ ਸੇਵਾ ਕੇਂਦਰ ਦੀ ਅਚਨਚੇਤ ਚੈਕਿੰਗ ਕੀਤੀ ਗਈ। ਉਨ੍ਹਾਂ ਇਸ ਦੌਰਾਨ ਸੇਵਾ ਕੇਂਦਰ ਵਿਚ ਟੋਕਨ ਲੈਣ ਉਪਰੰਤ ਆਪਣੀ ਵਾਰੀ ਦੀ ਉਡੀਕ ਕਰ ਰਹੇ ਨਾਗਰਿਕਾਂ ਤੋਂ ਫੀਡਬੈਕ ਲਈ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਚੰਗੀਆਂ ਪ੍ਰਸ਼ਾਸ਼ਕੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਜੇਕਰ ਕਿਸੇ ਵੀ ਵਿਅਕਤੀ ਨੂੰ ਪ੍ਰਸ਼ਾਸਨਿਕ ਸੇਵਾਵਾਂ ਦੇ ਪੱਧਰ ਉੱਤੇ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਉਨ੍ਹਾਂ ਨਾਲ ਸਿੱਧੇ ਤੌਰ 'ਤੇ ਵੀ ਰਾਬਤਾ ਕਰ ਸਕਦਾ ਹੈ। ਉਨ੍ਹਾਂ ਨੇ ਸੇਵਾ ਕੇਂਦਰ ਵਿਚ ਸੇਵਾਵਾਂ ਹਾਸਲ ਕਰਨ ਪੁੱਜੇ ਸੀਨੀਅਰ ਸਿਟੀਜਨ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਜਾਣੂ ਕਰਵਾਇਆ ਕਿ ਪੰਜਾਬ ਸਰਕਾਰ ਵੱਲੋਂ ਹੁਣ ਲੋਕਾਂ ਦੀ ਸੁਵਿਧਾ ਲਈ ਸੇਵਾ ਕੇਂਦਰ ਨਾਲ ਸਬੰਧਤ ਵੱਖ ਵੱਖ ਸੇਵਾਵਾਂ ਨੂੰ



ਘਰਾਂ ਵਿੱਚ ਮੁਹੱਈਆ ਕਰਵਾਉਣ ਦੀ ਸੁਵਿਧਾ ਉਪਲੱਬਧ ਕਰਵਾ ਦਿੱਤੀ ਹੈ ਤਾਂ ਜੋ ਲੋਕਾਂ ਦੇ ਕੀਮਤੀ ਸਮੇਂ ਦੀ ਬੱਚਤ ਹੋ ਸਕੇ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਸੇਵਾ ਕੇਂਦਰ ਦੇ ਸਟਾਫ ਨੂੰ ਸਮੇਂ ਸਿਰ ਡਿਊਟੀ ਉੱਤੇ ਪਹੁੰਚਣ ਅਤੇ ਨੂੰ ਪਾਰਦਰਸ਼ਤਾ ਅਤੇ ਸਮਾਂ ਬੱਧ ਤਰੀਕੇ ਨਾਲ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਦੀ ਹਦਾਇਤ ਕੀਤੀ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਸਰਵੋਤਮ ਅਤੇ ਸਮਾਂ ਬੱਧ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਦਾ ਵਿਸ਼ਵਾਸ ਦਿਵਾਇਆ। ਉਨ੍ਹਾਂ ਕਿਹਾ ਕਿ ਸਰਕਾਰੀ ਵਿਭਾਗਾਂ ਦੇ ਮੁਖੀਆਂ ਨੂੰ ਵੀ ਨਾਗਰਿਕਾਂ ਦੇ ਕੰਮ ਸਮੇਂ ਸਿਰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਮੌਕੇ ਉਨ੍ਹਾਂ ਨਾਲ ਸਹਾਇਕ ਕਮਿਸ਼ਨਰ ਜਸਪਿੰਦਰ ਸਿੰਘ ਵੀ ਹਾਜ਼ਰ ਸਨ।

# ਕਿਸੇ ਵੀ ਰਾਜਨੀਤਕ ਪਾਰਟੀ ਵਲੋਂ ਸ਼ਹੀਦਾਂ ਦੇ ਸਮਾਰਕ ਤੇ ਸੌਂਹ ਨਹੀਂ ਚੁੱਕਣੀ ਚਾਹੀਦੀ - ਅਮਿਤ ਅਜਾਦ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਡਿਤ ਦੀਨ ਦਿਆਲ ਉਪਾਧਆਯ ਸਮਰਿਤਿ ਮੰਚ ਪੰਜਾਬ ਵਲੋਂ ਸ਼ਹੀਦ- ਏ-ਆਜਮ ਸ ਭਗਤ ਸਿੰਘ ਜੀ ਦੇ ਨਜਦੀਕੀ ਸਾਥੀ ਚੰਦਰ ਸ਼ੇਖਰ ਆਜ਼ਾਦ ਜੀ ਦਾ ਬਲਿਦਾਨ ਦਿਵਸ ਅੱਜ ਖਟਕੜ ਕਲਾਂ ਵਿਖੇ ਮਨਾਇਆ ਗਿਆ। ਇਸ ਬਲਿਦਾਨ ਦਿਵਸ ਸਮਾਰੋਹ ਵਿੱਚ ਲਕਸ਼ ਆਜਾਦ ਦੇ ਕੌਮੀ ਪ੍ਰਧਾਨ ਅਮਿਤ ਆਜਾਦ ਪੋਤਰੇ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਇਸ ਮੌਕੇ ਉਨ੍ਹਾਂ ਕਿਹਾ ਕਿ ਕਿਸੇ ਵੀ ਰਾਜਨੀਤਕ ਪਾਰਟੀਆਂ ਨੂੰ ਸ਼ਹੀਦਾਂ ਦੇ ਸਮਾਰਕਾਂ ਤੇ ਜਾਕੇ ਸਹੁੰ ਨਹੀਂ ਚੁੱਕਣੀ ਚਾਹੀਦੀ। ਅਗਰ ਚੁੱਕੀ ਤਾਂ ਉਸ ਨੂੰ ਪੂਰਾ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ ਏ ਆਜਮ ਸ ਭਗਤ ਸਿੰਘ ਜੀ ਦੇ ਸਮਾਰਕ ਤੇ ਸਹੁੰ ਚੁੱਕੀ। ਪਰ ਕੋਈ ਵਾਅਦਾ ਪੂਰਾ ਨਹੀਂ ਕੀਤਾ। ਪੰਜਾਬ ਵਿਚ ਗੁੰਡਾ ਰਾਜ ਹੈ। ਨਸ਼ਾ ਚਰਮਸੀਮਾ ਤੱਕ ਪਹੁੰਚ ਗਿਆ ਹੈ। ਭਰਿਸ਼ਟਾਚਾਰ ਇਸ ਕਦਰ ਵੱਧ ਚੁੱਕਾ ਹੈ ਕਿ ਕੋਈ ਵੀ ਕੰਮ ਬਿਨਾਂ ਪੈਸੇ ਦਿੱਤੇ ਤੋਂ ਨਹੀਂ ਹੁੰਦਾ। ਉਨਾ ਕਿਹਾ ਕਿ ਰਾਜਨੀਤਕ ਪਾਰਟੀਆਂ ਨੂੰ ਸ਼ਹੀਦਾਂ ਦੇ ਨਾਮ ਤੇ ਰਾਜਨੀਤੀ ਕਰਨ ਦਾ ਕੋਈ ਹੱਕ ਨਹੀਂ। ਦੇਸ਼ ਦੇ ਲੱਗਭੱਗ 30 ਲੱਖ ਕ੍ਰਾਂਤੀਕਾਰੀਆਂ ਨੇ ਕੁਰਬਾਨੀ ਦੇ ਕੇ ਇਸ ਦੇਸ਼ ਨੂੰ ਗੁਲਾਮੀ ਦੀ



ਚੁੰਗਲ ਵਿਚੋਂ ਕੱਢ ਕੇ ਅਜਾਦੀ ਲੈ ਕੇ ਦਿੱਤੀ ਪਰ ਇਹ ਲੋਕ ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਰਾਜਨੀਤੀ ਕਰਕੇ ਸੱਤਾ ਤੇ ਕਾਬਜ਼ ਹੋ ਗਏ ਹਨ। ਸ਼ਹੀਦਾਂ ਦੇ ਸੁਪਨਿਆਂ ਨੂੰ ਦਰਕਿਨਾਰ ਕਰ ਦਿੱਤਾ ਹੈ। ਉਨ੍ਹਾਂ ਯੂਪੀ ਦੇ ਮੁੱਖ ਮੰਤਰੀ ਅਦਿਤਿਆਨਾਥ ਯੋਗੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼੍ਰੀ ਯੋਗੀ ਜੀ ਨੇ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਜੀ ਦੀ ਯਾਦਗਾਰ ਬਣਾਉਣ ਲਈ 3 ਖੇਤ ਜਮੀਨ ਦਿੱਤੀ ਹੈ ਜਿੱਥੇ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਜੀ ਦਾ 151 ਫੁੱਟ ਉਚਾ ਕਾਂਸੀ ਦਾ ਬੁੱਤ ਲਗਾਇਆ ਜਾਵੇਗਾ। ਇਸ ਮੌਕੇ ਪੰਡਿਤ ਦੀਨ ਦਿਆਲ ਉਪਾਧਆਯ ਸਮਰਿਤੀ ਮੰਚ ਪੰਜਾਬ ਦੇ ਪ੍ਰਧਾਨ ਕਿਸ਼ਨ ਲਾਲ ਸ਼ਰਮਾਂ ਨੇ ਜੋਸ਼ ਭਰੇ ਲਹਿਜੇ ਨਾਲ ਤਕਰੀਰ ਕਰਦੇ ਹੋਏ ਕਿਹਾ ਕਿ ਸ਼ਹੀਦਾਂ ਦੀਆਂ ਤਸਵੀਰਾਂ ਲਗਾਉਣ ਨਾਲ ਸ਼ਹੀਦਾਂ ਦੇ ਸੁਪਨੇ ਸਾਕਾਰ ਨਹੀਂ ਹੋ ਸਕਦੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵਲੋਂ ਪੰਜਾਬ ਦੇ ਨੌਜਵਾਨਾਂ ਉਪਰ ਪੁਲਿਸ ਰਾਹੀਂ ਅੱਤਿਆਚਾਰ ਕਰਵਾਇਆ ਜਾ ਰਿਹਾ ਹੈ। ਨੌਜਵਾਨਾਂ ਨੂੰ ਚਿੱਟੇ ਦੀ ਦਲਦਲ ਵਿੱਚ ਧਕੇਲਿਆ ਜਾ ਚੁੱਕਾ ਹੈ। ਮਾਵਾਂ ਵਿਰਲਾਪ ਕਰ ਰਹੀਆਂ ਹਨ।

ਪੰਜਾਬ ਪੁਲਿਸ ਦੇ ਡੀਜੀਪੀ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਰਾਘਵ ਚੱਢਾ ਦੀ ਰੱਖਿਆ ਅਤੇ ਜੀ ਹਜ਼ੂਰੀ ਵਿੱਚ ਲੱਗੇ ਹੋਏ ਹਨ। ਇਸ ਕਰਕੇ ਕਤਲੇਆਮ, ਲੁੱਟ ਖੋਹ ਅਤੇ ਨਸ਼ਾ ਚਰਮਸੀਮਾ ਤੱਕ ਪਹੁੰਚ ਚੁੱਕਾ ਹੈ।ਉਨ੍ਹਾਂ ਕਿਹਾ ਪੰਜਾਬ ਪੁਲਿਸ ਦੇ ਉੱਚ ਅਧਿਕਾਰੀ ਨਸ਼ੇ ਦੇ ਵਿਉਪਾਰ ਵਿੱਚ ਲਿਪਤ ਹਨ। ਉਨ੍ਹਾਂ ਦੀਆਂ ਆਮਦਨ ਤੋਂ ਵੱਧ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ। ਇਸ ਮੌਕੇ ਜਸਵੀਰ ਬੱਗਾ, ਡਾ ਵਿਨੀਤ ਸ਼ਰਮਾਂ, ਰਾਜੀਵ ਪਾਂਜਾ, ਵਿਜੇ ਕੁਮਾਰ, ਸੰਜੇ ਪਰਾਸ਼ਰ, ਨਵੀਨ ਕੁਮਾਰ, ਨਰੇਸ਼ ਕੁਮਾਰ, ਕਮਲ ਚੋਪੜਾ, ਕੁਲਦੀਪ ਢਿੱਲੋਂ, ਰਾਜੀਵ ਕੁਮਾਰ ਆਦਿ ਵੀ ਹਾਜਰ ਸਨ।

## ਮੈਡੀਕਲ ਪ੍ਰੈਕਟੀਸ਼ਨਰਜ ਐਸ਼ੋਸੀਏਸ਼ਨ ਪੰਜਾਬ ਦੇ ਬਲਾਕ ਬੰਗਾ ਦੀ ਮਹੀਨਾਵਾਰ ਮੀਟਿੰਗ ਹੋਈ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਮੈਡੀਕਲ ਪਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਦੇ ਬਲਾਕ ਬੰਗਾ ਦੀ ਮੀਟਿੰਗ ਬੰਗਾ ਵਿਖੇ ਪਧਾਨ ਡਾ ਅਮਿਤ ਲਾਲ ਰਾਣਾ ਜੀ ਦੀ ਪ੍ਰਧਾਨਗੀ ਵਿੱਚ ਬੰਗਾ ਵਿਖੇ ਹੋਈ। ਜਿਸ ਵਿਚ ਵੱਖ ਵੱਖ ਵਿਚਾਰ ਵਟਾਂਦਰਾ ਕੀਤਾ ਅੱਜ ਦੀ ਮੀਟਿੰਗ ਧੰਨ ਧੰਨ ਸਾਹਿਬ ਸ਼੍ਰੀ ਗਰੂ ਰਵਿਦਾਸ ਜੀ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕੀਤੀ ਗਈ ਤੇ ਉਨਾ ਦੀਆ ਸਿੱਖਿਆ ਤੇ ਚੱਲਣ ਦਾ ਪ੍ਰਣ ਕੀਤਾ ਗਿਆ ਤੇ ਨਾਲ ਹੀ ਪੰਜਾਬ ਸਰਕਾਰ ਨੂੰ ਆਪਣੀਆ ਮੰਗਾਂ ਮੰਨਣ ਦੀ ਪੁਰਜੋਰ ਅਪੀਲ ਕੀਤੀ ਤੇ ਨਾਲ ਹੀ ਸੰਗਰੂਰ ਵਿਖੇ ਸੂਬਾ ਪੱਧਰੀ ਵਿਸਾਲ ਰੈਲੀ ਤੇ ਜਾਣ ਦੀ ਰੂਪ ਰੇਖਾ ਤਿਆਰ ਕੀਤੀ ਗਈ। ਅੱਜ ਦੀ ਮੀਟਿੰਗ ਵਿੱਚ ਡਾ ਅਮਿਤ ਲਾਲ ਰਾਣਾ, ਡਾ ਰਤਨ ਸਿੰਘ, ਡਾ ਗੁਰਮੇਲ ਮਜਾਰੀ, ਡਾ ਨਰਿੰਦਰ ਬਿੱਲਾ, ਡਾ ਜਗਦੀਪ ਸਿੰਘ, ਡਾ ਧਰਮ ਪਾਲ ਬੱਗਾ, ਡਾ ਅਸ਼ੋਕ ਕੁਮਾਰ ਗਾਬਾ, ਡਾ ਜਸਪਾਲ ਕੌਰ, ਡਾ ਗੀਤਾ, ਡਾ ਸੁਧੀਰ, ਡਾ ਸਿੰਦਰ ਪਾਲ ਹੀਰਾ, ਡਾ ਮਹਿਗਾ ਸਿੰਘ, ਡਾ ਬਘੇਲ ਸਿੰਘ, ਡਾ ਅਨੁਪਿਦਰ ਸਿੰਘ, ਡਾ ਰਣਜੀਤ ਸਿੰਘ, ਡਾ ਗੁਰਨਾਮ, ਡਾ ਹਰਜਿੰਦਰ ਹੀਰਾ, ਡਾ ਕੁਲਵਿੰਦਰ ਸਿੰਘ, ਡਾ ਲੇਖ ਰਾਜ, ਡਾ ਅਮਨਦੀਪ ਸਿੰਘ ਤੇ ਡਾ ਮੱਖਣ ਲਾਲ ਆਦਿ ਸਾਥੀ ਹਾਜਰ ਹੋਏ।

## ਵਰੇਗੰਢ ਮੁਬਾਰਕਬਾਦ



ਰਵੀ ਕੁਮਾਰ ਤੇ ਅਮਨਦੀਪ ਕੌਰ ਨਿਵਾਸੀ ਜੋਗੇਵਾਲ (ਬਲਾਚੌਰ) ਨੇ ਆਪਣੇ ਵਿਆਹ ਦੀ 10 ਵੀ ਵਰੇਗੰਢ ਮਨਾਈ।

## ਸਮਾਜਿਕ ਸੰਸਥਾਵਾਂ ਵਲੋਂ ਮਿਸ਼ਨਰੀ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ (ਰਜਿ.) ਢਾਹਾਂ ਕਲੇਰਾਂ ਦੇ ਪ੍ਰਧਾਨ ਬਣਨ 'ਤੇ ਡਾ। ਕੁਲਵਿੰਦਰ ਸਿੰਘ ਢਾਹਾਂ ਨੂੰ ਅੱਜ ਦਰਜਨ ਦੇ ਕਰੀਬ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸਾਂਝੇ ਰੂਪ ਵਿੱਚ ਸਨਮਾਨਿਤ ਕੀਤਾ। ਇਹ ਸਨਮਾਨ ਰਸਮ ਉਕਤ ਟਰੱਸਟ ਵਲੋਂ ਸਥਾਪਿਤ ਅਦਾਰਿਆਂ ਦੇ ਸਾਂਝੇ ਵਿਹੜੇ 'ਚ ਨਿਭਾਈ ਗਈ । ਇਹਨਾਂ ਸੰਸਥਾਵਾਂ ਵਲੋਂ ਇਸ ਮਿਸ਼ਨਰੀ ਅਦਾਰੇ ਦੀ ਪ੍ਰਧਾਨ ਵਜੋਂ ਮੁੱਖ ਜਿੰਮੇਵਾਰੀ ਦਾ ਮੌਕਾ ਮਿਲਣ 'ਤੇ ਨਿੱਘੀ ਵਧਾਈ ਦਿੱਤੀ ਗਈ ਅਤੇ ਉਹਨਾਂ ਦੀਆਂ ਸੇਵਾਵਾਂ ਨੂੰ ਹੋਰ ਬਲ ਮਿਲਣ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ। ਇਹਨਾਂ ਸੰਸਥਾਵਾਂ ਵਿੱਚ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਪੰਜਾਬ ਦੇ ਨੁਮਾਇੰਦੇ ਕਿਰਪਾਲ ਸਿੰਘ ਬਲਾਕੀਪੁਰ, ਸਮਾਜਿਕ ਸਾਂਝ ਸੰਸਥਾ ਬੰਗਾ ਦੇ ਪ੍ਰਧਾਨ ਹਰਮਿੰਦਰ ਸਿੰਘ ਤਲਵੰਡੀ, ਨਵਜੋਤ ਸਾਹਿਤ ਸੰਸਥਾ ਔੜ ਦੇ ਪ੍ਰਧਾਨ ਗੁਰਨੇਕ ਸ਼ੇਰ, ਲਾਇਨਜ ਕਲੱਬ ਐਕਟਿਵ ਮੁਕੰਦਪੁਰ ਦੇ ਸੰਸਥਾਪਕ ਲਾਇਨ ਚਰਨਜੀਤ ਸੁਆਣ, ਸਾਇਕਲ ਸਵੇਰ ਯਾਤਰਾ ਬੰਗਾ ਦੇ ਨੁਮਾਇੰਦੇ ਰਾਜਿੰਦਰ ਜੱਸਲ, ਸਵ। ਗੁਲਜਾਰਾ



ਰਾਮ ਯਾਦਗਾਰੀ ਟਰੱਸਟ ਮਜਾਰੀ ਦੇ ਸੰਸਥਾਪਕ ਸੁਰਜੀਤ ਮਜਾਰੀ, ਰੋਟਰੀ ਕਲੱਬ ਦੇ ਸਹਾਇਕ ਗਵਰਨਰ ਰੋਟੇਰੀਅਨ ਰਾਜ ਕੁਮਾਰ ਆਦਿ ਸ਼ਾਮਲ ਸਨ। ਸਮਾਜ ਸੇਵੀ ਸੰਸਥਾਵਾਂ ਦੇ ਇਹਨਾਂ ਨੁਮਾਇੰਦਿਆਂ ਨੇ ਕਿਹਾ ਕਿ ਚਾਰ ਦਹਾਕਿਆਂ ਤੋਂ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਸਮਰਪਿਤ ਸੇਵਾਵਾਂ ਨਿਭਾਉਣ ਵਾਲੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਨੂੰ ਡਾ। ਕੁਲਵਿੰਦਰ ਸਿੰਘ ਢਾਹਾਂ ਵਰਗੀਆਂ ਸਮਰਪਿਤ ਸਖਸ਼ੀਅਤ ਦੀ ਅਗਵਾਈ ਕਾਰਗਰ ਸਿੱਧ ਹੋਵੇਗੀ । ਡਾ। ਕੁਲਵਿੰਦਰ ਸਿੰਘ ਢਾਹਾਂ ਨੇ ਇਸ ਮਾਣ ਸਨਮਾਨ ਲਈ ਉਕਤ ਸੰਸਥਾਵਾਂ ਨਾਲ ਜੁੜੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਆਪਣੀ ਕਾਰਜਵਿਧੀ ਨੂੰ ਪਹਿਲਾਂ ਨਾਲੋਂ ਵੀ ਚੌਗੁਣੇ ਬੱਲ ਨਾਲ ਨਿਭਾਉਣ ਦੀ ਬਚਨਵੱਧਤਾ ਨੂੰ ਵੀ ਦੁਹਰਾਇਆ।

## ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਕੌਮੀ ਲੋਕ ਅਦਾਲਤ ਸਬੰਧੀ ਪ੍ਰਚਾਰ ਵੈਨ ਕੀਤੀ ਰਵਾਨਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ।ਏ।ਐਸ ਨਗਰ, ਮੁਹਾਲੀ ਦੇ ਦਿਸ਼ਾ-ਨਿਰਦੇਸਾਂ ਅਨੁਸਾਰ ਮੁਫਤ ਕਾਨੂੰਨੀ ਸਹਾਇਤਾ, ਨਾਲਸਾ ਦੀਆਂ ਸਕੀਮਾਂ ਅਤੇ 9 ਮਾਰਚ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਦਾ ਪ੍ਰਚਾਰ ਕਰਨ ਲਈ ਜ਼ਿਲ੍ਹਾ ਅਤੇ ਸੈਸ਼ਨ-ਜ਼ੱਜ-ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਿਲਬਾਗ ਸਿੰਘ ਜੌਹਲ ਵੱਲੋਂ ਟਰੈਵਲਰ ਵੈਨ ਨੂੰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿਚ ਪ੍ਰਚਾਰ ਕਰਨ ਲਈ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਪਰਾਜਿਤਾ ਜੋਸ਼ੀ ਵੀ ਮੌਜੂਦ ਸਨ। ਇਸ ਟਰੈਵਲਰ ਵੈਨ ਰਾਹੀ ਪੈਨਲ ਐਡਵੋਕਟਾਂ ਅਤੇ ਪੀ।ਐਲ।ਵੀਜ਼ ਅਥਾਰਟੀ ਵੱਲੋਂ ਚਲਾਈਆਂ ਗਈਆਂ ਨਾਲਸਾ ਦੀਆਂ ਵੱਖ-ਵੱਖ ਸਕੀਮਾਂ ਦੇ ਨਾਲ-ਨਾਲ ਮੁਫ਼ਤ ਕਾਨੂੰਨੀ ਸਹਾਇਤਾ, ਲੋਕ ਅਦਾਲਤਾਂ, ਸਥਾਈ ਲੋਕ ਅਦਾਲਤ (ਜਨ-ਉਪਯੋਗੀ), ਮੀਡੀਏਸ਼ਨ ਅਤੇ ਕੰਨਸਲੀਏਸ਼ਨ ਸੈਂਟਰ ਅਤੇ ਲੀਗਲ ਏਡ ਡਿਫੈਂਸ ਕੌਂਸਲ ਸਿਸਟਮ, ਹੁਸ਼ਿਆਰਪੁਰ ਦਾ ਪ੍ਰਚਾਰ ਕੀਤਾ ਜਾਵੇਗਾ, ਤਾਂ



ਜੋ ਵੱਧ ਤੋਂ ਵੱਧ ਲੋਕ ਇਨ੍ਹਾਂ ਸਕੀਮਾਂ ਪ੍ਰਤੀ ਜਾਗਰੂਕ ਹੋ ਸਕਣ। ਇਸ ਟਰੈਵਲਰ ਵੈਨ ਦਾ ਮੁੱਖ ਉਦੇਸ਼ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ, ਨਾਲਸਾ ਸਕੀਮਾਂ ਅਤੇ ਉਨ੍ਹਾਂ ਦੇ ਕਾਨੂੰਨੀ ਹੱਕਾਂ ਬਾਰੇ ਜਾਗਰੂਕ ਕਰਨਾ ਹੈ। ਇਸ ਦੇ ਨਾਲ ਹੀ ਸਾਲ 2024 ਦੌਰਾਨ ਜ਼ਿਲ੍ਹਾ ਪੱਧਰ ਅਤੇ ਸਬਡਵੀਜ਼ਨ ਪੱਧਰ 'ਤੇ ਲਗਾਈਆਂ ਜਾਣ ਵਾਲੀਆਂ ਕੌਮੀ ਲੋਕ ਅਦਾਲਤਾਂ ਦੇ ਲਾਭਾਂ ਬਾਰੇ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਪੈਨਲ ਐਡਵੋਕੇਟ ਅਤੇ ਸਮੂਹ ਸਟਾਫ ਹਾਜ਼ਰ ਸੀ।

## ਆਟੋ ਸਟੈਂਡ ਦੀ ਮੰਗ ਨੂੰ ਲੈਕੇ ਪ੍ਰਸ਼ਾਸਨ ਵਿਰੁੱਧ ਤਿੱਖੇ ਸੰਘਰਸ਼ ਦੀ ਤਿਆਰੀ 'ਚ ਆਟੋ ਵਰਕਰ ਯੂਨੀਅਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬੀਤੇ ਇਕ ਸਾਲ ਤੋਂ ਜਿਲਾ ਪ੍ਰਸ਼ਾਸਨ ਤੋਂ ਆਟੋ ਸਟੈਂਡ ਲਈ ਥਾਂ ਦੀ ਮੰਗ ਕਰਦਿਆਂ ਹੋ ਰਹੀ ਖੱਜਲ ਖੁਆਰੀ ਤੋਂ ਦੁਖੀ ਨਿਊ ਆਟੋ ਯੂਨੀਅਨ ਨਵਾਂਸ਼ਹਿਰ ਨੇ ਪ੍ਰਸ਼ਾਸਨ ਵਿਰੁੱਧ ਸੰਘਰਸ਼ ਦਾ ਬਿਗਲ ਬਜਾਉਣ ਦੀ ਤਿਆਰੀ ਕਰ ਲਈ ਹੈ। ਜਿਸਦੀ ਰੂਪ ਰੇਖਾ ਘੜਨ ਲਈ 5 ਮਾਰਚ ਨੂੰ ਨਵਾਂਸ਼ਹਿਰ ਵਿਖੇ ਆਟੋ ਚਾਲਕਾਂ ਦੀ ਜਿਲਾ ਪੱਧਰੀ ਵੱਡੀ ਮੀਟਿੰਗ ਬੁਲਾ ਲਈ ਗਈ ਹੈ। ਇਸ ਸਬੰਧੀ ਅੱਜ ਇੱਥੇ ਆਟੋ ਚਾਲਕਾਂ ਨੇ ਨਵਾਂਸ਼ਹਿਰ(ਸ਼ਹਿਰੀ) ਯੂਨਿਟ ਦੀ ਮੀਟਿੰਗ ਕਰਕੇ ਜਿਲ੍ਹਾ ਪੱਧਰੀ ਮੀਟਿੰਗ ਦੀ ਤਿਆਰੀ ਆਰੰਭ ਦਿੱਤੀ ਹੈ। ਮੀਟਿੰਗ ਦੀ ਕਾਰਵਾਈ ਪ੍ਰੈਸ ਨਾਲ ਸਾਂਝੀ ਕਰਦਿਆਂ ਯੂਨੀਅਨ ਦੇ ਜਿਲਾ ਪ੍ਰਧਾਨ ਪੁਨੀਤ ਕੁਮਾਰ ਬਛੌੜੀ ਨੇ ਦੱਸਿਆ ਕਿ ਉਹ ਬੀਤੇ ਇਕ ਸਾਲ ਤੋਂ ਵੀ ਵੱਧ ਸਮੇਂ ਤੋਂ ਜਿਲਾ ਪ੍ਰਸ਼ਾਸਨ ਕੋਲੋਂ ਨਵਾਂਸ਼ਹਿਰ ਦੇ ਬੱਸ ਅੱਡੇ ਤੇ ਆਟੋ ਸਟੈਂਡ ਲਈ ਥਾਂ ਦੇਣ ਦੀ ਮੰਗ ਕਰ ਰਹੇ ਹਨ। ਇਸਦੇ ਲਈ ਉਹ ਜਿਲਾ ਪ੍ਰਸ਼ਾਸਨ, ਪੰਜਾਬ ਰੋਡਵੇਜ਼ ਦੇ ਜਨਰਲ ਮੈਨੇਜਰ ਨੂੰ ਕਈ ਵਾਰ ਮਿਲਕੇ ਲਿਖਤੀ ਰੂਪ ਵਿਚ ਬੇਨਤੀਆਂ ਕਰ ਚੁੱਕੇ ਹਨ ਪਰ ਉਹਨਾਂ ਨੂੰ ਲਾਰਿਆਂ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਮਿਲਿਆ। ਜਦਕਿ ਬੱਸ ਅੱਡੇ ਦੀ ਥਾਂ ਵਿਚ ਪਹਿਲਾਂ ਟੈਕਸੀ ਸਟੈਂਡ, ਮੋਟਰਸਾਈਕਲ ਸਟੈਂਡ ਕਿਰਾਏ ਉੱਤੇ ਚੱਲ ਰਹੇ ਹਨ। ਉਹ ਆਟੋ ਸਟੈਂਡ ਦਾ ਕਿਰਾਇਆ ਦੇਣ ਲਈ ਵੀ ਤਿਆਰ ਹਨ। ਉਹਨਾਂ ਕਿਹਾ ਕਿ ਪ੍ਰਸ਼ਾਸਨ ਦੇ ਲਾਰਿਆਂ ਤੋਂ ਦੁਖੀ ਹੋਕੇ ਯੂਨੀਅਨ ਨੇ ਸੰਘਰਸ਼ ਦੀ ਤਿਆਰੀ ਕੀਤੀ ਹੈ। ਇਸ ਮੌਕੇ ਇਫਟੂ ਪੰਜਾਬ ਦੇ ਡਿਪਟੀ ਸੈਕਟਰੀ ਅਵਤਾਰ ਸਿੰਘ ਤਾਰੀ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਸਕੱਤਰ ਤਰਸੇਮ ਸਿੰਘ ਬੈਂਸ ਨੇ ਆਟੋ ਵਰਕਰਾਂ ਦੇ ਸੰਘਰਸ਼ ਦੇ ਪੂਰੇ ਸਮਰਥਨ ਦਾ ਭਰੋਸਾ ਦਿਵਾਇਆ।



# ਆਜ਼ਾਦੀ ਤੋਂ 74 ਸਾਲਾਂ ਬਾਅਦ 6.37 ਕਰੋੜ ਦੀ ਰਾਸ਼ੀ ਨਾਲ ਪਿੰਡ ਨਾਗਰਾ ਨੂੰ ਮਿਲੇਗਾ ਨਹਿਰੀ ਪਾਣੀ : ਅਮਨ ਅਰੋੜਾ

**ਸੁਨਾਮ ਊਧਮ ਸਿੰਘ ਵਾਲਾ, (ਦਲਜੀਤ ਕੌਰ)** ਆਜ਼ਾਦੀ ਤੋਂ ਬਾਅਦ ਸੂਬੇ ਵਿੱਚ ਬਣੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਨਹਿਰੀ ਪਾਣੀ ਤੋਂ ਵਿਹੂਣੇ ਪਿੰਡ ਨਾਗਰਾ ਦੇ ਕਿਸਾਨਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵੱਡੀ ਰਾਹਤ ਦਿੰਦਿਆਂ ਇਸ ਪਿੰਡ ਲਈ 6.37 ਕਰੋੜ ਰੁਪਏ ਦੀ ਲਾਗਤ ਵਾਲੇ ਨਹਿਰੀ ਪਾਣੀ ਦੇ ਪ੍ਰੋਜੈਕਟ ਨੂੰ ਮਨਜ਼ੂਰ ਕਰਕੇ ਕਿਸਾਨੀ ਹਿੱਤਾਂ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਇਹ ਪ੍ਰਗਟਾਵਾ ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਪ੍ਰਸ਼ਾਸਕੀ ਸੁਧਾਰ ਤੇ ਸ਼ਿਕਾਇਤ ਨਿਵਾਰਨ, ਰੋਜ਼ਗਾਰ ਉਤਪਤੀ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਅੱਜ ਸੁਨਾਮ ਹਲਕੇ ਦੇ ਪਿੰਡ ਨਾਗਰਾ ਵਿਖੇ ਕਿਸਾਨੀ ਨੂੰ ਬਚਾਉਣ ਲਈ ਖੇਤੀਬਾੜੀ ਵਿੱਚ ਨਹਿਰੀ ਪਾਣੀ ਦੀ ਸੁਚੱਜੀ ਵਰਤੋਂ ਨੂੰ ਯਕੀਨੀ ਬਣਾਉਣ ਲਈ 6.37 ਕਰੋੜ ਰੁਪਏ ਦੀ ਲਾਗਤ ਨਾਲ 26 ਕਿਲੋਮੀਟਰ ਲੰਬੀ ਪਾਈਪਲਾਈਨ ਵਿਛਾਉਣ ਲਈ ਵਿਸ਼ੇਸ਼ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਜ਼ਮੀਨਦੋਜ਼ ਪਾਈਪਲਾਈਨਾਂ ਰਾਹੀਂ ਕਰੀਬ 1350 ਕਿੱਲਿਆਂ ਨੂੰ ਨਹਿਰੀ ਪਾਣੀ ਮਿਲ ਸਕੇਗਾ।



ਕੈਬਨਿਟ ਮੰਤਰੀ ਅਮਨ ਅਰੋੜਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਇਸ ਪ੍ਰੋਜੈਕਟ ਦੇ ਆਰੰਭ ਹੋਣ ਨਾਲ ਨਾਗਰਾ ਪਿੰਡ, ਰਾਜ ਦਾ ਅਜਿਹਾ ਪਹਿਲਾ ਪਿੰਡ ਬਣ ਗਿਆ ਹੈ, ਜਿਥੇ ਸਿਰਫ ਇੱਕ ਪਿੰਡ ਵਿੱਚ ਏਨੀ ਵੱਡੀ ਰਾਸ਼ੀ ਨਾਲ ਨਹਿਰੀ ਪਾਣੀ ਦੀ ਖੇਤਾਂ ਤੱਕ ਪਹੁੰਚ ਸਬੰਧੀ ਇਹ ਪ੍ਰੋਜੈਕਟ ਮਾਨ ਸਰਕਾਰ ਵੱਲੋਂ ਮੰਜੂਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਭੂਮੀ ਅਤੇ ਜਲ ਸੰਭਾਲ ਵਿਭਾਗ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਪ੍ਰੋਜੈਕਟ ਹੈ। ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ ਇਸੇ ਵਰ੍ਹੇ ਅੰਦਰ ਮੁਕੰਮਲ ਹੋ ਜਾਵੇਗਾ ਜਿਸ ਨਾਲ 1350 ਕਿੱਲਿਆਂ ਦਾ ਰਕਬਾ ਖੇਤੀ ਦੀ ਸਿੰਚਾਈ ਲਈ ਕਵਰ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਦੱਸਿਆ ਕਿ ਘੱਗਰ ਮੇਨ ਲਾਈਨ ਤੋਂ ਸ਼ੁਰੂ ਹੁੰਦੇ ਇਸ ਪ੍ਰੋਜੈਕਟ ਨਾਲ 260 ਪਰਿਵਾਰਾਂ ਨੂੰ ਲਾਭ ਮਿਲੇਗਾ ਅਤੇ ਫਸਲ ਦੀ ਪੈਦਾਵਾਰ ਵਿੱਚ ਵੱਡਾ ਵਾਧਾ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਧਰਤੀ ਹੇਠਲੇ ਪਾਣੀ ਦੇ ਹੇਠਾਂ ਡਿੱਗ ਰਹੇ ਪੱਧਰ ਨੂੰ ਬਚਾਉਣ ਲਈ ਨਹਿਰੀ ਪਾਣੀ ਦੀ ਵਧੇਰੇ ਵਰਤੋਂ ਲਈ ਕਿਸਾਨਾਂ ਨੂੰ ਨਿਰੰਤਰ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਅਜਿਹੇ ਹੀ ਇੱਕ ਪ੍ਰੋਜੈਕਟ ਤਹਿਤ ਪਹਿਲਾਂ ਹੀ ਵਿਧਾਨ ਸਭਾ ਹਲਕਾ ਸੁਨਾਮ ਵਿਖੇ ਕਰੀਬ 68 ਕਰੋੜ ਰੁਪਏ ਦੀ ਲਾਗਤ ਵਾਲਾ ਪ੍ਰੋਜੈਕਟ ਪ੍ਰਗਤੀ ਅਧੀਨ ਹੈ ਜਿਸ ਤਹਿਤ ਕਰੀਬ 50 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਦੂਰਅੰਦੇਸ਼ੀ ਸੋਚ ਸਦਕਾ ਤੇ ਵੱਡੇ ਕਿਸਾਨੀ ਹਿੱਤਾਂ ਨੂੰ ਧਿਆਨ ਵਿੱਚ ਰੱਖਿਆ ਜਿਸ ਤਹਿਤ ਹਰ ਖੇਤ ਨੂੰ ਨਹਿਰੀ ਪਾਣੀ ਪਹੁੰਚਾਉਣ ਦੀ ਇਹ ਮੁਹਿੰਮ ਜੋਸ਼ੋ ਖਰੋਸ਼ ਨਾਲ ਲਾਗੂ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨ ਪੰਜਾਬ ਦੀ ਜਿੰਦ ਜਾਨ ਹਨ, ਖੇਤ ਕਿਸਾਨਾਂ ਦੀ ਜਿੰਦ ਜਾਨ ਹਨ ਅਤੇ ਨਹਿਰੀ ਪਾਣੀ ਖੇਤਾਂ ਦੀ ਜਿੰਦ ਜਾਨ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਿਸਾਨਾਂ, ਖੇਤਾਂ ਤੇ ਨਹਿਰੀ ਪਾਣੀਆਂ ਨਾਲ ਜੁੜੇ ਸਾਰੇ ਹੀ ਮਸਲੇ ਤਰਜੀਹੀ ਆਧਾਰ 'ਤੇ ਪੂਰਾ ਕਰਨ ਵਿੱਚ ਜੁਟੇ ਹੋਏ ਹਨ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਨਹਿਰੀ ਮੋਘਿਆਂ ਤੇ ਨਹਿਰੀ ਖਾਲਿਆਂ ਨੂੰ ਤਰਜੀਹ ਦੇ ਅਧਾਰ 'ਤੇ ਮੁੜ ਸੁਰਜੀਤ ਕਰਨ ਦੀ ਇਹ ਮੁਹਿੰਮ ਪੰਜਾਬ ਦੇ ਹਰ ਉਸ ਪਿੰਡ ਦੇ ਲੋੜਵੰਦ ਕਿਸਾਨ ਤੱਕ ਪਹੁੰਚਾਈ ਜਾਵੇਗੀ ਜੋ ਕਿ ਖੇਤੀਬਾੜੀ ਦੇ ਕਿੱਤੇ ਨਾਲ ਆਪਣੀ ਆਜੀਵਿਕਾ ਕਮਾ ਰਿਹਾ ਹੈ। ਇਸ ਮੌਕੇ ਪਿੰਡ ਵਾਸੀਆਂ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਤੇ ਪੰਜਾਬ ਸਰਕਾਰ ਦਾ ਇਸ ਉਦਮ ਲਈ ਧੰਨਵਾਦ ਕੀਤਾ।

ਇਸ ਮੌਕੇ ਭੂਮੀ ਅਤੇ ਜਲ ਸੰਭਾਲ ਵਿਭਾਗ ਦੇ ਐਕਸੀਅਨ ਗੁਰਵਿੰਦਰ ਸਿੰਘ ਢਿੱਲੋਂ , ਅਵਤਾਰ ਸਿੰਘ ਤਾਰੀ, ਲਖਵਿੰਦਰ ਸਿੰਘ ਐਸਡੀਓ, ਸੂਬੇਦਾਰ ਕੁਲਵਿੰਦਰ ਸਿੰਘ, ਗੁਰਤੇਜ ਸਿੰਘ, ਗੁਰਿੰਦਰ ਪਾਲ ਖੇੜੀ, ਦੀਪ ਸਰਪੰਚ ਕਨੋਈ, ਸਾਬਕਾ ਸਰਪੰਚ ਗੁਰਚਰਨ ਸਿੰਘ ਵੀ ਹਾਜ਼ਰ ਸਨ।

# ਕਾਂਗਰਸੀ ਆਗੂ ਸਿਕੰਦਰ ਗਿੱਲ ਨੂੰ ਸਦਮਾ, ਪਿਤਾ ਦਾ ਦੇਹਾਂਤ



**ਜਲੰਧਰ, ਅੱਪਰਾ (ਜੱਸੀ)–** ਅੱਪਰਾ ਦੇ ਉੱਘੇ ਕਾਂਗਰਸੀ ਆਗੂ ਸਿਕੰਦਰ ਗਿੱਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨਾਂ ਦੇ ਪਿਤਾ ਕਿਸ਼ਨ (81) ਦਾ ਬੀਤੇ ਦਿਨੀਂ ਸੰਖੇਪ ਬਿਮਾਰੀ ਦੌਰਾਨ ਦੇਹਾਂਤ ਹੋ ਗਿਆ। ਉਨਾਂ ਦੀ ਬੇਵਕਤੀ ਮੌਤ 'ਤੇ ਇਲਾਕੇ ਭਰ ਦੇ ਸਰਪੰਚਾਂ, ਪੰਚਾਂ, ਵੱਖ-ਵੱਖ ਰਾਜਨੀਤਿਕ ਪਾਰਟੀਆਂ, ਸਮਾਜ ਸੇਵੀ ਸੰਸਥਾਵਾਂ ਨੇ ਗਹਿਰੇ ਦੁੱਖ ਪ੍ਰਗਟ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਹੈ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਤੇ ਪਿੱਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਉਨਾਂ ਨਮਿਤ ਅੰਤਿਮ ਅਰਦਾਸ ਤੇ ਸ੍ਰੀ ਰਮਾਇਣ ਦੇ ਪਾਠ ਦਾ ਭੋਗ ਮਿਤੀ 10 ਮਾਰਚ ਦਿਨ ਐਤਵਾਰ ਨੂੰ ਮੁਹੱਲਾ ਵਾਲਮੀਕਿ ਵਿਖੇ ਸਥਿਤ ਪੰਚਾਇਤ ਜੰਜਘਰ ਵਿਖੇ 12 ਤੋਂ 1 ਵਜੇ ਤੱਕ ਹੋਵੇਗਾ।

# ਕਬਾੜ ਇਕੱਠਾ ਕਰਨ ਵਾਲੇ ਬਜ਼ੁਰਗ ਕਬਾੜੀਏ ਦੀ ਕੁੱਟਮਾਰ ਕਰਕੇ ਨਕਦੀ ਲੁੱਟੀ



**ਜਲੰਧਰ, ਅੱਪਰਾ (ਜੱਸੀ)–** ਅੱਪਰਾ ਇਲਾਕੇ 'ਚ ਆਏ ਦਿਨ ਲੁੱਟ ਕੋਹ ਦੀਆਂ ਘਟਨਾਵਾਂ ਹੋ ਰਹੀਆਂ ਹਨ, ਜਿਸ ਕਾਰਣ ਆਮ ਲੋਕਾਂ 'ਚ ਸਹਿਮ ਦਾ ਮਾਹੌਲ ਹੈ। ਬਜ਼ੁਰਗ ਕਬਾੜੀਏ ਜਰਨੈਲ ਸਿੰਘ ਵਾਸੀ ਪਿੰਡ ਕਡਿਆਣਾ ਨੇ ਦੱਸਿਆ ਕਿ ਮੈਂ ਘਰਾਂ 'ਚ ਕਬਾੜ ਇਕੱਠਾ ਕਰਕੇ ਅੱਗੇ ਵੇਚ ਕੇ ਆਪਣਾ ਗੁਜ਼ਾਰਾ ਕਰਦਾ ਹਾਂ। ਬੀਤੇ ਦਿਨ ਮੈਂ ਪਿੰਡ ਚੱਕ ਸਾਹਬੂ ਤੋਂ ਭਾਰਸਿੰਘਪੁਰ ਨੂੰ ਜਾ ਰਿਹਾ ਸੀ ਤਾਂ ਅੱਗੇ ਤੋਂ ਆ ਰਹੇ ਇੱਕ ਲੁਟੇਰੇ ਨੇ ਉਸ ਨੂੰ ਨਹਿਰ ਤੋਂ ਪਿੱਛੇ ਹੀ ਰੋਕ ਲਿਆ ਤੇ ਉਸਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਉਸਨੇ ਮੇਰਾ ਗਲਾ ਘੁੱਟ ਦਿੱਤਾ ਤੇ ਲੁਟੇਰਾ ਮੇਰੇ ਪਾਸੋਂ ਲਗਭਗ 1200 ਰੁਪਏ ਦੀ ਨਕਦੀ ਮੇਰੀ ਕੁੱਟਮਾਰ ਕਰਕੇ ਖੋਹ ਕੇ ਫ਼ਰਾਰ ਹੋ ਗਿਆ।

# ਗੜ੍ਹਸ਼ੰਕਰ ਤੋਂ ਸ੍ਰੀ ਆਨੰਦਪੁਰ ਸਾਹਿਬ ਸੜਕ ਦਾ ਨਿਰਮਾਣ ਇਤਿਹਾਸ ਵਿੱਚ ਮਿਸਾਲ ਬਣ ਗਿਆ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਖਾਲਸੇ ਦੇ ਜਨਮ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਅਤੇ ਹਿੰਦੂ ਧਰਮ ਦੇ ਮੁੱਖ ਸ਼ਕਤੀਪੀਠ ਮਾਤਾ ਨੈਣਾ ਦੇਵੀ ਨੂੰ ਮਾਝੇ ਅਤੇ ਦੁਆਬੇ ਨੂੰ ਜੋੜਨ ਵਾਲੀ ਸੜਕ, ਜੋ ਕਿ ਦਹਾਕੇ ਤੋਂ ਸਰਕਾਰ ਦੇ ਰੋਹ ਦਾ ਸਾਹਮਣਾ ਕਰ ਰਹੀ ਸੀ, ਦਾ ਸੰਗਤਾਂ ਵੱਲੋਂ ਮੁੜ ਨਿਰਮਾਣ ਕੀਤਾ ਜਾ ਰਿਹਾ ਹੈ। ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਵੱਲੋਂ ਇੱਕ ਹਫਤਾ ਪਹਿਲਾਂ ਸਹਿਯੋਗ ਸ਼ੁਰੂ ਕੀਤਾ ਗਿਆ ਸੀ। ਕਰੋੜਾਂ ਰੁਪਏ ਦੀ ਲਾਗਤ ਵਾਲੇ ਇਸ ਪ੍ਰਾਜੈਕਟ ਦਾ ਕੰਮ ਪਿਛਲੇ ਲੰਮੇ ਸਮੇਂ ਤੋਂ ਸਰਕਾਰਾਂ ਲਈ ਖਤਰੇ ਨਾਲ ਭਰਿਆ ਪਿਆ ਸੀ। ਜਦਕਿ ਪਹਾੜੀ ਅਤੇ ਜੰਗਲੀ ਖੇਤਰ ਹੋਣ ਕਾਰਨ ਵਿਭਾਗ ਦੇ ਅਧਿਕਾਰੀ ਇਸ ਨੂੰ ਬਣਾਉਣ ਤੋਂ ਟਾਲਾ ਵੱਟ ਰਹੇ ਸਨ। ਕਾਰ ਸੇਵਾ ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਦੇ ਲੋਕਾਂ ਨੇ ਇਸ ਚੁਣੌਤੀ ਨੂੰ ਸਵੀਕਾਰ ਕਰਦਿਆਂ ਹੋਲੇ ਮੁਹੱਲੇ ਤੋਂ ਪਹਿਲਾਂ ਸੰਗਤਾਂ ਲਈ ਇਸ ਸੜਕ ਨੂੰ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ। ਇਸ ਸੜਕ 'ਤੇ ਲੰਮੇ ਸਮੇਂ ਤੋਂ ਹਾਦਸੇ ਵਾਪਰਦੇ ਰਹਿੰਦੇ ਹਨ ਅਤੇ ਵੱਡੀ ਗਿਣਤੀ ਵਿੱਚ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਕਾਰ ਸੇਵਾ ਸ੍ਰੀ ਆਨੰਦਗੜ੍ਹ ਸਾਹਿਬ ਵੱਲੋਂ ਸ਼ੁਰੂ ਕੀਤੀ ਗਈ ਸੇਵਾ ਵਿੱਚ ਜਿੱਥੇ ਵੱਡੀ ਗਿਣਤੀ ਵਿੱਚ ਲੋਕ ਆਪਣੀ ਮਸ਼ੀਨਰੀ, ਤੇਲ ਅਤੇ ਜ਼ਰੂਰੀ ਵਸਤਾਂ ਦਾਨ ਕਰ ਰਹੇ ਹਨ, ਉੱਥੇ ਹੀ ਲੰਗਰ ਦੀ ਸੇਵਾ ਵੀ ਕੀਤੀ ਜਾ ਰਹੀ ਹੈ। ਸੰਤ ਬਾਬਾ ਸੁੱਚਾ ਸਿੰਘ ਅਤੇ ਸੰਤ ਬਾਬਾ ਸਤਨਾਮ ਸਿੰਘ ਦੀ ਦੇਖ-ਰੇਖ ਹੇਠ ਚਲਾਈ ਜਾ ਰਹੀ ਇਸ ਕਾਰ ਸੇਵਾ ਵਿੱਚ ਲੋਕ ਆਪਣੇ ਤੌਰ 'ਤੇ ਪਹੁੰਚ ਰਹੇ ਹਨ। ਇਸ ਕਾਰਸੇਵਾ ਵਿੱਚ ਦਲਜੀਤ ਸਿੰਘ ਬੈਂਸ, ਕੇਬਲ ਬ੍ਰਹਮਪੁਰੀ, ਹਰਪਾਲ ਸਿੰਘ ਪਾਲੀ ਤੇ ਹੋਰ ਸਹਿਯੋਗੀ ਦਿਨ ਰਾਤ ਸੇਵਾ ਕਰ ਰਹੇ ਹਨ।

ਅੱਜ ਜਥੇਦਾਰ ਗਿਆਨੀ ਰਘੁਵੀਰ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਕਾਰ ਸੇਵਾ ਵਾਲੇ ਸਥਾਨ ਤੇ ਪਹੁੰਚੇ ਅਤੇ ਬਾਬਾ ਜੀ ਤੋਂ ਜਾਣਕਾਰੀ ਹਾਸਿਲ ਕੀਤੀ ਅਤੇ ਕੀਤੇ ਜਾ ਰਹੇ ਨੇਕ ਕਾਰਜ ਲਈ ਧੰਨਵਾਦ ਕੀਤਾ।ਸੰਤ ਬਾਬਾ ਸਤਨਾਮ ਸਿੰਘ ਨੇ ਕਿਹਾ ਕਿ ਹਾਦਸਿਆਂ ਦੇ ਮੱਦੇਨਜ਼ਰ 22 ਫੁੱਟ ਚੌੜਾ ਸੜਕ ਨੂੰ ਚੌੜਾ ਕਰ ਦਿੱਤਾ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਨੂੰ ਸੀਮਤ ਕਰਨ ਲਈ ਮਾਹਿਰ ਇੰਜੀਨੀਅਰਾਂ ਦੀ ਸਲਾਹ ਲਈ ਜਾਵੇਗੀ। ਇਹ ਕੰਮ ਹੋਲੇ ਮੁਹੱਲੇ ਤੋਂ ਬਾਅਦ ਮੁੜ ਸ਼ੁਰੂ ਕੀਤਾ ਜਾਵੇਗਾ।

# ਪੇਂਡੂ ਮਜਦੂਰ ਜਥੇਬੰਦੀਆਂ ਦੇ ਸੱਦੇ ਤੇ ਕੈਬਿਨਟ ਮੰਤਰੀ ਜਿੰਪਾ ਤੇ ਵਿਧਾਇਕ ਡਾਕਟਰ ਰਵਜੋਤ ਨੂੰ ਦਿੱਤੇ ਮੰਗ ਪੱਤਰ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਅੱਠ ਪੇਂਡੂ ਅਤੇ ਖੇਤ ਮਜ਼ਦੂਰ ਜੱਥੇਬੰਦੀਆਂ ਦੇ ਸੱਦੇ ਤੇ ਹੁਸ਼ਿਆਰਪੁਰ ਅੰਦਰ ਕੈਬੀਨੇਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਅਤੇ ਡਾਕਟਰ ਰਵਜੋਤ ਸਿੰਘ ਐਮ।ਐਲ।ਏ। ਸ਼ਾਮ ਚੁਰਾਸੀ ਹਲਕਾ ਨੂੰ ਕਾਮਰੇਡ ਗੁਰਮੇਸ਼ ਸਿੰਘ ਦੀ ਅਗਵਾਈ ਵਿੱਚ ਮੌਸਮ ਖਰਾਬ ਹੋਣ ਦੇ ਬਾਵਜੂਦ ਮੰਗ ਪੱਤਰ ਦਿੱਤੇ ਗਏ। ਇਹਨਾਂ ਮੰਗ ਪੱਤਰਾਂ ਰਾਹੀਂ ਪੰਜਾਬ ਸਰਕਾਰ ਪਾਸੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਉਹ 5 ਮਾਰਚ ਨੂੰ ਆਪਣੇ ਪੇਸ਼ ਕੀਤੇ ਜਾ ਰਹੇ ਬਜਟ ਵਿੱਚ ਪੇਂਡੂ ਅਤੇ ਖੇਤ ਮਜ਼ਦੂਰ ਲੋਕਾਂ ਦੀਆਂ ਬਹੁਤ ਗੰਭੀਰ ਅਤੇ ਭੱਖਦੀਆਂ ਮੰਗਾਂ ਜਿਵੇਂ ਕਿ ਬੇਘਰਿਆਂ ਨੂੰ 10 ਮਰਲੇ ਪਲਾਟ ਅਤੇ 5 ਲੱਖ ਰੁਪਏ ਮਕਾਨ ਉਸਾਰੀ ਗਰਾਂਟ, ਪਿੰਡਾਂ ਅੰਦਰ ਸਸਤੇ ਭਾਅ ਤੇ ਡਿਪੂ ਖੋਲਣ, ਸਾਰੇ ਗਰੀਬ ਲੋਕਾਂ ਨੂੰ 60 ਸਾਲ ਦੀ ਉਮਰ ਤੋਂ ਬਾਅਦ ਘੱਟੋ-ਘੱਟ 6000/- ਰੁਪਏ ਪੈਨਸ਼ਨ ਅਤੇ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਕਰਨ, ਗਰੀਬਾਂ ਸਿਰ ਚੜੇ ਸਾਰੇ ਕਰਜ਼ੇ ਮਾਫ ਕਰਨ ਅਤੇ ਪੰਚਾਇਤੀ ਜ਼ਮੀਨਾ ਵਿੱਚ ਤੀਜਾ ਹਿੱਸਾ ਦਲਿਤ ਪਰਿਵਾਰਾਂ ਨੂੰ ਦੇਣ ਆਦਿ ਦੀ ਜ਼ੋਰਦਾਰ ਮੰਗ ਕੀਤੀ ਗਈ। ਇਸ ਸਮੇਂ ਮਹਿੰਦਰ ਸਿੰਘ ਭੀਲੋਵਾਲ, ਸੰਤੋਖ ਸਿੰਘ ਭੀਲੋਵਾਲ, ਰਣਜੀਤ ਸਿੰਘ ਚੋਹਾਨ, ਪੰਕਜ ਕੁਮਾਰ ਚਠਿਆਲ, ਬਲਵਿੰਦਰ ਸਿੰਘ, ਗੁਰਮੀਤ ਸਿੰਘ ਕਾਣੇ ਅਤੇ ਜੋਗਿੰਦਰ ਲਾਲ ਰਾਜਪੁਰ ਭਾਈਆਂ ਹਾਜ਼ਰ ਸਨ।

# ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਸੰਗਰੂਰ ਸ਼ਹਿਰ ਵਿੱਚ ਮੇਨ ਸੀਵਰੇਜ ਲਾਈਨ ਦੇ ਕਾਰਜਾਂ ਦੀ ਸ਼ੁਰੂਆਤ



**ਸੰਗਰੂਰ, (ਦਲਜੀਤ ਕੌਰ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਸੰਗਰੂਰ ਸ਼ਹਿਰ ਵਿੱਚ ਇੱਕ ਹੋਰ ਅਹਿਮ ਲੋਕ ਪੱਖੀ ਪ੍ਰੋਜੈਕਟ ਦੀ ਰਸਮੀ ਸ਼ੁਰੂਆਤ ਕੀਤੀ ਗਈ ਹੈ। ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਬਰਨਾਲਾ ਕੈਂਚੀਆਂ ਤੋਂ ਲੈ ਕੇ ਰੇਖੀ ਹਸਪਤਾਲ ਚੌਂਕ ਅਤੇ ਪੁਰਾਣੇ ਮੇਨ ਪੰਪਿੰਗ ਸਟੇਸ਼ਨ ਫੋਕਲ ਪੁਆਇੰਟ ਤੋਂ ਲੈ ਕੇ ਨਵੇਂ ਮੇਨ ਪੰਪਿੰਗ ਸਟੇਸ਼ਨ, ਸੰਗਰੂਰ-ਸੁਨਾਮ ਰੋਡ ਤੱਕ ਪਾਈ ਜਾਣ ਵਾਲੀ ਸੀਵਰ ਲਾਈਨ ਅਤੇ ਮੇਨ ਪੰਪਿੰਗ ਸਟੇਸ਼ਨ ਦੇ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਸਰਵਪੱਖੀ ਵਿਕਾਸ ਦਾ ਵਾਅਦਾ ਦੁਹਰਾਇਆ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਲੋਕਾਂ ਲਈ ਵਰਦਾਨ ਸਾਬਿਤ ਹੋਵੇਗਾ ਕਿਉਂਕਿ ਇਸ ਨਾਲ ਸੰਗਰੂਰ ਸ਼ਹਿਰ ਦੀ ਵੱਡੀ ਅਬਾਦੀ ਨੂੰ ਸੀਵਰੇਜ ਦੇ ਪਾਣੀ ਦੀ ਨਿਕਾਸੀ ਸਬੰਧੀ ਪੇਸ਼ ਆਉਂਦੀ ਵੱਡੀ ਸਮੱਸਿਆ ਤੋਂ ਸਦਾ ਲਈ ਛੁਟਕਾਰਾ ਮਿਲ ਜਾਵੇਗਾ। ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਇਸ ਪ੍ਰੋਜੈਕਟ ਨੂੰ ਅਗਲੇ 9 ਮਹੀਨਿਆਂ ਅੰਦਰ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਇਹ ਲੋਕਾਂ ਦੀ ਪਿਛਲੇ ਲੰਮੇ ਸਮੇਂ ਤੋਂ ਲਟਕ ਰਹੀ ਮੰਗ ਹੈ, ਜਿਸ ਨੂੰ ਹੁਣ ਆਮ ਆਦਮੀ ਪਾਰਟੀ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਤਰਜੀਹੀ ਆਧਾਰ ਉੱਤੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੰਗਰੂਰ ਸ਼ਹਿਰ ਦੇ ਇਸ ਪ੍ਰੋਜੈਕਟ ਦੀ ਅਹਿਮ ਕੜੀ ਵਜੋਂ ਕਰੀਬ 15 ਕਰੋੜ ਰੁਪਏ ਦੀ ਲਾਗਤ ਨਾਲ 11- ਐਮਐਲਡੀ ਸਮਰੱਥਾ ਵਾਲੇ ਸੀਵਰੇਜ ਟਰੀਟਮੈਂਟ ਪਲਾਂਟ ਦੇ ਨਿਰਮਾਣ ਕਾਰਜ ਚੱਲ ਰਹੇ ਹਨ ਅਤੇ ਇਸ ਤੱਕ ਸੀਵਰੇਜ ਦਾ ਪਾਣੀ ਪਹੁੰਚਾਉਣ ਲਈ 5 ਕਰੋੜ ਰੁਪਏ ਦੀ ਲਾਗਤ ਵਾਲੇ ਮੇਨ ਪੰਪਿੰਗ ਸਟੇਸ਼ਨ ਅਤੇ ਮੇਨ ਸੀਵਰੇਜ ਪਾਈਪ ਲਾਈਨ ਪਾਉਣ ਦੇ ਕੰਮ ਮੁਕੰਮਲ ਹੋਣ ਤੋਂ ਬਾਅਦ ਸੰਗਰੂਰ ਸ਼ਹਿਰ ਦੇ ਸੀਵਰੇਜ ਨਾਲ ਸਬੰਧਤ ਸਾਰੀਆਂ ਸਮੱਸਿਆਵਾਂ ਦੂਰ ਹੋ ਜਾਣਗੀਆਂ। ਇਸ ਮੌਕੇ ਸੀਵਰੇਜ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਸਤਵਿੰਦਰ ਸਿੰਘ, ਐਸਡੀਓ ਲਲਿਤ ਮਿੱਤਲ, ਜੇਈ ਸਿਮਰਨ ਜੀਤ ਸਿੰਘ ਅਤੇ ਪਾਰਟੀ ਆਗੂ ਵੀ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਮਨਾਏ ਗਏ

## ਮਿਸ਼ਨਰੀ ਗਾਇਕਾ ਪ੍ਰੇਮ ਲਤਾ ਨੇ ਆਪਣੇ ਗੀਤਾਂ ਵਿੱਚ ਸਮਾਜ ਨੂੰ ਸੇਧ ਦਿੱਤੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੇ ਮੌਕੇ ਤੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਤੇ ਸਾਰਾ ਸ਼ਹਿਰ ਬੰਗਾ ਰੌਸ਼ਨੀ ਕਰਕੇ ਲਿਸ਼ਕਾਂ ਮਾਰ ਰਿਹਾ ਸੀ। ਨਗਰ ਕੀਰਤਨ ਸਜਾਇਆ ਗਿਆ ਅਤੇ ਦੂਸਰੇ ਦਿਨ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਸੰਗਤਾਂ ਨੂੰ ਲੰਗਰ ਛਕਾਇਆ ਗਿਆ ਅਤੇ ਰਾਤ ਦੇ ਕੋਈ ਅੱਠ ਕੋ ਵਜ਼ੇ ਗੋਲ ਗੱਪੇ, ਟਿੱਕੀਆਂ ਅਤੇ ਕੇਕ ਵੀ ਵਰਤਾਇਆ ਗਿਆ। ਬਾਅਦ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਜਿਸ ਵਿੱਚ ਮਿਸ਼ਨਰੀ ਗਾਇਕਾ ਪ੍ਰੇਮ ਲਤਾ ਅਤੇ ਵਿਜੇ ਹੰਸ ਜੀ ਨੇ ਆਪਣੇ ਆਪਣੇ ਪ੍ਰੋਗਰਾਮਾਂ ਵਿੱਚ ਬਹੁਤ ਵਧੀਆ ਸ਼ਬਦ ਗਾਏ।

ਪ੍ਰੇਮ ਲਤਾ ਜੀ ਨੇ ਤਾਂ ਕਮਾਲ ਹੀ ਕਰ ਦਿੱਤੀ। ਜਦੋਂ ਉਨ੍ਹਾਂ ਨੇ ਆਪਣਾਂ ਹਿੱਟ ਗੀਤ ਬਾਬਾ ਸਾਹਿਬ ਜੀ ਦੀ ਉਂਗਲੀ ਦਾ ਸਮਝੋ ਸੰਸਦ ਵੱਲ ਇਸ਼ਾਰਾ ਗਾ ਕੇ ਸੰਗਤਾਂ ਪਾਸੋਂ ਵਾਹ ਵਾਹ ਖੱਟੀ ਅਤੇ ਸੰਗਤਾਂ ਨੇ ਸਟੇਜ ਤੇ ਚੜ੍ਹ ਕੇ ਪ੍ਰੇਮ ਲਤਾ ਜੀ ਤੇ ਪੈਸਿਆਂ ਦੀ ਬਰਸਾਤ ਕਰ ਦਿੱਤੀ। ਇਸ ਮੌਕੇ ਮਿਸ਼ਨਰੀ ਲੇਖਕ ਰੱਤੂ ਰੰਧਾਵਾ ਸਾਹਿਬ ਅਤੇ ਸੁਲਤਾਨ ਚਮਾਰ ਜੀ ਨੂੰ ਵੀ ਸੰਗਤਾਂ ਨੂੰ ਦੇਖਣ ਦਾ ਮੌਕਾ ਮਿਲਿਆ। ਇਸ ਮੌਕੇ ਤੇ ਹਰਮੇਸ਼ ਵਿਰਦੀ ਸਾਬਕਾ ਚੇਅਰਮੈਨ ਬੰਗਾ, ਰਵਿੰਦਰ ਮਹਿੰਮੀ, ਡਾ ਸਤਪਾਲ ਬਾਲੂ, ਜਸਪਾਲ ਬੰਗਾ, ਨਿਰਮਲ ਸੱਲਣ, ਪ੍ਰਕਾਸ਼ ਚੰਦ ਪ੍ਰਧਾਨ ਬਸਪਾ ਸ਼ਹਿਰੀ ਬੰਗਾ, ਮਨਜੀਤ ਸਿੰਘ ਸੋਨੂੰ ਸਾਬਕਾ ਪ੍ਰਧਾਨ ਬਸਪਾ ਸ਼ਹਿਰੀ ਬੰਗਾ, ਪ੍ਰਦੀਪ ਜੱਸੀ ਜੋਨ ਇੰਚਾਰਜ ਹਲਕਾ ਸ੍ਰੀ ਆਨੰਦਪੁਰ ਸਾਹਿਬ, ਡਾ ਸੁਧੀਰ ਕੁਮਾਰ, ਪ੍ਰਸੋਤਮ ਸੱਲਣ ਅਤੇ ਸਮੂਹ ਸੰਗਤਾਂ ਹਾਜ਼ਰ ਰਹੀਆਂ। ਡੋਗਰ ਰਾਮ ਜੀ ਨੇ ਸਟੇਜ ਸਕੱਤਰ ਦੀ ਡਿਊਟੀ ਬਾਖੂਬੀ ਨਿਭਾਈ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਤਰੀਕ ਵਿੱਚ ਕੀਤਾ ਵਾਧਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ, ਪੰਜਾਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣਾਂ ਲਈ ਵੋਟਰ ਸੂਚੀ ਦੀ ਤਿਆਰੀ ਦਾ ਸ਼ਡਿਊਲ ਜਾਰੀ ਕੀਤਾ ਗਿਆ ਸੀ। ਹੁਣ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਪਹਿਲਾ ਜਾਰੀ ਸ਼ਡਿਊਲ ਵਿੱਚ ਸੋਧ ਕਰਦੇ ਹੋਏ ਰਿਵਾਇਜ਼ਡ ਸ਼ਡਿਊਲ ਜਾਰੀ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ–ਕਮ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਪਹਿਲਾਂ ਜਾਰੀ ਸ਼ਡਿਊਲ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣਾਂ ਲਈ ਵੋਟਰ ਸੂਚੀ ਵਿੱਚ ਰਜਿਸਟਰੇਸ਼ਨ ਲਈ ਫਾਰਮ 21 ਅਕਤੂਬਰ 2023 ਤੋਂ 29 ਫਰਵਰੀ 2024 ਤੱਕ ਪ੍ਰਾਪਤ ਕੀਤੇ ਜਾਣੇ ਸਨ ਪਰੰਤੂ ਹੁਣ ਰਿਵਾਈਜਡ ਸ਼ਡਿਊਲ ਅਨੁਸਾਰ ਫਾਰਮ ਪ੍ਰਾਪਤ ਕਰਨ ਦੀ ਆਖ਼ਰੀ ਮਿਤੀ ਵਧਾ ਕੇ 30 ਅਪ੍ਰੈਲ 2024 ਤੱਕ ਕਰ ਦਿੱਤੀ ਗਈ ਹੈ।



ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਰਿਵਾਈਜ਼ਡ ਸ਼ਡਿਊਲ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣਾਂ ਲਈ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾਂ 21 ਮਈ 2024 ਨੂੰ ਕੀਤੀ ਜਾਵੇਗੀ। ਮੁੱਢਲੀ ਪ੍ਰਕਾਸ਼ਿਤ ਵੋਟਰ ਸੂਚੀ ’ਤੇ ਦਾਅਵੇ/ਇਤਰਾਜ਼ 11 ਜੂਨ 2024 ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾਂ 03 ਜੁਲਾਈ 2024 ਨੂੰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਹੜੇ ਬਿਨੈਕਾਰ ਸਿੱਖ ਗੁਰਦੁਆਰਾ ਬੋਰਡ ਰੂਲਜ਼ 1959 ਦੇ ਰੂਲ ਨੰਬਰ 3 ਅਧੀਨ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਉਹ ਵਿਅਕਤੀ ਹੀ ਫਾਰਮ ਨੰਬਰ 1 ਭਰ ਸਕਦੇ ਹਨ। ਫਾਰਮ ਭਰਨ ਸਮੇਂ ਜ਼ਰੂਰੀ ਹਦਾਇਤਾਂ ਦਾ ਖ਼ਾਸ ਧਿਆਨ ਰੱਖਿਆ ਜਾਵੇ। ਬਿਨੈਕਾਰ 21 ਅਕਤੂਬਰ 2023 ਨੂੰ 21 ਸਾਲ ਜਾਂ ਉਸ ਤੋਂ ਵੱਧ ਉਮਰ ਪੂਰੀ ਕਰਦਾ ਹੋਵੇ, ਬਿਨੈਕਾਰ ਆਪਣੀ ਤਾਜ਼ਾ ਸਵੈ–ਤਸਦੀਕਸ਼ੁਦਾ ਫ਼ੋਟੋ ਨਾਲ ਨੱਥੀ ਕਰੇਗਾ ਅਤੇ ਫਾਰਮ ਨੰਬਰ 1 ਵਿੱਚ ਦਰਜ਼ ਸਵੈ ਘੋਸ਼ਣਾ ਭਰਨੀ ਲਾਜ਼ਮੀ ਹੈ।

# ਅੰਬੇਡਕਰ ਭਵਨ ਦੇ ਟਰੱਸਟੀਆਂ ਨੇ ਕੀਤਾ ਮਹਾਂਪੁਰਸ਼ਾਂ ਦਾ ਕੈਲੰਡਰ ਰਿਲੀਜ਼



**ਜਲੰਧਰ–** ਅੰਬੇਡਕਰ ਭਵਨ ਟਰੱਸਟ (ਰਜਿ), ਦੇ ਬੋਰਡ ਆਫ ਟਰੱਸਟੀਜ਼ ਦੀ ਮੀਟਿੰਗ ਟਰੱਸਟ ਦੇ ਚੇਅਰਮੈਨ ਸ੍ਰੀ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਡਾ. ਜੀ.ਸੀ. ਕੌਲ, ਬਲਦੇਵ ਰਾਜ ਭਾਰਦਵਾਜ, ਡਾ. ਸੁਰਿੰਦਰ ਅਜਨਾਤ, ਡਾ. ਰਾਹੁਲ ਐਮ.ਐਸ., ਹਰਮੇਸ਼ ਜਸਲ ਅਤੇ ਚਰਨ ਦਾਸ ਸੰਧੂ ਹਾਜ਼ਰ ਸਨ। ਮਾਨਯੋਗ ਟਰੱਸਟੀਆਂ ਨੇ ਅੰਬੇਡਕਰ ਭਵਨ ਦੇ ਵਿਕਾਸ ਕਾਰਜਾਂ ਤੇ ਬੜੀ ਸੰਜੀਦਗੀ ਨਾਲ ਚਰਚਾ ਕੀਤੀ। ਉਨ੍ਹਾਂ ਭਵਨ ਦੀ ਬੇਹਤਰੀ ਲਈ ਆਪਣੇ ਸੁਝਾਓ ਪੇਸ਼ ਕੀਤੇ। ਟਰੱਸਟ ਦੇ ਪ੍ਰਸਾਰ ਵਾਸਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਤੋਂ ਬਾਅਦ ਅੰਬੇਡਕਰ ਭਵਨ ਦੇ ਫਾਊਂਡਰ ਟਰੱਸਟੀ ਮਰਹੂਮ ਸ੍ਰੀ ਲਾਹੌਰੀ ਰਾਮ ਬਾਲੀ ਅਤੇ ਭਾਰਤੀ ਸਮਾਜ ਦੇ ਉਨ੍ਹਾਂ ਮਹਾਨ ਮਹਾਂਪੁਰਸ਼ਾਂ, ਜਿਨ੍ਹਾਂ ਨੇ ਸਮਾਜਿਕ ਕ੍ਰਾਂਤੀ ਲਈ ਆਪਣਾ ਵਡਮੁੱਲਾ ਯੋਗਦਾਨ ਪਾਇਆ ਅਤੇ ਸਮਾਜ ਵਿੱਚ ਸਮਾਨਤਾ ਸੁਤੰਤਰਤਾ ਅਤੇ ਭਾਈਚਾਰੇ ਦੀ ਨੀਂਹ ਰੱਖੀ, ਦੀ ਯਾਦ ਵਿੱਚ ਕੈਲੰਡਰ ਰਿਲੀਜ਼ ਕੀਤਾ ਗਿਆ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

# ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਲੌਂਗੋਵਾਲ ਅਤੇ ਚੀਮਾ ਵਿਖੇ ਕਰੀਬ 1.03 ਕਰੋੜ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ

**ਲੌਂਗੋਵਾਲ/ਚੀਮਾ (ਦਲਜੀਤ ਕੌਰ)–** ਲੌਂਗੋਵਾਲ/ਚੀਮਾ (ਦਲਜੀਤ ਕੌਰ)– ਪੰਜਾਬ ਦੇ ਕੈਬਨਿਟ ਮੰਤਰੀ ਅਮਨਅਰੋੜਾ ਨੇ ਵਿਧਾਨ ਸਭਾ ਹਲਕਾ ਸੁਨਾਮ ਦੇ ਸਰਵਪੱਖੀ ਵਿਕਾਸ ਲਈ ਚਲਾਈ ਮੁਹਿੰਮ ਤਹਿਤ ਲੌਂਗੋਵਾਲ ਅਤੇ ਚੀਮਾ ਵਿਖੇ ਕਰੀਬ 1.03 ਕਰੋੜ ਦੀ ਲਾਗਤ ਵਾਲੇ ਦੋ ਅਹਿਮ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖ ਕੇ ਕੰਮ ਦੀ ਸ਼ੁਰੂਆਤ ਕਰਵਾਈ।



ਕੈਬਨਿਟ ਮੰਤਰੀ ਅਮਨ ਅਰੋੜਾ ਨੇ ਇਸ ਉਪਰੰਤ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੌਂਗੋਵਾਲ ਦੇ ਬਜ਼ਾਰ ਵਿੱਚ ਦੁਕਾਨਦਾਰਾਂ ਦੀ ਇੱਕ ਮੰਗ ਚਿਰਾਂ ਤੋਂ ਲਟਕ ਰਹੀ ਸੀ ਜਿਸ ਨੂੰ ਸਨਮੁੱਖ ਰਖਦਿਆਂ ਇਥੇ ਓਪਨ ਡਰੇਨ ਦਾ ਨਿਰਮਾਣ ਕਰਨ ਲਈ 33.70 ਲੱਖ ਰੁਪਏ ਦੀ ਲਾਗਤ ਨਾਲ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ ਜਿਸ ਨਾਲ ਬਰਸਾਤਾਂ ਦੇ ਦਿਨਾਂ ਦੌਰਾਨ ਪਾਣੀ ਦੀ ਨਿਕਾਸੀ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਅਮਨ ਅਰੋੜਾ ਨੇ ਕਿਹਾ ਕਿ ਓਪਨ ਡਰੇਨ ਦੁਕਾਨਦਾਰਾਂ ਲਈ ਵੱਡੀ ਸਹੂਲਤ ਬਣੇਗੀ ਕਿਉਂ ਜੋ ਮੀਂਹ ਦੇ ਦਿਨਾਂ ਵਿੱਚ ਏਥੇ ਪਾਣੀ ਦੇ ਜਮ੍ਹਾਂ ਹੋ ਜਾਣ ਕਾਰਨ ਦੁਕਾਨਾਂ ਵਿੱਚ ਮੰਦੀ ਛਾ ਜਾਂਦੀ ਸੀ ਅਤੇ ਖਰੀਦਦਾਰਾਂ ਦਾ ਆਉਣਾ–ਜਾਣਾ ਔਖਾ ਹੋ ਜਾਂਦਾ ਸੀ। ਉਨ੍ਹਾਂ ਕਿਹਾ ਕਿ ਲੌਂਗੋਵਾਲ ਵਿੱਚ ਇਨ੍ਹੀਂ ਦਿਨੀਂ ਕਈ ਹੋਰ ਵਿਕਾਸ ਪ੍ਰੋਜੈਕਟ ਪ੍ਰਗਤੀ ਅਧੀਨ ਹਨ ਜਿਨ੍ਹਾਂ ਦੇ ਮੁਕੰਮਲ ਹੋਣ ’ਤੇ ਛੇਤੀ ਹੀ ਲੋਕਾਂ ਨੂੰ ਸਮਰਪਿਤ ਕਰ ਦਿੱਤੇ ਜਾਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਇਲਾਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਲੋਕ ਆਪ ਵੀ ਨਿਗਰਾਨੀ ਕਰਨ ਅਤੇ ਇਸ ਦੌਰਾਨ ਨਿਰਮਾਣ ਕਾਰਜਾਂ ਵਿੱਚ ਸਮੱਗਰੀ ਦੀ ਵਰਤੋਂ ਪੱਖੋਂ ਜਾਂ ਕਿਸੇ ਵੀ ਤਰ੍ਹਾਂ ਦੀ ਹੋਰ ਲਾਪਰਵਾਹੀ ਜਾਂ ਹੇਰਾਫੇਰੀ ਸਾਹਮਣੇ ਆਉਣ ’ਤੇ ਤੁਰੰਤ ਉਨ੍ਹਾਂ ਨੂੰ ਜਾਣੂ ਕਰਵਾਇਆ ਜਾਵੇ। ਉਨ੍ਹਾਂ ਸਬੰਧਤ ਠੇਕੇਦਾਰਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਪੂਰੀ ਇਮਾਨਦਾਰੀ ਤੇ ਪਾਰਦਰਸ਼ਤਾ ਨਾਲ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਪਾਬੰਦ ਰਹਿਣ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਚੀਮਾ ਵਿਖੇ ਸਥਿਤ ਐਮਐਲਜੀ ਸਕੂਲ ਨੇੜੇ ਪਾਰਕ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੱਸਿਆ ਕਿ ਕਰੀਬ 69.83 ਲੱਖ ਦੀ ਲਾਗਤ ਨਾਲ ਬਣਨ ਵਾਲਾ ਇਹ ਪਾਰਕ ਨੇੜਲੇ ਇਲਾਕਿਆਂ ਦੇ ਨਿਵਾਸੀਆਂ ਲਈ ਸੌਗਾਤ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਪਾਰਕ ਵਿੱਚ ਜਿਮ, ਵਾਕਿੰਗ ਟਰੈਕ, ਬੱਚਿਆਂ ਦੇ ਮਨੋਰੰਜਨ ਲਈ ਝੂਲੇ ਦਾ ਵੀ ਪ੍ਰਬੰਧ ਹੋਵੇਗਾ ਅਤੇ ਇਹ ਪਾਰਕ ਹਰਿਆਵਲ ਭਰਪੂਰ ਹੋਵੇਗਾ ਤੇ ਕੁਦਰਤ ਨਾਲ ਸਾਂਝ ਪੁਆਉਣ ਦੇ ਸਮਰੱਥ ਬਣੇਗਾ। ਇਸ ਮੌਕੇ ਐਸਡੀਐਮ ਸੁਨਾਮ ਪ੍ਰਮੋਦ ਸਿੰਗਲਾ, ਗੁਰਦੀਪ ਸਿੰਘ ਤਕੀਪੁਰ, ਨਿਰਭੈ ਸਿੰਘ ਬਲਾਕ ਪ੍ਰਧਾਨ, ਦਰਸ਼ਨ ਸਿੰਘ ਗੀਤੀਮਾਨ ਚੇਅਰਮੈਨ ਮਾਰਕਿਟ ਕਮੇਟੀ ਚੀਮਾ, ਬੀਰਬਲ ਸਿੰਘ, ਕੁਲਦੀਪ ਸਿੰਘ ਸਿੱਧੂ, ਲਖਵਿੰਦਰ ਬੰਸਲ, ਰੂਪ ਸਿੰਘ, ਜਗਸੀਰ ਸਿੰਘ, ਦਰਸ਼ਨ ਸਿੰਘ, ਬਹਾਦਰ ਸਿੰਘ ਤੇ ਮੇਜਰ ਸਿੰਘ, ਈ।ਓ ਬਾਲਕ੍ਰਿਸ਼ਨ, ਪ੍ਰਧਾਨ ਨਗਰ ਕੌਂਸਲ ਪਰਮਿੰਦਰ ਕੌਰ ਬਰਾੜ, ਗੁਰਮੀਤ ਸਿੰਘ ਫੌਜੀ ਐਮ।ਸੀ, ਸੂਬੇ: ਮੇਲਾ ਸਿੰਘ ਐਮਸੀ, ਕਿਸ਼ਨਪਾਲ, ਰਾਜ ਸਿੰਘ ਰਾਜੂ, ਹਰਵਿੰਦਰ ਸਿੰਘ ਢਿੱਲੋਂ, ਕਰਮ ਸਿੰਘ ਬਰਾੜ, ਹਰਦੀਪ ਸਿੱਪੀ, ਸੁਖਪਾਲ ਸਿੰਘ ਵੀ ਹਾਜ਼ਰ ਸਨ।

# ਪੋਲੀਓ ਮੁਹਿੰਮ ਦੂਜੇ ਦਿਨ 14,270 ਬੱਚਿਆਂ ਨੂੰ ਘਰ-ਘਰ ਜਾ ਕੇ ਪਿਲਾਈਆਂ ਪੋਲੀਓ ਬੂੰਦਾਂ


**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਨੇ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦੇ ਦੂਜੇ ਦਿਨ ਅੱਜ 14270 ਬੱਚਿਆਂ ਨੂੰ ਘਰ–ਘਰ ਜਾ ਕੇ ਪੋਲੀਓ ਰੋਕੂ ਬੂੰਦਾਂ ਪਿਲਾਈਆਂ। ਜ਼ਿਲ੍ਹਾ ਟੀਕਾਕਰਨ ਅਫਸਰ ਡਾ ਮਨਦੀਪ ਕਮਲ ਨੇ ਦੱਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਤਿੰਨ ਰੋਜ਼ਾ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦੇ ਦੂਜੇ ਦਿਨ ਸੋਮਵਾਰ ਨੂੰ ਜ਼ਿਲ੍ਹੇ ਵਿੱਚ ਜ਼ੀਰੋ ਤੋਂ ਪੰਜ ਸਾਲ ਤੱਕ ਦੇ 14270 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ।



ਇੰਜ ਜ਼ਿਲ੍ਹਾ ਸਿਹਤ ਵਿਭਾਗ ਨੇ 86.11 ਫੀਸਦੀ ਟੀਚਾ ਹਾਸਲ ਕਰ ਲਿਆ ਹੈ। ਪਹਿਲੇ ਦਿਨ 33836 ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਈਆਂ ਗਈਆਂ ਸਨ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ 55864 ਬੱਚਿਆਂ ਨੂੰ ਬੂੰਦਾਂ ਪਿਲਾਉਣ ਦਾ ਟੀਚਾ ਮਿਥਿਆ ਗਿਆ ਹੈ। ਡਾ ਮਨਦੀਪ ਕਮਲ ਨੇ ਦੱਸਿਆ ਕਿ ਅੱਜ ਨਵਾਂਸ਼ਹਿਰ ਵਿਖੇ 1608, ਬੰਗਾ ਵਿਖੇ 1129, ਰਾਹੋਂ ਵਿਖੇ 643, ਬਲਾਚੌਰ ਅਰਬਨ 816, ਮੁਜੱਫਰਪੁਰ ਵਿਖੇ 2613, ਮੁਕੰਦਪੁਰ ਵਿਖੇ 1535, ਸੁੱਜੋਂ ਵਿਖੇ 2021, ਸੜੋਆ ਵਿਖੇ 1651, ਬਲਾਚੌਰ ਰੂਰਲ ਵਿਖੇ 2254 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਇਸ ਤਰ੍ਹਾਂ ਪਿਛਲੇ ਦੋ ਦਿਨਾਂ ਵਿੱਚ 48106 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾ ਕੇ ਨਿਰਧਾਰਤ ਟੀਚੇ ਦਾ 86.11 ਫੀਸਦੀ ਹਾਸਿਲ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਲਸ ਪੋਲੀਓ ਮੁਹਿੰਮ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਜੋ ਬੱਚੇ ਪੋਲੀਓ ਬੂੰਦਾਂ ਤੋਂ ਵਾਂਝੇ ਰਹਿ ਗਏ, ਉਨ੍ਹਾਂ ਨੂੰ 5 ਮਾਰਚ, 2024 ਨੂੰ ਘਰ–ਘਰ ਜਾ ਕੇ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੋਲੀਓ ਦੀਆਂ ਦੋ ਬੂੰਦਾਂ ਪਿਲਾਉਣੀਆਂ ਬੱਚਿਆਂ ਦੀ ਸੁਨਹਿਰੀ ਜ਼ਿੰਦਗੀ ਲਈ ਬੇਹੱਦ ਜ਼ਰੂਰੀ ਹਨ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਮਾਪਿਆਂ ਨੂੰ ਮੁਹਿੰਮ ਦੇ ਆਖ਼ਰੀ ਦਿਨ ਆਪਣੇ ਜ਼ੀਰੋ ਤੋਂ ਪੰਜ ਸਾਲ ਦੇ ਬੱਚਿਆ ਨੂੰ ਪੋਲਿਓ ਰੋਕੂ ਬੂੰਦਾਂ ਪਿਲਾਉਣ ਦੀ ਅਪੀਲ ਵੀ ਕੀਤੀ।

# ਮੁੱਖ ਮੰਤਰੀ ਮਾਨ ਵਲੋਂ ਵਿਧਾਨ ਸਭਾ ਵਿੱਚ ਦਲਿਤ ਵਿਧਾਇਕ ਕੋਟਲੀ ਦੇ ਅਪਮਾਨ ਦਾ ਬਦਲਾ ਲੋਕ ਸਭਾ ਚੋਣਾਂ ਵਿੱਚ ਆਪ ਪਾਰਟੀ ਨੂੰ ਹਰਾ ਕੇ ਲਵਾਂਗੇ - ਭੌਂਸਲੇ

**ਫਗਵਾੜਾ 4 ਮਾਰਚ (ਬੀ. ਕੇ. ਰੱਤੂ)–** ਅੱਜ ਪੰਜਾਬ ਵਿਧਾਨ ਸਭਾ ਵਿੱਚ ਚਲ ਰਹੇ ਬਜਟ ਸੈਸ਼ਨ ਦੌਰਾਨ ਆਮ ਆਦਮੀ ਪਾਰਟੀ ਦੇ ਚੋਣ ਮੈਨੀਫੈਸਟੋ ਦੇ ਵਾਅਦੇ ਕਿ ਅਸੀਂ ਦਲਿਤ ਵਿਧਾਇਕ ਨੂੰ ਪੰਜਾਬ ਦਾ ਡਿਪਟੀ ਮੁੱਖ ਮੰਤਰੀ ਬਣਾਵਾਂਗੇ ਨੂੰ ਯਾਦ ਕਰਵਾਉ-ਂਦਿਆਂ ਆਦਮਪੁਰ (ਰਿਜ਼ਰਵ) ਤੋਂ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਆਪਣੀ ਗੱਲ ਰੱਖਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਸਵੇਰ ਤੋਂ ਆਪੇ ਤੋਂ ਬਾਹਰ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਵਿਧਾਇਕ ਕੋਟਲੀ ਲਈ ਅਪਮਾਨਜਨਕ ਸ਼ਬਦਾਵਲੀ ਵਿੱਚ ਗੱਲ ਕਰਨੀ ਅਤਿ ਨਿੰਦਣਯੋਗ ਹੈ। ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅੰਮ੍ਰਿਤਪਾਲ ਭੌਂਸਲੇ ਨੇ ਕਿਹਾ ਕਿ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੂੰ ਆਦਮਪੁਰ ਵਿਧਾਨ ਸਭਾ ਦੇ ਲੋਕਾਂ ਨੇ ਚੁਣ ਕੇ ਭੇਜਿਆ ਤਾਂ ਜੋ ਵਿਧਾਨ ਸਭਾ ਵਿੱਚ ਲੋਕਾਂ ਦੀ ਆਵਾਜ਼ ਚੁੱਕਣ, ਜੇਕਰ ਪੰਜਾਬ ਦੀ ਵਿਧਾਨ ਸਭਾ ਵਿੱਚ ਦਲਿਤ ਵਿਧਾਇਕ ਨਾਲ ਇਹੋ ਜਿਹਾ ਸਲੂਕ ਹੁੰਦਾ ਹੈ ਤਾਂ ਅਸੀਂ ਪੰਜਾਬ ਵਿੱਚ ਆਪਣੇ ਆਪ ਨੂੰ ਕਿੰਝ ਸੁਰੱਖਿਅਤ ਸਮਝ ਸਕਦੇ ਹਾਂ, ਉਨ੍ਹਾਂ ਅੱਗੇ ਕਿਹਾ ਭਗਵੰਤ ਮਾਨ ਨੇ ਕੋਟਲੀ ਦਾ ਨਹੀਂ ਸਗੋਂ ਪੂਰੇ ਦਲਿਤ ਸਮਾਜ ਦਾ ਅਪਮਾਨ ਕੀਤਾ ਹੈ ਇਸ ਦਾ ਬਦਲਾ ਸਮਾਜ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਹਰਾ ਕੇ ਲਵੇਗਾ। ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅੰਮ੍ਰਿਤਪਾਲ ਭੌਂਸਲੇ ਨੇ ਅੱਗੇ ਕਿਹਾ ਪਹਿਲਾਂ ਹੀ ਭਗਵੰਤ ਮਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਨਿੱਜੀ ਦੁਸ਼ਮਣ ਬਣਿਆ ਹੈ ਉਨ੍ਹਾਂ ਦੀ ਸੁਰੱਖਿਆ ਨਾਲ ਖਿਲਵਾੜ ਕਰ ਰਿਹਾ ਹੈ ਅਤੇ ਹੁਣ ਇਸ ਘਟਨਾ ਨਾਲ ਭਗਵੰਤ ਮਾਨ ਦਾ ਦਲਿਤ ਵਿਰੋਧੀ ਚਿਹਰਾ ਪੰਜਾਬ ਵਿਧਾਨ ਸਭਾ ਵਿੱਚ ਪੰਜਾਬ ਦੇ ਲੋਕਾਂ ਸਾਹਮਣੇ ਆ ਚੁੱਕਾ ਹੈ। ਉਨ੍ਹਾਂ ਅੱਗੇ ਕਿਹਾ ਕਿ ਹਰ ਖਿੱਤੇ ਵਿੱਚ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਲਿਤ ਸਮਾਜ ਨੂੰ ਮਨਫੀ ਕਰਕੇ ਚੱਲ ਰਹੀ ਹੈ। ਹੁਣ ਸਮਾਜ ਦੇ ਆਗੂਆਂ ਦਾ ਸ਼ਰੇਆਮ ਅਪਮਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਸਮਾਜ ਨੂੰ ਵੱਡੀ ਲਾਮਬੰਦੀ ਦਾ ਸੱਦਾ ਦਿੰਦਿਆਂ ਕਿਹਾ ਕਿ ਜਾਤ ਅਭਿਮਾਨੀ ਭਗਵੰਤ ਮਾਨ ਨੂੰ ਮੂੰਹ ਤੋੜਵਾਂ ਜਵਾਬ ਦੇਣ ਲਈ ਤਿਆਰ ਰਹਿਣ। ਸ੍ਰੀ ਭੌਂਸਲੇ ਨੇ ਅੱਗੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਲੋਕ ਸਭਾ ਚੋਣਾਂ ਵਿੱਚ ਆਪਣੀ 2022 ਵਾਲੀ ਗਲਤੀ ਨੂੰ ਸੁਧਾਰਨ ਲਈ ਮੌਕਾ ਮਿਲਣ ਜਾ ਰਿਹਾ ਹੈ, ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਨੂੰ ਚਲਦਾ ਕਰਨ ਦਾ ਸੱਦਾ ਦਿੱਤਾ।



# ਬੇਰੁਜ਼ਗਾਰ ਸਾਂਝੇ ਮੋਰਚੇ ਵੱਲੋਂ ਮਹਿਲਾ ਦਿਵਸ ਮੌਕੇ 8 ਮਾਰਚ ਨੂੰ ਮੁੱਖ ਮੰਤਰੀ ਦੀ ਕੋਠੀ ਦੇ ਘਿਰਾਓ ਦਾ ਐਲਾਨ

**ਸੰਗਰੂਰ, (ਦਲਜੀਤ ਕੌਰ)** ਬੇਰੁਜ਼ਗਾਰ ਸਾਂਝੇ ਮੋਰਚੇ ਦੀਆਂ ਮੁੱਖ ਮੰਤਰੀ ਨਿਵਾਸ ਚੰਡੀਗੜ੍ਹ ਵਿਖੇ ਪਹਿਲਾਂ ਹੀ 5 ਅਤੇ 6 ਮਾਰਚ ਨੂੰ ਮੀਟਿੰਗਾਂ ਤੈਅ ਹਨ, ਪ੍ਰੰਤੂ ਮੀ-ਟਿੰਗਾਂ ਰੱਦ ਹੋਣ ਜਾਂ ਬੇਸਿੱਟਾ ਰਹਿਣ ਦੀ ਸੂਰਤ ਵਿੱਚ ਬੇਰੁਜ਼ਗਾਰ ਸਾਂਝਾ ਮੋਰਚੇ ਵੱਲੋਂ 8 ਮਾਰਚ ਮਹਿਲਾ ਦਿਵਸ ਮੌਕੇ ਮੁੜ ਮੁੱਖ ਮੰਤਰੀ ਦੀ ਸਥਾਨਕ ਕੋਠੀ ਦਾ ਘਿਰਾਓ ਦਾ ਐਲਾਨ ਕੀਤਾ ਗਿਆ ਹੈ।

ਬੇਰੁਜ਼ਗਾਰ ਸਾਂਝੇ ਮੋਰਚੇ ਦੇ ਆਗੂਆਂ ਸੁਖਵਿੰਦਰ ਸਿੰਘ ਢਿੱਲਵਾਂ, ਜਸਵੰਤ ਘੁਬਾਇਆ, ਰਮਨ ਕੁਮਾਰ ਮਲੋਟ, ਹਰਜਿੰਦਰ ਸਿੰਘ ਝੁਨੀਰ ਅਤੇ ਹਰਜਿੰਦਰ ਸਿੰਘ ਬੁ-ਢਲਾਡਾ ਨੇ ਦੱਸਿਆ ਕਿ 31 ਜਨਵਰੀ ਨੂੰ ਪੰਜਾਬ ਸਰਕਾਰ ਦੀ ਸਬ - ਕਮੇਟੀ ਅਤੇ ਫਰਵਰੀ ਮਹੀਨੇ ਵਿੱਚ ਸਿੱਖਿਆ ਮੰਤਰੀ ਅਤੇ ਮੁੱਖ ਮੰਤਰੀ ਦੇ ਓ ਐੱਸ ਡੀ ਨਵਰਾਜ ਬਰਾੜ ਨਾਲ ਮੀਟਿੰਗਾਂ ਹੋ ਚੁੱਕੀਆਂ ਹਨ, ਪ੍ਰੰਤੂ ਅਜੇ ਤੱਕ ਮਾਸਟਰ ਕੇਡਰ ਦੇ ਸਾਰੇ ਵਿਸ਼ਿਆਂ ਦੀ ਭਰਤੀ, ਉਮਰ ਹੱਦ, ਬੇਤੁਕੀ ਥੋਪੀ 55 ਪ੍ਰਤੀਸ਼ਤ ਦੀ ਸ਼ਰਤ ਰੱਦ ਕਰਨ, ਆਰਟ ਐਂਡ ਕਰਾਫਟ ਦਾ ਲਿਖਤੀ ਪੇਪਰ ਲੈਣ, ਲੈਕਚਰਾਰ ਕਾਡਰ ਦੀ ਭਰਤੀ ਕਰਨ ਅਤੇ ਮਲਟੀ ਪਰਪਜ਼ ਹੈਲਥ ਵਰਕਰ ਦੀ ਉਮਰ ਹੱਦ ਛੋਟ ਸਮੇਤ ਭਰਤੀ ਕਰਨ ਸਬੰਧੀ ਕੋਈ ਵੀ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਗਈ। ਇਸ ਲਈ ਜੇਕਰ 5 ਅਤੇ 6 ਮਾਰਚ ਦੀਆਂ ਮੀਟਿੰਗਾਂ ਵਿੱਚ ਹੱਲ ਨਾ ਕੀਤਾ ਤਾਂ ਉਪਰੋਕਤ ਮੰਗਾਂ ਲਈ ਪੰਜ ਬੇਰੁਜ਼ਗਾਰ ਜਥੇਬੰਦੀਆਂ ਉੱਤੇ ਆਧਾਰਤ ਬੇਰੁਜ਼ਗਾਰ ਸਾਂਝਾ ਮੋਰਚਾ ਮੁੜ 8 ਮਾਰਚ ਨੂੰ ਮਹਿਲਾ ਦਿਵਸ ਮੌਕੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰੇਗਾ।



ਉਹਨਾਂ ਦੋਸ਼ ਲਗਾਇਆ ਕਿ ਦੋ ਸਾਲ ਵਿੱਚ ਸਿੱਖਿਆ ਅਤੇ ਸਿਹਤ ਵਿਭਾਗ ਵਿੱਚ ਕਿਸੇ ਇੱਕ ਵੀ ਅਸਾਮੀ ਲਈ ਇਸ਼ਤਿਹਾਰ ਜਾਰੀ ਨਹੀਂ ਕੀਤਾ। ਉਹਨਾਂ ਮੰਗ ਕੀਤੀ ਕਿ ਬਜਟ ਸ਼ੈਸ਼ਨ ਵਿਚ ਬੇਰੁਜ਼ਗਾਰਾਂ ਦੇ ਰੁਜ਼ਗਾਰ ਅਤੇ ਜਦੋਂ ਤੱਕ ਰੁਜ਼ਗਾਰ ਨਹੀਂ ਉਦੋਂ ਤੱਕ ਸਨਮਾਨ ਯੋਗ ਬੇਰੁਜ਼ਗਾਰੀ ਭੱਤਾ ਦੇਣ ਲਈ ਬਜਟ ਰੱਖਿਆ ਜਾਵੇ। ਜ਼ਿਕਰਯੋਗ ਹੈ ਕਿ ਬੇਰੁਜ਼ਗਾਰ ਸਾਂਝੇ ਮੋਰਚੇ ਨੇ ਬਜਟ ਇਜਲਾਸ ਵਿੱਚ ਆਪਣੀਆਂ ਮੰਗਾਂ ਸ਼ਾਮਿਲ ਕਰਵਾਉਣ ਲਈ ਮੁਹਿੰਮ ਵੀ ਵਿੱਢੀ ਹੋਈ ਹੈ।

# ਬਜਟ ਸੈਸ਼ਨ ਦੇ ਪਹਿਲੇ ਦਿਨ ਪੰਜਾਬ ਸਰਕਾਰ ਖ਼ਿਲਾਫ਼ ਗਰਜੇ ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰ

**ਚੰਡੀਗੜ੍ਹ, (ਦਲਜੀਤ ਕੌਰ)** ਪੰਜਾਬ ਦੇ ਲੱਗਭੱਗ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੇ ਜਾਣ ਦੇ ਰੋਸ ਵਜੋਂ 'ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ' ਵੱਲੋਂ ਵਿਧਾਨ ਸਭਾ ਬਜਟ ਸੈਸ਼ਨ ਦੇ ਪਹਿਲੇ ਦਿਨ ਸਥਾਨਕ 39 ਸੈਕਟਰ ਦੀ ਅਨਾਜ ਮੰਡੀ ਵਿੱਚ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਗਈ ਜਿਸ ਵਿੱਚ ਪੰਜਾਬ ਦੇ ਕੋਨੇ-ਕੋਨੇ ਵਿੱਚੋਂ ਪੁੱਜੇ ਹਜ਼ਾਰਾਂ ਮੁਲਾਜ਼ਮ, ਪੈਨਸ਼ਨਰ ਅਤੇ ਮਾਣਭੱਤਾ ਵਰਕਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪ੍ਰਸ਼ਾਸਨ ਵੱਲੋਂ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਵਿਜੋਏ ਕੁਮਾਰ ਸਿੰਘ ਵੱਲੋਂ ਮੁਲਾਜ਼ਮ ਆਗੂਆਂ ਨੂੰ ਮੀਟਿੰਗ ਕਰਨ ਲਈ ਲੈਕੇ ਜਾਇਆ ਗਿਆ। ਪਰ ਵੀ। ਕੇ। ਸਿੰਘ ਵੱਲੋਂ 2 ਘੰਟੇ ਮੁਲਾਜ਼ਮ ਆਗੂਆਂ ਨੂੰ ਉੱਥੇ ਹੀ ਬਿਠਾ ਕੇ ਰੱਖਿਆ ਗਿਆ ਅਤੇ ਕੋਈ ਮੀਟਿੰਗ ਨਹੀਂ ਕੀਤੀ ਅਤੇ ਬਾਅਦ ਵਿੱਚ ਪਤਾ ਲੱਗਾ ਕਿ ਉਹ ਮੁਲਾਜ਼ਮ ਆਗੂਆਂ ਨਾਲ ਬਿਨਾਂ ਕੋਈ ਮੀਟਿੰਗ ਕੀਤੇ ਉੱਥੋਂ ਉੱਠ ਕੇ ਚਲਾ ਗਿਆ।

ਇਸ ਲਈ 2 ਘੰਟੇ ਖੱਜਲ-ਖੁਆਰ ਹੋਣ ਤੋਂ ਬਾਅਦ ਮੁਲਾਜ਼ਮ ਆਗੂਆਂ ਨੇ ਪੰਜਾਬ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਬਿਨਾਂ ਕੋਈ ਮੀਟਿੰਗ ਕਰੇ, ਮੀਟਿੰਗ ਦਾ ਬਾਈਕਾਟ ਕਰਕੇ ਆ ਗਏ। ਇਸ ਮੌਕੇ ਰੈਲੀ ਨੂੰ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਆਗੂਆਂ ਕਰਮ ਸਿੰਘ ਧਨੋਆ, ਸ਼ਵਿੰਦਰ ਮੋਲੋਵਾਲੀ, ਜਰਮਨਜੀਤ ਸਿੰਘ, ਸਤੀਸ਼ ਰਾਣਾ, ਰਣਜੀਤ ਰਾਣਵਾਂ, ਡਾ. ਐਨ. ਕੇ। ਕਲਸੀ, ਭਜਨ ਸਿੰਘ ਗਿੱਲ, ਬਾਜ ਸਿੰਘ ਖਹਿਰਾ, ਗਗਨਦੀਪ ਬਠਿੰਡਾ, ਰਤਨ ਸਿੰਘ ਮਜਾਰੀ, ਹਰਭਜਨ ਪਿਲਖਣੀ, ਰਾਧੇ ਸ਼ਿਆਮ, ਗੁਰਮੇਲ ਮੈਲਡੇ, ਜਸਵੀਰ ਤਲਵਾੜਾ ਅਤੇ ਸ਼ਿੰਗਾਰਾ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ 01-01-2004 ਉੱਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਪੈਨਸ਼ਨਰਾਂ ਦੀ ਪੈਨਸ਼ਨ ਸੁਧਾਈ ਤੇ 2159 ਦਾ ਗੁਣਾਕ ਲਾਗੂ ਕਰਨ ਕੱਚੇ ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਨ, ਮਾਣ ਭੱਤਾ ਵਰਕਰਾਂ ਤੇ ਘੱਟੋ- ਘੱਟ ਉਜਰਤਾਂ ਕਾਨੂੰਨ ਲਾਗੂ ਕਰਨ, ਖਰਖ ਕਾਲ ਸੰਬੰਧੀ 15- 1-2015 ਅਤੇ 09-07-2016 ਦੇ ਨੋਟੀਫਿਕੇਸ਼ਨਾਂ ਨੂੰ ਰੱਦ ਕਰਨ, 17-7-2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੇ ਕੇਂਦਰ ਦੀ ਬਜਾਏ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਨ, ਪੇਂਡੂ ਅਤੇ ਬਾਰਡਰ ਏਰੀਆ ਸਮੇਤ ਕੱਟੇ ਗਏ 37 ਭੱਤੇ ਅਤੇ ਏ। ਸੀ। ਪੀ। ਬਹਾਲ ਕਰਨ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਤੇ ਬਕਾਏ ਜਾਰੀ ਕਰਨ, ਜਜ਼ੀਆ ਰੂਪੀ 200 ਰੁਪਏ ਵਿਕਾਸ ਟੈਕਸ ਬੰਦ ਕਰਨ ਤੋਂ ਲੱਗਭੱਗ ਪੂਰੀ ਤਰ੍ਹਾਂ ਮੁਨਕਰ ਹੋ ਗਈ ਹੈ ਜਦੋਂਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਨੂੰ ਅਨੇਕਾਂ ਕਿਸਮ ਦੀਆਂ ਗਰੰਟੀਆਂ ਦਿੱਤੀਆਂ ਗਈਆਂ ਸਨ। ਇਸ ਰੈਲੀ ਵਿੱਚ ਸਾਥੀਆਂ ਸਮੇਤ ਪੁੱਜੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਰੁਲਦੂ ਸਿੰਘ ਮਾਨਸਾ ਨੇ ਸਾਂਝੇ ਫਰੰਟ ਦੇ ਸੰਘਰਸ਼ ਦੀ ਹਮਾਇਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਆਗੂਆਂ ਸੁਖਵਿੰਦਰ ਸਿੰਘ ਚਾਹਲ, ਹਰਦੀਪ ਟੋਡਰਪੁਰ, ਐਨ.ਡੀ. ਤਿਵਾੜੀ, ਅਵਿਨਾਸ਼ ਚੰਦਰ, ਸੁਰਿੰਦਰ ਪੁਆਰੀ, ਬੀ.ਐਸ. ਸੈਣੀ, ਦਿਗਵਿਜੇ ਪਾਲ ਸ਼ਰਮਾਂ, ਬੋਬਿੰਦਰ ਸਿੰਘ, ਹਰਭਜਨ ਸਿੰਘ ਖੁੰਗਰ, ਗੁਰਪ੍ਰੀਤ ਗੱਡੀਵਿੰਡ, ਅਤਿੰਦਰ ਪਾਲ ਘੱਗਾ, ਗੁਰਜੰਟ ਕੋਕਰੀ, ਸੁਖਜੀਤ ਸਿੰਘ ਤੇ ਜਗਸੀਰ ਸਹੋਤਾ, ਸ਼ਿੰਗਾਰਾਂ ਸਿੰਘ ਨੇ ਆਖਿਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਲੋਕਾਂ ਨਾਲ ਵਾਅਦਾ ਖ਼ਿਲਾਫ਼ੀ ਕਰਨ ਦੇ ਮਾਮਲੇ ਵਿੱਚ ਪਿਛਲੀਆਂ ਸਰਕਾਰਾਂ ਨੂੰ ਵੀ ਪਿੱਛੇ ਛੱਡ ਗਈ ਹੈ ਜਿਸ ਕਾਰਨ ਨਿੱਤ ਦਿਨ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿੱਚ ਬੇਰੁਜ਼ਗਾਰਾਂ, ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਹੋਰ ਲੋਕਾਂ ਨਾਲ ਪੁਲਿਸ ਦੁਆਰਾ ਧੱਕਾ ਮੁੱਕੀ ਕੀਤੀ ਜਾਂਦੀ ਹੈ। ਉਹਨ੍ਹਾਂ ਆਖਿਆ ਕਿ ਜੇਕਰ ਪੰਜਾਬ ਸਰਕਾਰ ਦੁਆਰਾ 5 ਮਾਰਚ ਨੂੰ ਪੇਸ਼ ਕੀਤੇ ਜਾਣ ਵਾਲੇ ਬਜਟ ਵਿੱਚ ਉਹਨਾਂ ਦੀਆਂ ਮੰਗਾਂ ਸੰਬੰਧੀ ਠੋਸ ਐਲਾਨ ਨਾ ਕੀਤੇ ਗਏ ਤਾਂ 6 ਅਤੇ 7 ਮਾਰਚ ਨੂੰ ਪੰਜਾਬ ਦੇ ਕੋਨੇ-ਕੋਨੇ ਵਿਚ ਪੰਜਾਬ ਸਰਕਾਰ ਦੇ ਬਜਟ ਦੀਆਂ ਕਾਪੀਆਂ ਫੂਕੀਆਂ ਜਾਣਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਲੁਬਾਣਾ, ਧਨਵੰਤ ਭੱਠਲ, ਗੁਰਦੀਪ ਸਿੰਘ ਬਾਜਵਾ, ਵਿਕਰਮ ਦੇਵ ਸਿੰਘ, ਸੋਮ ਸਿੰਘ ਗੁਰਦਾਸਪੁਰ, ਬਾਬੂ ਸਿੰਘ, ਜਸਮੇਰ ਸਿੰਘ ਬਾਠ, ਹਰਜੀਤ ਸਿੰਘ ਫਤਿਹਗੜ੍ਹ, ਬੂਟਾ ਸਿੰਘ ਫਾਜ਼ਿਲਕਾ, ਹਰਪ੍ਰੀਤ ਸਿੰਘ ਸੰਧੂ, ਮਨਦੀਪ ਰਾਮ, ਅਮਰਜੀਤ ਸਿੰਘ ਖੋਸਾ, ਸੁਖਜੀਤ ਸਿੰਘ, ਸੁਸ਼ੀਲ ਕੁਮਾਰ ਫੌਜੀ, ਮਨਜੀਤ ਸਿੰਘ ਲਹਿਰਾ, ਹਰਵੀਰ ਸਿੰਘ ਢੀਂਡਸਾ, ਤੇਜਿੰਦਰ ਸਿੰਘ ਨੰਗਲ, ਮਮਤਾ ਸ਼ਰਮਾਂ ਤੇ ਪ੍ਰਵੀਨ ਬਾਲਾ ਵੀ ਹਾਜ਼ਰ ਸਨ।





# 2023 'ਚ ਸ਼ਮਸ਼ਾਨ ਘਾਟ ਵਿਚ ਬਣੀ ਸੈਂਲਟਰ ਸ਼ੈਡ 'ਚ ਕੀਤੇ ਕੰਮ ਦੇ ਨਹੀਂ ਮਿਲੇ ਪੈਸੇ, ਦੁਖੀ ਹੋ ਕੇ ਕੀਤਾ ਮੁਜਾਹਰਾ

**ਗੜ੍ਹਸੰਕਰ (ਸਤਨਾਮ ਸਿੰਘ ਸਹੂੰਗੜਾ)–** ਗੜ੍ਹਸੰਕਰ (ਸਤਨਾਮ ਸਿੰਘ ਸਹੂੰਗੜਾ)- ਸੁੱਕੀਆਂ ਘੋਸ਼ਨਾਵਾਂ ਕਰਨੀਆਂ ਅਤੇ ਅਸਲ ਵਿਚ ਕੰਮ ਕਰਨ ਵਿਚ ਜਮੀਨ ਅਸਮਾਨ ਦਾ ਅੰਤਰ ਹੈ। ਆਪ ਦੀ ਸਰਕਾਰ ਆਪ ਦੇ ਦੁਆਰ ਸਮੇਂ ਦੀ ਬਰਬਾਦੀ ਅਤੇ ਸਰਕਾਰ ਵਲੋਂ ਦਫਤਰਾਂ ਵਿਚ ਅਨੁਸ਼ਸਾਸ਼ਨ ਦੀ ਬੁਰੀ ਹਾਲਤ ਕਰਨ ਤੋਂ ਸਿਵਾ ਜਨਤਾ ਦਾ ਕੁਝ ਵੀ ਪੱਲੇ ਨਹੀਂ ਪੈ ਰਿਹਾ। ਇਸ ਸਬੰਧ ਵਿਚ ਲੇਬਰ ਪਾਰਟੀ ਦੇ ਪਿੰਡ ਚਿਤੋਂ ਦੇ ਕੁਝ ਵਸਨੀਕਾਂ ਵਲੋਂ ਪਿੰਡ ਵਿਚ ਬਣੀ ਸ਼ਮਸ਼ਾਨ ਘਾਟ ਵਿਚ ਕੀਤੇ ਕੰਮ ਦੇ ਮਜਦੂਰਾਂ ਦੇ ਅਤੇ ਮਿਸਤਰੀ ਦੇ ਪੈਸੇ ਨਾ ਮਿਲਣ ਅਤੇ ਮਨਰੇਗਾ ਵਰਕਰ ਬਲਜੀਤ ਸਿੰਘ (ਜੌਬ ਕਾਰਡ ਨੰਬਰ 89 ਦੇ 12 ਦਿਨਾਂ ਦੀ ਕੀਤੀ ਮਜਦੂਰੀ ਦੇ ਪੈਸੇ ਨਾ ਮਿਲਣ ਨੂੰ ਲੈ ਕੇ ਲੋਕਪਾਲ ਮਨਰੇਗਾ ਹੁਸ਼ਿਆਪੁਰ ਨੂੰ ਸ਼ਿਕਾਇਤ ਦਰਜ ਕਰਵਾਈ ਅਤੇ ਪੰਜਾਬ ਸਰਕਾਰ ਦੀਆਂ ਫੜਫੜੀਆਂ ਦੇ ਵਿਰੁਧ ਜੈ ਗੋਪਾਲ ਧੀਮਾਨ ਦੀ ਅਗਵਾਈ ਵਿਚ ਮੁਜਾਹਰਾ ਕੀਤਾ ਗਿਆ। ਧੀਮਾਨ ਨੇ ਕਿਹਾ ਕਿ ਮਨਰੇਗਾ ਵਰਕਰ ਬਲਜੀਤ ਸਿੰਘ ਨੇ ਸਤੰਬਰ 2023 ਵਿਚ ਮਿਤੀ 12 ਤੋਂ ਲੈ ਕੇ 26 ਤੱਕ ਕੁਲ 12 ਦਿਨ ਦਾ ਮਸਟਰੋਲ ਨੰਬਰ 1611 ਤਹਿਤ ਕੰਮ ਕੀਤਾ। ਪਰ ਹਾਲੇ ਤੱਕ ਮਜਦੂਰੀ ਦਾ ਭੁਗਤਾਨ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਪਿੰਡ ਵਿਚ 08 ਅਪ੍ਰੈਲ 2023 ਤੋਂ ਲੈ ਕੇ 24 ਅਪ੍ਰੈਲ 2023 ਤੱਕ 2 ਮਿਸਤਰੀਆਂ ( ਸੁੱਚਾ ਰਾਮ, ਨਰਜੰਨ ਸਿੰਘ) ਉਜਰਤ ਅਤੇ 4 ਮਜਦੂਰਾਂ (ਸ਼ਾਮ ਲਾਲ, ਤਰਸੇਮ ਲਾਲ, ਬਾਰੂ ਰਾਮ, ਤੇ ਬਲਜੀਤ ਸਿੰਘ) ਨੇ ਸ਼ਮਸਾਨ ਘਾਟ ਵਿਚ ਸੈਂਲਟਰ ਸ਼ੈਡ ਬਣਾਉਣ ਦਾ ਕੰਮ ਕੀਤਾ ਪਰ ਲਗਭਗ 11 ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਨਾ ਤਾ ਮਿ-ਸਤਰੀਆਂ ਨੂੰ ਅਤੇ ਨਾ ਹੀ ਮਜਦੂਰਾਂ ਨੂੰ ਕੀਤੇ ਕੰਮਾਂ ਦੇ ਪੈਸੇ ਮਿਲੇ। ਜਿਨ੍ਹਾਂ ਵਿਚ ਸਾਰਿਆਂ ਦੀ ਕੁਲ ਉਜਰਤ 25,000 ਦੇ ਲਗਭਗ ਬਣਦੀ ਹੈ। ਇਨ੍ਹਾਂ ਸਾਰੀਆਂ ਮੁਸ਼ਕਿਲਾਂ ਨੂੰ ਲੈ ਕੇ ਧੀਮਾਨ ਨੇ ਲੋਕਪਾਲ ਮਨ-ਰੇਗਾ ਨੂੰ ਸ਼ਿਕਾਇਤ ਦਰਜ ਕਰਵਾਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਕਰਨੀ ਅਤੇ ਕਥਨੀ ਵਿਚ ਜਮੀਨ ਅਸਮਾਨ ਦਾ ਅੰਤਰ ਹੈ ਤੇ ਸਾਰਾ ਵਿਕਾਸ ਅਤੇ ਲੋਕਾਂ ਨੂੰ ਇਨਸਾਫ ਫਲੈਕਸਾਂ ਉਤੇ ਦੇ ਕੇ ਸੰਤੁਸ਼ਟੀ ਕਰਵਾ ਦਿਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਕਿੱਥੇ ਦੀ ਇਮਾਨਦਾਰੀ ਹੈ, ਕਿ ਗਰੀਬ ਮਜਦੂਰਾਂ ਦੀਆਂ ਦਿਹਾੜੀਆਂ ਦੇ ਵੀ 11-11 ਮਹੀਨੇ ਪੈਸੇ ਨਾ ਦੇਣੇ। ਉਨ੍ਹਾਂ ਕਿਹਾ ਕਿ ਧੱਕੇਸ਼ਾਹੀ ਨਾਲ ਰਾਜ ਪ੍ਰਬੰਧ ਤਾਂ ਚਲਾਇਆ ਜਾ ਸਕਦਾ ਹੈ, ਪਰ ਲੋਕਾਂ ਨੂੰ ਰਾਹਤ ਨਹੀਂ ਦਿਤੀ ਜਾ ਸਕਦੀ। ਗਰੀਬ ਨੇ ਤਾਂ ਉਹੀ ਦਿਹਾੜੀ ਕਰਨੀ ਹੁੰਦੀ ਹੈ ਤੇ ਉਹੀ ਪੈਸੇ ਨਾਲ ਗੁਜਾਰਾ ਕਰਨਾ ਹੁੰਦਾ ਹੈ। ਧੀਮਾਨ ਨੇ ਦੱਸਿਆ ਕਿ ਹਾਲੇ ਪਿੰਡ ਵਿਚ ਫਰਵਰੀ ਮਹੀਨੇ ਵਿਚ ਆਪ ਦੀ ਸਰਕਾਰ ਤੇ ਆਪ ਦੇ ਦਰਬਾਰ ਤਹਿਤ ਕੈਂਪ ਵੀ ਲੱਗ ਕੇ ਹੱਟਿਆ ਹੈ। ਪਰ ਫਿਰ ਵੀ ਇਨ੍ਹਾਂ ਮਜ-ਦੂਰਾਂ ਦੇ ਪੱਲੇ ਬੇਇਨਸਾਫੀ ਹੀ ਪਈ ਹੈ। ਉਨ੍ਹਾਂ ਮੁੱਖ ਮੰਤਰੀ ਪੰਜਾਬ ਦੇ ਐਕਸ ਐਪ ਉਤੇ ਵੀ ਸ਼ਕਾਇਤ ਦਰਜ ਕਰਵਾਈ। ਧੀਮਾਨ ਨੇ ਲੋਕਪਾਲ ਮਨਰੇਗਾ ਤੋਂ ਮੰਗ ਕੀਤੀ ਕੇ ਸਾਰੇ ਪੈਸੇ ਕੰਪਨਸੇਸ਼ਨ ਐਕਟ 1936 ਦੇ ਤਹਿਤ ਸਮੇਤ ਮੁਆਵਜਾ ਦਿਤੇ ਜਾਣ।



# ਛੋਕਰਾਂ ਵਿਖੇ ਅਲੌਕਿਕ ਤੇ ਵਿਸ਼ਾਲ ਨਗਰ ਕੀਰਤਨ ਸਜਾਇਆ



**ਜਲੰਧਰ, ਫਿਲੌਰ, ਅੱਪਰਾ (ਜੱਸੀ)–** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਜ਼ਦੀਕੀ ਪਿੰਡ ਛੋਕਰਾਂ ਵਿਖੇ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਸਮੂਹ ਪ੍ਰੰਬਧਕ ਕਮੇਟੀ ਵਲੋਂ ਗ੍ਰਾਮ ਪੰਚਾਇਤ, ਐੱਨ. ਆਰ. ਆਈ ਵੀਰਾਂ ਤੇ ਸਮੂਹ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਸਜਾਇਆ ਗਿਆ। ਇਸ ਮੌਕੇ ਗੁਰੂਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਤੋਂ ਨਗਰ ਕੀਰਤਨ ਸ਼ੁਰੂ ਹੋ ਕੇ ਪੂਰੇ ਪਿੰਡ ਦੀ ਪਰਿਕਰਮਾ ਕਰਦਾ ਹੋਇਆ ਵੱਖ-ਵੱਖ ਪੜਾਵਾਂ ਤੋਂ ਰੁਕਦਾ ਹੋਇਆ ਸ਼ਾਮ ਨੂੰ ਗੁਰੂਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਵਿਖੇ ਪੂਰੇ ਜਲੌਅ ਨਾਲ ਸਮਾਪਤ ਹੋ ਗਿਆ। ਇਸ ਮੌਕੇ ਪ੍ਰਸਿੱਦ ਢਾਡੀ ਤੇ ਕੀਰਤਨੀ ਜੱਥਿਆਂ ਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਦੀ ਬਾਣੀ ਦਾ ਗੁਣਗਾਣ ਕੀਤਾ। ਸਮਾਗਮ ਦੇ ਦੂਸਰੇ ਦਿਨ ਅੱਜ ਆਰੰਭ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਨਗਰ ਕੀਰਤਨ ਦੌਰਾਨ ਵੱਖ ਵੱਖ ਥਾਵਾਂ 'ਤੇ ਚਾਹ-ਪਕੌੜੇ, ਖੀਰ ਤੇ ਫ਼ਲ-ਫ਼ਰੂਟਾਂ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਵੱਡੀ ਗਿਣਤੀ 'ਚ ਸ੍ਰੀ ਗੁਰੂ ਰਵਿਦਾਸ ਜੀ ਨਾਮਲੇਵਾ ਸੰਗਤਾਂ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਨਗਰ 'ਚ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਉਤਸਵ





**ਫਗਵਾੜਾ (ਬੀ.ਕੇ.ਰੱਤੂ)–** ਸ੍ਰੀ ਗੁਰੂ ਰਵਿਦਾਸ ਮਿਸ਼ਨ ਐਂਡ ਵੈਲਫੇਅਰ ਕਮੇਟੀ (ਰਜਿ.) ਸ਼ਹੀਦ ਭਗਤ ਸਿੰਘ ਨਗਰ ਫਗਵਾੜਾ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ 647ਵਾਂ ਪ੍ਰਕਾਸ਼ ਉਤਸਵ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਗਿਆ। ਸਵੇਰੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਹੋਈ। ਇਸ ਦੌਰਾਨ ਧਾਰਮਿਕ ਸਟੇਜ ਸਜਾਈ ਗਈ। ਜਿਸ ਵਿੱਚ ਵੱਖ-ਵੱਖ ਰਾਗੀ ਜਥਿਆਂ ਨੇ ਸ਼ਬਦ ਕੀਰਤਨ ਸਰਵਣ ਕਰਵਾਇਆ। ਮੁੱਖ ਬੁਲਾਰੇ ਮਾਸਟਰ ਸੋਮ ਰਾਜ ਨੇ ਸਾਰਿਆਂ ਨੂੰ ਗੁਰਪੁਰਬ ਦੀ ਵਧਾਈ ਦਿੰਦੇ ਹੋਏ ਗੁਰੂ ਰਵਿਦਾਸ ਮਹਾਰਾਜ ਦੇ ਜੀਵਨ ਅਤੇ ਮਿਸ਼ਨ 'ਤੇ ਚਾਨਣਾ ਪਾਇਆ। ਉਨ੍ਹਾਂ ਸੰਗਤਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਣ। ਪ੍ਰਬੰਧਕਾਂ ਵੱਲੋਂ ਪਤਵੰਤਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਲੰਗਰ ਦੀ ਸੇਵਾ ਅਟੁੱਟ ਵਰਤਾਈ ਗਈ। ਇਸ ਮੌਕੇ ਹਰਭਜਨ ਲਾਲ, ਸਾਧੂ ਰਾਮ, ਭੁਪਿੰਦਰ ਸਿੰਘ, ਮਹਿੰਦਰ ਰਾਮ, ਗਰੀਬ ਦਾਸ, ਚੇਤ ਰਾਮ, ਅਸ਼ੋਕ ਕੁਲਥਮ, ਸੰਤੋਖ ਸੱਲਣ, ਚਰਨਜੀਤ ਸਿੰਘ, ਮਦਨ ਲਾਲ ਸਾਬਕਾ ਕੌਂਸਲਰ, ਹਰਮੇਸ਼ ਬੰਗਾ, ਬਲਵੀਰ ਚੰਦ, ਮੋਹਨ ਸਿੰਘ ਆਦਿ ਹਾਜ਼ਰ ਸਨ।

# ਅੱਖਾਂ ਦੇ ਫਰੀ ਕੈਂਪ ਵਿੱਚ ਚੁਣੇ ਗਏ ਮਰੀਜ਼ਾਂ ਦਾ ਡਾ: ਰਾਜਨ ਆਈ ਕੇਅਰ ਵਿਖੇ ਹੋਇਆ ਸਫਲ ਆਪ੍ਰੇਸ਼ਨ



**ਫਗਵਾੜਾ 4 ਮਾਰਚ (ਬੀ.ਕੇ. ਰੱਤੂ)** ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ ਦੇ ਸਾਬਕਾ ਮੈਡਮ ਬਿੰਦੀਆ ਆਦਿ ਹਾਜਰ ਸਨ। ਡਾਇਰੈਕਟਰ ਗੁਰਚਰਨ ਸਿੰਘ ਦੇ ਪਰਿਵਾਰ ਵੱਲੋਂ ਗੁਰਦੁਆਰਾ ਹਲਟੀ ਵਾਲਾ ਪਿੰਡ ਗਿੱਲ ਵਿਖੇ ਲਗਾਏ ਗਏ ਅੱਖਾਂ ਦੇ ਮੁਫਤ ਮੈਡੀਕਲ ਕੈਂਪ ਦੌਰਾਨ ਅਪ੍ਰੇਸ਼ਨ ਲਈ ਚੁਣੇ ਗਏ ਮਰੀਜਾਂ ਦੀਆਂ ਅੱਖਾਂ ਦਾ ਸਫਲ ਆਪ੍ਰੇਸ਼ਨ ਡਾ: ਰਾਜਨ ਆਈ ਕੇਅਰ ਹਸਪਤਾਲ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਕੀਤਾ ਗਿਆ। ਇਸ ਦੌਰਾਨ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਐਮ.ਡੀ. ਡਾ: ਐਸ ਰਾਜਨ ਨੇ ਦੱਸਿਆ ਕਿ ਮਾਹਿਰ ਡਾਕਟਰਾਂ ਦੀ ਟੀਮ ਨੇ 300 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਅਤੇ ਲੋੜਵੰਦਾਂ ਨੂੰ ਦਵਾਈਆਂ ਅਤੇ ਐਨਕਾਂ ਬਿਲਕੁਲ ਫਰੀ ਵੰਡੀਆਂ ਗਈਆਂ। ਕੈਂਪ ਦੌਰਾਨ ਚੁਣੇ ਗਏ 25 ਮਰੀਜ਼ਾਂ ਦੀਆਂ ਅੱਖਾਂ ਦੇ ਸਫਲ ਆਪ੍ਰੇਸ਼ਨ ਕਰਕੇ ਫੋਲਡੇਬਲ ਲੈਂਸ ਪਾਏ ਗਏ ਹਨ। ਅਪਰੇਸ਼ਨ ਵਾਲੇ ਮਰੀਜ਼ਾਂ ਨੂੰ ਸੁਰੱਖਿਆ ਕਾਰਨਾਂ ਕਰਕੇ ਐਨਕਾਂ ਵੀ ਮੁਫ਼ਤ ਦਿੱਤੀਆਂ ਗਈਆਂ। ਡਾ: ਰਾਜਨ ਨੇ ਅੱਖਾਂ ਦੇ ਮਰੀਜ਼ਾਂ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ ਅਤੇ ਧੁੱਪ, ਧੂੜ ਅਤੇ ਧੂੰਏਂ ਤੋਂ ਬਚਾਅ ਬਾਰੇ ਜਾਗਰੂਕ ਕੀਤਾ। ਉਨ੍ਹਾਂ ਅੱਖਾਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਅੱਖਾਂ ਦੀ ਕਿਸੇ ਵੀ ਸਮੱਸਿਆ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਸਗੋਂ ਮਾਹਿਰ ਡਾਕਟਰ ਦੀ ਸਲਾਹ ਲੈ ਕੇ ਸਮੇਂ ਸਿਰ ਇਲਾਜ ਕਰਵਾਉਣਾ ਚਾਹੀਦਾ ਹੈ। ਸਾਬਕਾ ਸਰਪੰਚ ਬਲਜੀਤ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਸਾਬਕਾ ਡਾਇਰੈਕਟਰ ਗੁਰਚਰਨ ਸਿੰਘ ਨੇ ਕੈਂਪ ਦੇ ਆਯੋਜਨ ਵਿੱਚ ਸਹਿਯੋਗ ਦੇਣ ਲਈ ਡਾ: ਰਾਜਨ ਆਈ ਕੇਅਰ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਵਰਿਆਮ ਸਿੰਘ, ਗੁਰਬਖਸ਼ ਸਿੰਘ ਸਾਬਕਾ ਸਰਪੰਚ, ਕਮਲਜੀਤ ਸਿੰਘ, ਨੰਬਰਦਾਰ ਰਘਬੀਰ ਸਿੰਘ, ਸਾਬਕਾ ਪੰਚ ਪਰਮਜੀਤ ਸਿੰਘ, ਗੁਰਮੀਤ ਸਿੰਘ, ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।

# ਪਿੰਡ ਲੱਖਪੁਰ ਵਿਖੇ 93 ਅਤੇ ਪਿੰਡ ਪੰਡੋਰੀ ਵਿਖੇ 63 ਬੱਚਿਆਂ ਨੂੰ ਪਿਲਾਈਆਂ ਪੋਲੀਓ ਰੋਧਕ ਬੂੰਦਾਂ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਭਾਰਤ ਸਰਕਾਰ ਵਲੋਂ ਬੱਚਿਆਂ ਦੀ ਨਾਮੁਰਾਦ ਬਿਮਾਰੀ ਪੋਲੀਓ ਨੂੰ ਜੜੋਂ ਖਤਮ ਕਰਨ ਦੇ ਮਕਸਦ ਨਾਲ ਸ਼ੁਰੂ ਕੀਤੀ ਹੋਈ ਪਲਸ ਪੋਲੀਓ ਮੁਹਿਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਲੱਖਪੁਰ ਤਹਿਸੀਲ ਫਗਵਾੜਾ ਵਿਖੇ 0 ਤੋਂ 5 ਸਾਲ ਦੀ ਉਮਰ ਦੇ ਬੱਚਿਆਂ ਨੂੰ ਪਲਸ ਪੋਲੀਓ ਬੂੰਦਾ ਪਿਲਾਉਣ ਦੀ ਮੁਹਿਮ ਸਹਾਇਕ ਸਿਵਲ ਸਰਜਨ ਕਪੂਰਥਲਾ ਡਾ। ਅਨੂੰ ਸ਼ਰਮਾ ਦੇ ਦਿਸ਼ਾਨਿਰਦੇਸ਼ਾਂ ਤਹਿਤ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਗਿਆ। ਡਾ. ਰੁਪਿੰਦਰ ਕੌਰ ਐਸ.ਐਮ.ਓ. ਪ੍ਰਾਇਮਰੀ ਹੈਲਥ ਸੈਂਟਰ ਪਾਂਛਟ ਦੀ ਅਗਵਾਈ ਹੇਠ ਲਗਾਏ ਬੂਥ ਦੌਰਾਨ ਵੱਡੀ ਗਿਣਤੀ 'ਚ ਮਾਪਿਆਂ ਵਲੋਂ ਆਪਣੇ ਬੱਚਿਆਂ ਨੂੰ ਪੋਲੀਓ ਰੋਧਕ ਬੂੰਦਾ ਪਿਲਾਈਆਂ ਗਈਆਂ। ਇਸ ਮੌਕੇ ਸੀ.ਐਚ.ਓ. ਡਾ. ਹਰਵਿੰਦਰ ਕੌਰ ਐਚ.ਡਬਲਯੂ.ਸੀ. ਭੁੱਲਾਰਾਈ ਨੇ ਦੱਸਿਆ ਕਿ ਲੱਖਪੁਰ ਦੇ ਬੂਥ ਤੇ 93 ਬੱਚਿਆਂ ਨੂੰ ਬੂੰਦਾਂ ਪਿਲਾਈਆਂ ਗਈਆਂ ਹਨ। ਉਹਨਾਂ ਦੱਸਿਆ ਕਿ ਪੋਲੀਓ ਰੋਧਕ ਬੂੰਦਾਂ ਪੀਣ ਵਾਲੇ ਪਹਿਲੇ ਤਿੰਨ ਬੱਚੇ ਜਿਹਨਾਂ ਦੀ ਉਮਰ ਇਕ ਮਹੀਨੇ ਤੋਂ ਤਿੰਨ ਮਹੀਨੇ ਦੇ ਦਰਮਿਆਨ ਸੀ, ਨੂੰ ਸਨਮਾਨਤ ਵੀ ਕੀਤਾ ਗਿਆ। ਇਸੇ ਤਰ੍ਹਾਂ ਸਬ ਸੈਂਟਰ ਪਿੰਡ ਪੰਡੋਰੀ ਵਿਖੇ ਵੀ ਸੀ.ਐਚ.ਓ. ਡਾ. ਪ੍ਰੀਤੀ ਦੀ ਅਗਵਾਈ ਹੇਠ 63 ਬੱਚਿਆਂ ਨੂੰ ਪਲਸ ਪੋਲੀਓ ਬੂੰਦਾ ਪਿਲਾਈਆਂ ਗਈਆਂ। ਉਹਨਾਂ ਨੇ ਦੱਸਿਆ ਕਿ ਸੋਮਵਾਰ ਤੇ ਮੰਗਲਵਾਰ ਨੂੰ ਡੋਰ-ਟੂ-ਡੋਰ ਬੂੰਦਾਂ ਪਿਲਾਈਆਂ ਜਾਣਗੀਆਂ ਤਾਂ ਜੋ ਅੱਜ ਦੀ ਮੁਹਿਮ ਵਿਚ ਕਿਸੇ ਕਾਰਨ ਪੋਲੀਓ ਰੋਧੀ ਬੂੰਦਾਂ ਪੀਣ ਤੋਂ ਵਾਂਝੇ ਰਹਿ ਗਏ ਬੱਚਿਆਂ ਨੂੰ ਵੀ ਇਹ ਖੁਰਾਕ ਦਿੱਤੀ ਜਾ ਸਕੇ। ਉਹਨਾਂ 0 ਤੋਂ 5 ਸਾਲ ਦੀ ਉਮਰ ਦੇ ਬੱਚਿਆਂ ਦੇ ਸਮੂਹ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਪਲਸ ਪੋਲੀਓ ਖੁਰਾਕ ਜਰੂਰ ਪਿਲਾਉਣ। ਇਸ ਮੌਕੇ ਏ.ਐਨ.ਐਮ. ਪਰਵੀਨ ਕੌਰ, ਆਸ਼ਾ ਵਰਕਰ ਸਲਮਾ ਬੇਗਮ, ਵਰਿੰਦਰ ਕੌਰ, ਰੀਨਾ ਰਾਣੀ, ਆਸ਼ਾ ਵਰਕਰ ਮਨਦੀਪ ਮੀਨੂੰ, ਹਰਜਿੰਦਰ ਕੌਰ, ਪ੍ਰਭਨੂਰ ਪੂਨੀ, ਰਿਹਾਨ, ਪ੍ਰੀਸਾ, ਹਰਮਨ, ਨੀਰਜ ਕੁਮਾਰੀ, ਕੁਲਵਿੰਦਰ ਪੂਨੀ ਤੇ ਫਗਵਾੜਾ 4 ਮਾਰਚ (ਬੀ.ਕੇ. ਰੱਤੂ) ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ ਦੇ ਸਾਬਕਾ ਮੈਡਮ ਬਿੰਦੀਆ ਆਦਿ ਹਾਜਰ ਸਨ।

# ਪੰਜਾਬ ਸਰਕਾਰ ਤੁਰੰਤ ਪੁਰਾਣੀ ਪੈਨਸ਼ਨ ਬਹਾਲ ਕਰੇ - ਗਣੇਸ਼ ਭਗਤ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਕੋਈ ਵੀ ਸਰਕਾਰ ਹੋਵੇ ਮੁਲਾਜ਼ਮ ਵਰਗ ਹਮੇਸ਼ਾ ਸਰਕਾਰ ਦੀ ਰੀੜ ਦੀ ਹੱਡੀ ਹੁੰਦਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਪੰਜਾਬ ਦੇ ਮੁਲਾਜ਼ਮ ਵਰਗ ਚਾਹੇ ਉਹ ਪੱਕੇ ਜਾਂ ਕੱਚੇ ਮੁਲਾਜ਼ਮ ਨਿਗੁਣੀਆਂ ਤਨਖਾਹਾ ਤੇ ਤਨਦੇਹੀ ਨਾਲ ਸੇਵਾ ਨਿਭਾ ਰਹੇ ਹਨ। ਉਨ੍ਹਾਂ ਨਾਲ ਕੀਤੇ ਵਾਅਦਿਆਂ ਤੋਂ ਮੁੱਕਰ ਰਹੀ ਹੈ। ਅਧਿਆਪਕ ਆਗੂ ਗਣੇਸ਼ ਭਗਤ ਨੇ ਦੱਸਿਆ ਇਸ ਮੌਕੇ ਪੰਜਾਬ ਦੇ ਮੁਲਾਜ਼ਮ ਜੋ 2004 ਤੋਂ ਬਾਅਦ ਭਾਰਤੀ ਹੋਏ। ਉਨ੍ਹਾਂ ਦੀ ਪੈਨਸ਼ਨ ਬੰਦ ਕਰ ਦਿੱਤੀ ਗਈ। ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਵੱਖ ਵੱਖ ਜਥੇਬੰਦੀਆਂ ਨੇ ਸਰਕਾਰ ਤੋਂ ਲਗਾਤਾਰ ਇਸ ਨੂੰ ਬਹਾਲ ਕਰਨ ਲਈ ਸੰਘਰਸ਼ ਕਰ ਰਹੀਆਂ ਹਨ। ਚੋਣਾਂ ਦੇ ਦੋਰਾਨ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਸੰਘਰਸ਼ ਕਰ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਪੈਨਸ਼ਨ ਮੁਲਾਜ਼ਮਾਂ ਦਾ ਹੱਕੀ ਅਧਿਕਾਰ ਹੈ ਕਿਉਂਕਿ ਰਿਟਾਇਰਮੈਂਟ ਤੋਂ ਬਾਅਦ ਮੁਲਾਜਮ ਆਪਣਾ ਅਤੇ ਆਪਣੇ ਪਰਿਵਾਰ ਦਾ ਵਧੀਆ ਜੀਵਨ ਬਸਰ ਕਰ ਸਕਣ। ਲੇਕਿਨ ਹਮੇਸ਼ਾ ਦੀ ਤਰ੍ਹਾਂ ਜਿਵੇਂ ਸਰਕਾਰਾਂ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਗਿਰਗਿਟ ਦੀ ਤਰ੍ਹਾਂ ਰੰਗ ਬਦਲ ਲੈਂਦੀਆਂ ਹਨ। ਉਸੇ ਤਰ੍ਹਾਂ ਹੀ ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਵੀ ਆਪਣਾ ਮੁਲਾਜ਼ਮਾਂ ਨਾਲ ਕੀਤਾ ਵਾਅਦਾ ਭੁੱਲ ਗਈ ਹੈ।

ਦੂਸਰੇ ਪਾਸੇ ਇਸ ਮੌਕੇ ਭਗਵੰਤ ਮਾਨ ਸਰਕਾਰ ਪੰਜਾਬ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਢਿੰਡੋਰਾ ਪਿੱਟ ਰਹੀ ਹੈ। ਜਿਸਦਾ ਸਿੱਧਾ ਮਤਲਬ ਹੈ ਕਿ ਕੱਚੇ ਮੁਲਾਜ਼ਮਾਂ ਨੂੰ ਪੱਕੇ ਨਹੀਂ ਕਰਨਾ, ਪੰਜਾਬ ਭਰ ਦੇ ਦਫ਼ਤਰੀ ਕਾਮੇ ਵੀ ਲਗਾਤਾਰ ਕਲਮਛੋੜ ਹੜਤਾਲ ਤੇ ਬੈਠੇ ਹਨ। ਉਨ੍ਹਾਂ ਨੂੰ ਵੀ ਪੱਕਾ ਕਰਕੇ ਬਣਦੇ ਗਰੇਡਾਂ ਤੇ ਬਣਦੀ ਤਨਖਾਹ ਦਿੱਤੀ ਜਾਵੇ। ਉਨ੍ਹਾਂ ਨੂੰ ਸਿਵਾਏ ਮੀਟਿੰਗਾਂ ਅਤੇ ਲਾਰਿਆਂ ਤੋਂ ਕੁਝ ਨਹੀਂ ਮਿਲ ਰਿਹਾ, ਪੰਜਾਬ ਦੇ ਸਕੂਲਾਂ ਵਿੱਚ ਮਿਡ ਡੇ ਮੀਲ ਕਾਮੇ 3000 ਹਜ਼ਾਰ ਨਿਗੁਣੇ ਮਿਹਨਤਾਨੇ ਕੰਮ ਕਰ ਰਹੇ ਹਨ। ਉਨ੍ਹਾਂ ਦੀ ਸਾਰ ਮੌਜੂਦਾ ਸਰਕਾਰ ਨਹੀਂ ਲੈ ਰਹੀ ਜਿਸਦੇ ਚੱਲਦਿਆਂ ਉਕਤ ਕਾਮਿਆਂ ਦੇ ਘਰਾਂ ਦਾ ਗੁਜਾਰਾ ਕਰਨਾ ਬਹੁਤ ਹੀ ਮੁਸ਼ਕਿਲ ਹੋ ਗਿਆ ਹੈ। ਉਹਨਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਵੀ ਨਜ਼ਰ ਅੰਦਾਜ਼ ਕੀਤਾ ਤਾਂ ਸਰਕਾਰ ਇਸ ਗੱਲ ਨੂੰ ਸਮਝ ਲਵੇ ਕਿ ਆਉਣ ਵਾਲੀਆਂ ਮੈਂਬਰ ਪਾਰਲੀਮੈਂਟ ਚੋਣਾਂ ਵਿੱਚ ਪੰਜਾਬ ਦਾ ਸਮੁੱਚਾ ਮੁਲਾਜ਼ਮ ਵਰਗ ਮੌਜੂਦਾ ਸਰਕਾਰ ਦੇ ਖਿਲਾਫ ਆਪਣਾ ਗੁੱਸਾ ਆਪਣੇ ਮੱਤ ਦੁਆਰਾ ਵਿਖਾਉਣ ਦੇ ਮੂਡ ਵਿੱਚ ਹੈ। ਇਸ ਲਈ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਚਾਹੀਦਾ ਹੈ ਕਿ ਪੁਰਾਣੀ ਪੈਨਸ਼ਨ ਨੂੰ ਬਹਾਲ ਕਰਕੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਕੇ ਉਨ੍ਹਾਂ ਨੂੰ ਬਣਦਾ ਹੱਕ ਦੇਣਾ ਚਾਹੀਦਾ ਹੈ।

## ਖੁੱਦ ਨੂੰ ਤਰਾਸ਼

ਖੁੱਦ ਦੇ ਨਜ਼ਰੀਏ ਨੂੰ ਬਦਲ ਕੇ ਦੇਖ।
ਬਹਾਨੇ ਮਾਰਨਾ ਤੂੰ ਛੱਡ ਕੇ ਤਾਂ ਦੇਖ॥
ਖੁੱਦ ਪਹਿਲਾ ਕਦਮ ਵਧਾ ਕੇ ਤਾਂ ਦੇਖ।
ਜ਼ਿੰਦਗੀ ਵਿੱਚ ਕੁੱਝ ਕਰ ਕੇ ਤਾਂ ਦੇਖ॥
ਖੁੱਦ ਦਾ ਤੂੰ ਖੁੱਦ ਹੀ ਸਹਾਈ ਹੋ ਕੇ ਦੇਖ।
ਖੁੱਦ ਹੀ ਤੂੰ ਖੁੱਦ ਨੂੰ ਤਰਾਸ਼ ਕੇ ਤਾਂ ਦੇਖ॥
ਮਿਹਨਤ ਦਾ ਪਸੀਨਾ ਤੂੰ ਵਹਾ ਕੇ ਦੇਖ।




ਸੇਕ ਨੂੰ ਖੁੱਦ ਦੇ ਪਿੰਡੇ ਹੰਢਾ ਕੇ ਤਾਂ ਦੇਖ॥
ਜ਼ਿੰਦਗੀ ਦਾ ਸਹੀ ਅਨੰਦ ਮਾਣ ਕੇ ਦੇਖ।
ਸਫ਼ਲਤਾ ਦੇ ਗੀਤ ਤੂੰ ਗੁਣਗੁਣਾ ਕੇ ਦੇਖ॥
ਸੂਦ ਵਿਰਕ ਦੀ ਗੱਲ ਨੂੰ ਤੂੰ ਮੰਨ ਕੇ ਦੇਖ।
ਲੱਗੋ ਅੰਬਰੀਂ ਉੱਚੀ ਉਡਾਰੀ ਫੇਰ ਤੂੰ ਦੇਖ॥

**– ਮਹਿੰਦਰ ਸੂਦ ਵਿਰਕ**
**91-98766-66381**



# ਪਿੰਡ ਅਕਾਲਗੜ੍ਹ ਵਿਖੇ 647ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ







**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਨਜਦੀਕੀ ਪਿੰਡ ਅਕਾਲਗੜ੍ਹ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 647ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਜਾਇਆ ਗਿਆ। ਜਿਸਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ।

ਇਹ ਨਗਰ ਕੀਰਤਨ ਅਰਦਾਸ ਉਪਰੰਤ ਗੁਰਦੁਆਰਾ ਸਾਹਿਬ ਤੋਂ ਸੁਖਦੇਵ ਸਿੰਘ ਯੂ.ਐਸ.ਏ., ਪਲਵਿੰਦਰ ਸਿੰਘ ਯੂ.ਕੇ. ਅਤੇ ਭਾਈ ਲਾਲ ਸਿੰਘ ਸਮਾਜ ਸੇਵਕ ਅਕਾਲਗੜ੍ਹ ਵਲੋਂ ਰਿਬਨ ਕੱਟਣ ਉਪਰੰਤ ਆਰੰਭ ਹੋਇਆ ਜੋ ਕਿ ਪਿੰਡ ਦੀ ਪਰਿਕ੍ਰਮਾ ਕਰਨ ਉਪਰੰਤ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦਾ ਥਾਂ–ਥਾਂ ਤੇ ਸੰਗਤਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਸੰਗਤਾਂ ਦੀ ਸੇਵਾ ਵਿਚ ਵੱਖ ਵੱਖ ਪਕਵਾਨਾਂ ਤੋਂ ਇਲਾਵਾ ਫਲ–ਫਰੂਟ ਤੇ ਮਿਨਰਲ ਵਾਟਰ ਦੇ ਲੰਗਰ ਲਗਾਏ ਗਏ।

ਸ਼ਰਧਾਲੂਆਂ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੁੰਦਰ ਪਾਲਕੀ ਨੂੰ ਰੁਮਾਲੇ ਭੇਂਟ ਕੀਤੇ। ਵੱਖ–ਵੱਖ ਪੜਾਵਾਂ ਦੌਰਾਨ ਪੰਥਕ ਢਾਡੀ ਭਾਈ ਚਰਨਜੀਤ ਸਿੰਘ ਜੜਤੌਲੀ (ਲੁਧਿਆਣਾ) ਨੇ ਢਾਡੀ ਵਾਰਾਂ ਰਾਹੀਂ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਨਾਮ ਪਾਲ, ਹੈੱਡ ਗ੍ਰੰਥੀ ਗੁਲਜਾਰ ਸਿੰਘ ਸਰਪੰਚ ਤੋਂ ਇਲਾਵਾ ਸਾਬਕਾ ਸਰਪੰਚ ਸਤਨਾਮ ਸਿੰਘ, ਤੋਤੀ ਰਾਮ, ਗੁਰਮੇਲ ਸਿੰਘ ਸਕੱਤਰ, ਗੁਰਨਾਮ ਪਾਲ, ਜਸਵਿੰਦਰ ਸਿੰਘ ਠੇਕੇਦਾਰ, ਮਨਜੀਤ ਪਾਲ ਪੰਚ, ਕਮਲਜੀਤ ਕੌਰ ਪੰਚ, ਮਨਜੀਤ ਕੌਰ ਪੰਚ, ਲਾਡੀ ਕਾਰਪੈਂਟਰ, ਰਾਮ ਲੁਭਾਇਆ ਹੀਰ, ਨਛੱਤਰ ਸਿੰਘ ਨੰਬਰਦਾਰ, ਰੋਹਿਤ ਹੀਰ, ਰੋਹਿਤ ਸਹਿਜਲ, ਤਰਸੇਮ ਸਹਿਜਲ, ਸੁੱਖਾ ਬੰਗੜ, ਗੋਪੀ, ਰਾਹੁਲ ਬੰਗੜ, ਕਾਕੂ ਬੰਗੜ, ਅਵਤਾਰ ਤਾਰੀ, ਰਾਮ ਧੰਨ, ਅਗੇਸ਼ ਕੁਮਾਰ, ਜਰਨੈਲ ਹੀਰ, ਸਨੀ ਕਲਸੀ, ਜਸਵੰਤ ਸਿੰਘ ਫੌਜੀ, ਮਲਕੀਤ ਸਿੰਘ, ਸਰਵਣ ਸਿੰਘ, ਲਾਡੀ, ਅਮਰਜੋਤ, ਪੱਪਾ ਕਾਲੀ, ਗੁਰਮੀਤ, ਜਸਵੀਰ ਕਾਲਾ, ਸੋਨੂੰ ਆਦਿ ਹਾਜਰ ਸਨ।

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 14 ਮਾਰਚ ਨੂੰ ਦਿੱਲੀ ਕੂਚ ਕਰਨਗੇ ਕਿਸਾਨ

**ਮਸਤੂਆਣਾ ਸਾਹਿਬ, (ਦਲਜੀਤ ਕੌਰ)**–ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਸੱਦੇ ਤਹਿਤ 14 ਮਾਰਚ ਨੂੰ ਰਾਮਲੀਲਾ ਗਰਾਊਂਡ ਦਿੱਲੀ ਵਿਖੇ ਕੀਤੀ ਜਾ ਰਹੀ ਮਹਾਂ–ਪੰਚਾਇਤ ਦੀ ਤਿਆਰੀ ਸਬੰਧੀ ਅੱਜ ਕਿਰਤੀ ਕਿਸਾਨ ਯੂਨੀਅਨ ਦੀ ਜ਼ਿਲ੍ਹੇ ਦੀ ਵਿਸਥਾਰੀ ਮੀਟਿੰਗ ਇੱਥੇ ਮਸਤੂਆਣਾ ਸਾਹਿਬ ਵਿਖੇ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਯੂਥ ਵਿੰਗ ਦੇ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ ਅਤੇ ਸੂਬਾ ਪ੍ਰੈੱਸ ਸਕੱਤਰ ਰਮਿੰਦਰ ਸਿੰਘ ਪਟਿਆਲਾ ਦੀ ਅਗਵਾਈ ਹੇਠ ਹੋਈ। ਇਸ ਸਬੰਧੀ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਰਮਿੰਦਰ ਸਿੰਘ ਪਟਿਆਲਾ ਨੇ ਵਿਸਥਾਰ ਸਹਿਤ ਕਿਸਾਨੀ ਮੰਗਾਂ ਸਬੰਧੀ, ਐਮਐਸਪੀ ਦੀ ਕਾਨੂੰਨੀ ਗਰੰਟੀ ਸਬੰਧੀ, ਦਿੱਲੀ ਜਾ ਰਹੇ ਕਿਸਾਨਾਂ ਤੇ ਮੋਦੀ ਸਰਕਾਰ ਦੀ ਸ਼ਹਿ ਤੇ ਕੀਤੇ ਤਸ਼ੱਦਦ ਅਤੇ ਪੰਜਾਬ ਸਰਕਾਰ ਵੱਲੋਂ ਸ਼ਹੀਦ ਸ਼ੁਭਕਰਨ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਦਰਜ ਕੀਤੀ ਜੀਰੋ ਐਫਆਈਆਰ ਸਬੰਧੀ ਅਤੇ ਕੇਂਦਰ ਸਰਕਾਰ ਖ਼ਿਲਾਫ਼ ਕਿਸਾਨੀ ਮੰਗਾਂ ਨੂੰ ਲੈ ਕੇ 14 ਮਾਰਚ ਨੂੰ ਦੇਸ਼ ਵਿਆਪੀ ਮਹਾਂਪੰਚਾਇਤ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਹਾਜ਼ਰ ਕਿਸਾਨਾਂ ਨੇ ਕਿਸਾਨੀ ਮੰਗਾਂ ਅਤੇ ਸੰਯੁਕਤ ਕਿਸਾਨ ਮੋਰਚੇ ਦੀ ਮੌਜੂਦਾ ਸਮੇਂ ਪੁਜੀਸ਼ਨ ਸਬੰਧੀ ਅਤੇ ਹੋਰ ਜਾਣਕਾਰੀ ਹਾਸਿਲ ਕਰਨ ਲਈ ਸਵਾਲ ਕੀਤੇ ਜਿਨ੍ਹਾਂ ਦੇ ਰਾਮਿੰਦਰ ਪਟਿਆਲਾ ਨੇ ਕਿਸਾਨਾਂ ਨੂੰ ਤਸੱਲੀ ਬਖਸ਼ ਜਵਾਬ ਦਿੱਤੇ। ਇਸ ਤੋਂ ਬਾਅਦ ਕਿਸਾਨਾਂ ਨੇ ਇੱਕ ਮੱਤ ਹੁੰਦਿਆਂ ਦਿੱਲੀ ਕੂਚ ਨੂੰ ਸਫਲ ਬਣਾਉਣ ਲਈ ਵਿਉਂਤਬੰਦੀ ਕੀਤੀ। ਜਿਸ ਤਹਿਤ ਬਲਾਕ ਪੱਧਰ ਤੇ ਟੀਮਾਂ ਬਣਾ ਕੇ ਪਿੰਡ ਪਿੰਡ ਰੈਲੀਆਂ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ। ਇਸ ਮੌਕੇ ਜ਼ਿਲ੍ਹਾ ਸਕੱਤਰ ਦਰਸ਼ਨ ਸਿੰਘ ਕੂੰਨਰਾਂ, ਜ਼ਿਲ੍ਹਾ ਵਿੱਤ ਸਕੱਤਰ ਕੁਲਦੀਪ ਸਿੰਘ, ਮੀਤ ਪ੍ਰਧਾਨ ਭਜਨ ਸਿੰਘ ਢੱਡਰੀਆਂ, ਬਲਾਕ ਸੰਗਰੂਰ ਦੇ ਪ੍ਰਧਾਨ ਸੁਖਦੇਵ ਸਿੰਘ ਉਭਾਵਾਲ, ਬਲਾਕ ਲੌਂਗੋਵਾਲ ਦੇ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ, ਬਲਾਕ ਧੂਰੀ ਦੇ ਪ੍ਰਧਾਨ ਮੇਹਰ ਸਿੰਘ ਈਸ਼ਾਪੁਰ ਲੰਡਾ, ਮਾਲੇਰਕੋਟਲਾ ਬਲਾਕ ਦੇ ਪ੍ਰਧਾਨ ਮਾਨ ਸਿੰਘ ਸੱਦੋਪੁਰ, ਜ਼ਿਲ੍ਹਾ ਆਗੂ ਰੁਪਿੰਦਰ ਸਿੰਘ ਚੌਂਦਾ, ਚਮਕੌਰ ਸਿੰਘ ਹਥਨ, ਹਰਦਮ ਸਿੰਘ ਰਾਜੋਮਾਜਰਾ, ਜੁਝਾਰ ਸਿੰਘ ਬਡਰੁੱਖਾਂ, ਯੂਥ ਵਿੰਗ ਦੇ ਆਗੂ ਜਸਦੀਪ ਸਿੰਘ ਬਹਾਦਰਪੁਰ, ਨਿਰਭੈ ਸਿੰਘ ਖਾਈ, ਗੁਰਪ੍ਰੀਤ ਸਿੰਘ ਖਾਈ, ਲਖਵਿੰਦਰ ਉਭਾਵਾਲ, ਹਰਜਿੰਦਰ ਸਿੰਘ ਰੱਤੋਕੇ, ਸਾਹਿਬ ਸਿੰਘ ਤਕੀਪੁਰ, ਗੁਰਪ੍ਰੀਤ ਸਿੰਘ ਕਹੇਰੂ, ਔਰਤ ਵਿੰਗ ਦੇ ਆਗੂ ਜਸਵਿੰਦਰ ਕੌਰ ਲੌਂਗੋਵਾਲ ਸਮੇਤ ਵੱਡੀ ਗਿਣਤੀ ਬਲਾਕ ਕਮੇਟੀਆਂ ਅਤੇ ਪਿੰਡ ਇਕਾਈਆਂ ਦੇ ਆਗੂ ਹਾਜ਼ਰ ਸਨ।

# ਸਿੱਖ ਨੈਸ਼ਨਲ ਕਾਲਜ ਬੰਗਾ ਦਾ ਸਲਾਨਾ ਕਾਲਜ ਮੇਲਾ ਯਾਦਗਾਰੀ ਹੋ ਨਿੱਬੜਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਪ੍ਰਿੰਸੀਪਲ ਡਾਕਟਰ ਤਰਸੇਮ ਸਿੰਘ ਭਿੰਡਰ ਅਤੇ ਸਮੂਹ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਦੇ ਸਹਿਯੋਗ ਨਾਲ ਸਲਾਨਾ ਕਾਲਜ ਮੇਲਾ ਸਫ਼ਲਤਾ–ਪੂਰਵਕ ਕਰਵਾਇਆ ਗਿਆ। ਮੇਲੇ ਦਾ ਉਦਘਾਟਨ ਡੀ ਐਸ ਪੀ ਦਲਜੀਤ ਸਿੰਘ ਖੱਖ ਨੇ ਮੁੱਖ ਮਹਿਮਾਨ ਵਜੋਂ ਕੀਤਾ। ਇਸ ਮੌਕੇ ਉਹਨਾਂ ਨਾਲ ਵਿਸ਼ੇਸ਼ ਮਹਿਮਾਨ ਵਜੋਂ ਸੁਰਿੰਦਰ ਸਿੰਘ ਕੰਦੋਲਾ, ਗੁਰਜੀਤ ਸਿੰਘ ਕੰਦੋਲਾ, ਹਰਮਿੰਦਰ ਸਿੰਘ ਅਟਵਾਲ, ਪਰਮਿੰਦਰ ਸਿੰਘ, ਗੁਰਿੰਦਰਜੀਤ ਸਿੰਘ, ਡਾਕਟਰ ਸੋਹਣ ਸਿੰਘ ਪਰਮਾਰ, ਪ੍ਰੋ ਪ੍ਰਗਣ ਸਿੰਘ ਤੇ ਜਰਨੈਲ ਸਿੰਘ ਪੱਲੀਝਿੱਕੀ ਵੀ ਸ਼ਾਮਲ ਹੋਏ। ਆਏ ਸੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਪ੍ਰਿੰਸੀਪਲ ਡਾਕਟਰ ਤਰਸੇਮ ਸਿੰਘ ਭਿੰਡਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਰੋਜ਼ਾਨਾ ਦੇ ਰੁਝੇਵਿਆਂ 'ਚੋਂ ਵਿਹਲ ਦੇਣ ਦੇ ਨਾਲ ਮਨੋਰੰਜਨ ਅਤੇ ਪ੍ਰਬੰਧਕ ਕਾਰਜਾਂ 'ਚ ਨਿਪੁੰਨ ਕਰਨ ਲਈ ਇਹ ਮੇਲਾ ਕਰਵਾਇਆ ਗਿਆ।



ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਦਲਜੀਤ ਸਿੰਘ ਖੱਖ ਡੀ ਐਸ ਪੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੀ ਬੋਲੀ ਅਤੇ ਸੱਭਿਆਚਾਰ ਤੇ ਮਾਣ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮਾਪਨ ਸਮਾਗਮ ਮੌਕੇ ਨਾਮਵਰ ਗੀਤਕਾਰ ਸਮਸ਼ੇਰ ਸੰਧੂ ਨੇ ਮੁੱਖ ਮਹਿਮਾਨ ਵਜੇ ਸ਼ਿਰਕਤ ਕੀਤੀ। ਉਹਨਾਂ ਨਾਲ ਵਿਸ਼ੇਸ਼ ਤੌਰ ਤੇ ਉਘੇ ਪ੍ਰਵਾਸੀ ਲੇਖਕ ਐਸ ਅਸ਼ੋਕ ਭੌਰਾ ਤੇ ਗੀਤਕਾਰ ਜਸਵੀਰ ਗੁਣਾਚੌਰੀਆ ਵੀ ਇਸ ਸਮਾਗਮ ਵਿੱਚ ਸ਼ਾਮਲ ਹੋਏ। ਸਮਸ਼ੇਰ ਸੰਧੂ ਨੇ ਸੰਬੋਧਨ ਕਰਦਿਆਂ ਕਾਲਜ ਦੇ ਸੱਭਿਅਕ ਮਾਹੌਲ ਨੂੰ ਖੂਬ ਸਰਾਹਿਆ। ਇਸ ਮੌਕੇ ਲੱਕੀ ਡਰਾਅ ਵੀ ਕੱਢੇ ਗਏ ਜਿਹਨਾਂ ਵਿੱਚ 60 ਦੇ ਲਗਭਗ ਇਨਾਮ ਵੰਡੇ ਗਏ। ਪਹਿਲਾ ਇਨਾਮ ਐਲ ਈ ਡੀ ਟੀ ਵੀ ਵਿਸ਼ਾਲੀ ਸਰੋਏ, ਦੂਸਰਾ ਇਨਾਮ ਹਰਵਿੰਦਰ ਥਿੰਦ ਨੂੰ ਜੂਸਰ ਮਸ਼ੀਨ ਤੇ ਤੀਸਰਾ ਇਨਾਮ ਅਜੈ ਮਾਨ ਨੂੰ ਘੜੀ ਦਿੱਤੀ ਗਈ। ਸਮਾਗਮ ਦੌਰਾਨ ਮੰਚ ਸੰਚਾਲਨ ਡਾਕਟਰ ਨਿਰਮਲਜੀਤ ਕੌਰ ਅਤੇ ਪਰੋ ਗੁਰਪ੍ਰੀਤ ਸਿੰਘ ਵਲੋਂ ਕੀਤਾ ਗਿਆ। ਇਸ ਮੌਕੇ ਦੌਰਾਨ ਕਾਲਜ ਦੇ ਸੰਗੀਤ ਵਿਭਾਗ ਦੇ ਉਭਰਦੇ ਨੌਜਵਾਨ ਗਾਇਕ ਸ਼ਾਹਿਦ ਅਲੀ, ਨਵ ਸਿੱਧੂ, ਇੰਦਰ ਕੌਰ, ਪਰਭਸਿਮਰਨ ਤੇ ਮੁਬਾਰਕ ਅਲੀ ਨੇ ਆਪਣੀ ਗਾਇਕੀ ਨਾਲ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ। ਕਾਲਜ ਦੇ ਵੱਖ–ਵੱਖ ਵਿਭਾਗਾਂ ਦੇ ਮੁਖੀ ਸਾਹਿਬਾਨ ਵਲੋਂ ਵਿਦਿਆਰਥੀਆਂ ਨਾਲ ਮਿਲ ਕੇ ਵੰਨ ਸੁਵੰਨੀਆ ਚੀਜਾਂ ਦੇ ਸਟਾਲ ਵੀ ਲਗਾਏ। ਜਿਹਨਾਂ ਵਿੱਚ ਵੱਖ–ਵੱਖ ਖੇਡਾਂ ਜਿਵੇਂ ਤੰਬੋਲਾ, ਸੈਲਫੀ ਤੇ ਡਾਂਸ ਕਾਰਨਰ ਆਦਿ ਵੀ ਸਨ। ਪੰਜਾਬੀ ਵਿਭਾਗ ਵਲੋਂ ਪੁਰਾਤਨ ਵਸਤਾਂ ਦੀ ਲਗਾਈ ਲੋਕ ਕਲਾ ਪ੍ਰਦਰਸ਼ਨੀ ਭਰਪੂਰ ਖਿੱਚ ਦਾ ਕੇਂਦਰ ਰਹੀ। ਆਏ ਹੋਏ ਮਹਿਮਾਨਾਂ ਨੂੰ ਹਰਿਆਵਲ ਦੇ ਪ੍ਰਤੀਕ ਬੂਟੇ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਤੇ ਉਹਨਾਂ ਦਾ ਧੰਨਵਾਦ ਪ੍ਰੋ ਇੰਦੂ ਰੱਤੀ ਵਲੋਂ ਕੀਤਾ ਗਿਆ। ਇਸ ਮੌਕੇ ਪ੍ਰੋ ਆਬਿਦ ਵਕਾਰ, ਪ੍ਰੋ ਹਰਜੋਤ ਸਿੰਘ, ਪ੍ਰੋ ਅਮ੍ਰਿਤ ਕੌਰ, ਪ੍ਰੋ ਸੁਨਿਧੀ ਮਿਗਲਾਨੀ, ਪ੍ਰੋ ਰਾਜੇਸ਼ ਵਰਮਾ, ਪ੍ਰੋ ਸੋਨਾ ਬਾਂਸਲ, ਡਾਕਟਰ ਕਮਲਦੀਪ ਕੌਰ, ਪ੍ਰੋ ਤਵਿੰਦਰ ਕੌਰ, ਡਾਕਟਰ ਨਵਨੀਤ ਕੌਰ, ਮਨਮੰਤ ਸਿੰਘ ਲਾਇਬ੍ਰੇਰੀਅਨ, ਪਰਮਜੀਤ ਸਿੰਘ ਸੁਪਰਡੈਂਟ, ਪ੍ਰੋ ਚਰਨਜੀਤ ਕੁਮਾਰ, ਪ੍ਰੋ ਦਿਲ ਨਿਵਾਜ ਪ੍ਰੋ ਤੇਜਿੰਦਰ ਸਿੰਘ ਸਮੇਤ ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

## 'ਹੁਸ਼ਿਆਰਪੁਰ ਨੇਚਰ ਫੈਸਟ–2024'

# ਸਟਾਰ ਨਾਈਟ ਦੌਰਾਨ ਗਾਇਕ ਕੁਲਵਿੰਦਰ ਬਿੱਲਾ ਨੇ ਕੀਲੇ ਦਰਸ਼ਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਹੁਸ਼ਿਆਰਪੁਰ ਵਿਖੇ ਸੈਰ–ਸਪਾਟੇ ਦੀਆਂ ਅਪਾਰ ਸੰਭਾਵਨਾਵਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਲਈ ਸੈਰ–ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ ਪੰਜਾਬ ਅਤੇ ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵੱਲੋਂ ਦੁਸਹਿਰਾ ਗਰਾਊਂਡ 'ਹੁਸ਼ਿਆਰਪੁਰ ਵਿਖੇ 'ਹੁਸ਼ਿਆਰਪੁਰ ਨੇਚਰ ਫੈਸਟ–2024' ਦੇ ਤੀਸਰੇ ਦਿਨ ਸਟਾਰ ਨਾਈਟ ਮੌਕੇ ਪ੍ਰਸਿੱਧ ਪੰਜਾਬੀ ਗਾਇਕ ਕੁਲਵਿੰਦਰ ਬਿੱਲਾ ਨੇ ਆਪਣੇ ਗੀਤਾਂ ਰਾਹੀਂ ਦਰਸ਼ਕਾਂ ਨੂੰ ਕੀਲ ਲਿਆ। ਕੁਲਵਿੰਦਰ ਬਿੱਲਾ ਨੇ ਧਾਰਮਿਕ ਗੀਤ ਤੋਂ ਆਪਣੇ ਸ਼ੋਅ ਦੀ ਸ਼ੁਰੂਆਤ ਕਰਨ ਮਗਰੋਂ ਸਰੋਤਿਆਂ ਦੀ ਮੰਗ ਅਨੁਸਾਰ ਇਕ ਤੋਂ ਬਾਅਦ





ਇਕ ਪ੍ਰਸਿੱਧ ਗੀਤ ਪੇਸ਼ ਕੀਤੇ। ਕੁਲਵਿੰਦਰ ਬਿੱਲਾ ਵੱਲੋਂ ਲਾਈ ਗੀਤਾਂ ਦੀ ਛਹਿਬਰ ਨੇ ਪੂਰਾ ਮੇਲਾ ਝੂਮਣ ਲਾ ਦਿੱਤਾ। ਆਪਣੀ ਕਲਾ ਦੇ ਜ਼ੌਹਰ ਬਿੱਲਾ ਨੇ ਸੁੱਚਾ ਸੂਰਮਾ, ਟਿੱਚ ਬਟਨਾਂ ਦੀ ਜੋੜੀ, ਐਨਟੀਨਾ, ਨਿਆਈਂ ਵਾਲੇ ਮੋੜ 'ਤੇ, ਪਲਾਜੋ, ਖਾੜ ਲੇ ਰੰਗ ਦਾ ਯਾਰ ਆਦਿ ਨਾਲ ਮੇਲਾ ਲੁੱਟ ਲਿਆ। ਇਸ ਸੰਗੀਤਮਈ ਸ਼ਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਧਰਮ ਪਤਨੀ ਵਿਭਾ ਸ਼ਰਮਾ ਨਾਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬੀ ਸੱਭਿਆਚਾਰ ਬਹੁਤ ਅਮੀਰ ਹੈ ਅਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਕੇ ਕਈ ਕਲਾਕਾਰਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਿਆ ਹੈ। ਉਨ੍ਹਾਂ ਕਿਹਾ ਕਿ ਕੁਲਵਿੰਦਰ ਬਿੱਲਾ ਖਾਸ ਕਰਕੇ ਨੌਜਵਾਨ ਵਰਗ 'ਚ ਕਾਫੀ ਮਕਬੂਲ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬਾ ਸਰਕਾਰ ਪੰਜਾਬ ਨੂੰ ਮੁੜ ਤੋਂ ਰੰਗਲਾ ਬਣਾਉਣ ਲਈ ਸੂਬੇ ਭਰ ਵਿਚ ਸੱਭਿਆਚਾਰਕ ਮੇਲੇ ਕਰਵਾ ਰਹੀ ਹੈ। ਇਸੇ ਲੜੀ ਵਿਚ ਹੁਸ਼ਿਆਰਪੁਰ ਵਿਖੇ ਕਰਵਾਇਆ ਜਾ ਰਿਹਾ ਇਹ ਮੇਲਾ ਇਕ ਸ਼ਲਾਘਾਯੋਗ ਉਪਰਾਲਾ ਹੈ ਅਤੇ ਮੇਲੇ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਲਈ ਵਚਨਬੱਧ ਹੈ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਕਰਮਬੀਰ ਸਿੰਘ ਘੁੰਮਣ, ਮੇਅਰ ਸੁਰਿੰਦਰ ਕੁਮਾਰ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ, ਪੰਜਾਬ ਬੀ ਸੀ ਵਿੱਤ ਕਾਰਪੋਰੇਸ਼ਨ ਤੇ ਭੌ ਵਿਕਾਸ ਦੇ ਚੇਅਰਮੈਨ ਸੰਦੀਪ ਸੈਣੀ, ਪੰਜਾਬ ਉਦਯੋਗ ਵਿਕਾਸ ਨਿਗਮ ਦੇ ਵਾਈਸ ਚੇਅਰਮੈਨ ਹਰਮਿੰਦਰ ਸਿੰਘ ਬਖਸ਼ੀ, ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦੇ ਚੇਅਰਮੈਨ ਹਰਮੀਤ ਸਿੰਘ ਔਲਖ, ਹੁਸ਼ਿਆਰਪੁਰ ਸੈਂਟਰਲ ਕੋਅਪਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਪੰਜਾਬ ਕਾਨਵੇਅਰ ਦੇ ਡਾਇਰੈਕਟਰ ਤੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਮੈਂਬਰ ਅਜੇ ਵਰਮਾ, ਵਣਪਾਲ ਨਾਰਥ ਜੋਨ ਸੰਜੀਵ ਕੁਮਾਰ ਤਿਵਾੜੀ, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਗੁਰਪ੍ਰੀਤ ਸਿੰਘ ਗਿੱਲ, ਸਹਾਇਕ ਕਮਿਸ਼ਨਰ ਦਿਵਿਆ। ਪੀ, ਐਸ.ਡੀ.ਐਮ. ਪ੍ਰੀਤਇੰਦਰ ਸਿੰਘ ਬੈਂਸ, ਸਹਾਇਕ ਕਮਿਸ਼ਨਰ (ਜ) ਵਿਓਮ ਭਾਰਦਵਾਜ, ਜ਼ਿਲ੍ਹਾ ਵਿਕਾਸ ਫੈਲੋ ਜੋਇਆ ਸਿਦੀਕੀ, ਸਕੱਤਰ ਰੈਡ ਕਰਾਸ ਸੁਸਾਇਟੀ ਮੰਗੇਸ਼ ਸੂਦ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਨੇਚਰ ਫੈਸਟ 'ਚ ਖੂਬ ਵਿਕ ਰਹੀ ਹੈ ਕੋਲਹਾਪੁਰੀ ਚੱਪਲ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਦੁਸਹਿਰਾ ਗਰਾਊਂਡ ਵਿਖੇ ਹੁਸ਼ਿਆਰਪੁਰ ਨੇਚਰ ਫੈਸਟ–2024 ਵਿਚ ਆਕਰਸ਼ਕ ਅਤੇ ਮਜ਼ਬੂਤ ਕੋਲਹਾਪੁਰੀ ਚੱਪਲਾਂ ਹਰੇਕ ਲਈ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਹਨ। ਅਸਲ ਲੈਦਰ ਅਤੇ ਚੱਪਲਾਂ ਦੀ ਕਾਰੀਗਰੀ ਕੋਲਹਾਪੁਰੀ ਚੱਪਲਾਂ ਦੀ ਸੁੰਦਰਤਾ ਨੂੰ ਵਧਾਉਂਦੀ ਹੈ। ਦੁਸਹਿਰਾ ਗਰਾਊਂਡ ਵਿਚ ਦਸਤਕਾਰੀ ਬਾਜ਼ਾਰ ਵਿਚ ਵਿਸ਼ੇਸ਼ ਕੋਹਲਾਪੁਰੀ ਚੱਪਲਾਂ ਦੀ ਖੂਬ ਵਿਕਰੀ ਹੋ ਰਹੀ ਹੈ। ਵਰਲੀ ਮੁੰ–ਬਈ ਤੋਂ ਲੈਦਰ ਦਾ ਸਾਮਾਨ ਵਿਕਰੀ ਦੇ ਲਈ ਲੈ ਕੇ ਆਏ ਹਰਦੀਪ ਸਿੰਘ ਦੱਸਦੇ ਹਨ ਕਿ ਉਨ੍ਹਾਂ ਕੋਲ ਕੱਚੇ ਚਮੜੇ ਤੋਂ ਨਿਰਮਿਤ ਚੱਪਲ, ਲੇਡੀਜ਼ ਪਰਸ, ਲੈਪਟਾਪ ਬੈਗ ਦੀ ਵਿਸ਼ਾਲ ਰੇਂਜ ਹੈ। ਕੋਲ–ਹਾਪੁਰੀ ਚੱਪਲ ਦੀ ਕੀਮਤ 450 ਤੋਂ ਲੈ ਕੇ 3 ਹਜ਼ਾਰ ਰੁਪਏ ਤੱਕ ਹੈ। ਨੇਚਰ ਫੈਸਟ ਵਿਚ 100 ਤੋਂ ਵੱਧ ਸਟਾਲ ਲਗਾਏ ਗਏ ਹਨ, ਇਨ੍ਹਾਂ ਵਿਚ ਕੋਲਹਾਪੁਰੀ ਚੱਪਲ, ਗੁੜ, ਮਸਾਲੇ, ਸਾਂਗਲੀ ਹਲਦੀ, ਕਿਸ਼ਮਿਸ਼, ਚਟਾਈ ਮਹਾਬਲੇਸ਼ਵਰ ਸ਼ਹਿਦ, ਪੈਠਾਨ ਪਰਸ, ਨੰਦੁਰਬਾਰ ਮਸਾਲੇ, ਪਾਪੜ ਅਤੇ ਚਟਣੀ, ਸੋਲਾਪੁਰ ਟੈਰੀ ਤੌਲੀਆ, ਧਾਰਾਵੀ ਬੈਗ, ਮਾਥੇਰਾਨ ਚੱਪਲ, ਘਰ ਦੀ ਸਜਾਵਟ ਦਾ ਸਾਮਾਨ, ਹੱਥ ਦੀ ਪੇਂਟਿੰਗ, ਵੱਖ–ਵੱਖ ਕਲੱਸਟ ਸ਼ਾਮਲ ਹਨ।

# ਅੰਤਰਰਾਸ਼ਟਰੀ ਮਹਿਲਾ ਦਿਵਸ 08 ਮਾਰਚ ਲਈ ਵਿਸ਼ੇਸ਼



ਕੁਲਦੀਪ ਚੰਦ
91-9417563054

8 ਮਾਰਚ ਨੂੰ ਦੁਨੀਆ ਦੇ ਵੱਖ ਵੱਖ ਭਾਗਾਂ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾ ਰਿਹਾ ਹੈ। ਅੰਤਰਰਾਸ਼ਟਰੀ ਮਹਿਲਾ ਦਿਵਸ 2024 ਦਾ ਮੁੱਖ ਵਿਸ਼ਾ ਹੈ "ਮਹਿਲਾਵਾਂ ਲਈ ਨਿਵੇਸ਼: ਤਰੱਕੀ ਨੂੰ ਤੇਜ਼ ਕਰੋ''। ਇਸਦਾ ਮਤਲਬ ਹੈ ਹਰ ਕਿਸੇ ਲਈ ਚੀਜ਼ਾਂ ਨੂੰ ਬਿਹਤਰ ਬਣਾਉਣ ਲਈ ਔਰਤਾਂ ਦਾ ਸਮਰਥਨ ਕਰਨ ਅਤੇ ਨਿਵੇਸ਼ ਕਰਨ ਤੇ ਧਿਆਨ ਕੇਂਦਰਿਤ ਕਰਨਾ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਕਿਸੇ ਸਮਾਜ ਵਿੱਚ ਪੈਦਾ ਹੋਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਹੈ। ਮਹਿਲਾਵਾਂ ਦੀ ਸੁਰੱਖਿਆ ਅਤੇ ਵਿਕਾਸ ਲਈ ਪ੍ਰਭਾਵਸ਼ਾਲੀ ਯੋਜਨਾਵਾਂ ਬਣਾਉਣੀਆਂ ਅਤੇ ਸੱਖਤੀ ਨਾਲ ਲਾਗੂ ਕਰਨ ਦੀ ਜਰੂਰਤ ਹੈ। ਸੰਸਾਰ ਰਾਜਨੀਤਿਕ ਸੰਘਰਸ਼ਾਂ ਤੋਂ ਲੈ ਕੇ ਗਰੀਬੀ ਦੇ ਵਧਦੇ ਪੱਧਰ ਅਤੇ ਜਲਵਾਯੂ ਪਰਿਵਰਤਨ ਦੇ ਵਧਦੇ ਪ੍ਰਭਾਵਾਂ ਤੱਕ ਦੇ ਕਈ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ। ਇਨ੍ਹਾਂ ਚੁਣੌਤੀਆਂ ਦਾ ਹੱਲ ਕੇਵਲ ਉਨ੍ਹਾਂ ਹੱਲਾਂ ਦੁਆਰਾ ਕੀਤਾ ਜਾ ਸਕਦਾ ਹੈ ਜੋ ਔਰਤਾਂ ਨੂੰ ਸਸ਼ਕਤ ਕਰਦੇ ਹਨ। ਔਰਤਾਂ ਲਈ ਨਿਵੇਸ਼ ਕਰਕੇ ਅਸੀਂ ਸਭਨਾਂ ਲਈ ਇੱਕ ਸਿਹਤਮੰਦ, ਸੁਰੱਖਿਅਤ, ਅਤੇ ਹੈ। ਮਹਿਲਾ ਦਿਵਸ ਹੁਣ ਲੱਗਭਗ ਸਾਰੇ ਦੇਸ਼ਾਂ ਵਿੱਚ ਹੀ ਮਨਾਇਆ ਜਾਂਦਾ ਹੈ। ਸਾਰੀ ਦੁਨੀਆਂ ਦੀਆਂ ਮਹਿਲਾਵਾਂ ਦੇਸ਼, ਧਰਮ, ਜਾਤ-ਪਾਤ, ਭਾਸ਼ਾ, ਰਾਜਨੀਤਿਕ ਅਤੇ ਸਮਾਜਿਕ ਵਿਤਕਰੇ ਨੂੰ ਭੁੱਲਕੇ ਇਸ ਦਿਨ ਨੂੰ ਮਨਾਉਂਦੀਆਂ ਹਨ। ਇਹ ਦਿਨ ਮਹਿਲਾਵਾਂ ਨੂੰ ਉਹਨਾਂ ਦੀ ਸ਼ਕਤੀ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤਰੱਕੀ ਦਿਲਵਾਉਣ ਅਤੇ ਉਹਨਾਂ ਮਹਿਲਾਵਾਂ ਨੂੰ ਯਾਦ ਕਰਨ ਦਾ ਦਿਨ ਹੈ ਜਿਹਨਾਂ ਨੇ ਮਹਿਲਾਵਾਂ ਦੇ ਅਧਿਕਾਰ ਦਿਲਵਾਉਣ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ ਹਨ। ਸੰਯੁਕਤ ਰਾਸ਼ਟਰ ਸੰਘ ਨੇ ਮਹਿਲਾਵਾਂ ਦੇ ਬਰਾਬਰਤਾ ਦੇ ਅਧਿਕਾਰ ਨੂੰ ਲਾਗੂ ਕਰਵਾਉਣ ਅਤੇ ਸੁਰੱਖਿਆ ਦੇਣ ਲਈ ਦੁਨੀਆਂ ਭਰ ਵਿੱਚ ਕੁਝ ਨੀਤੀਆਂ, ਪ੍ਰੋਗਰਾਮ ਅਤੇ ਮਾਪਦੰਡ ਨਿਰਧਾਰਤ ਕੀਤੇ ਹਨ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਕਿਸੇ ਸਮਾਜ ਵਿੱਚ ਪੈਦਾ ਹੋਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਹੈ। ਵਿਸ਼ਵ ਦੇ ਕਈ ਦੇਸ਼ਾਂ ਵਿੱਚ ਵਿਸ਼ੇਸ ਤੋਰ ਤੇ ਵਿਕਸਿਤ ਹੋ ਰਹੇ ਦੇਸ਼ਾਂ ਵਿੱਚ ਮਹਿਲਾਵਾਂ ਤੇ ਅੱਤਿਆਚਾਰ ਵਧਦੇ ਜਾ ਰਹੇ ਹਨ। ਅੰਤਰਰਾਸ਼ਟਰੀ ਮਹਿਲਾ ਦਿਵਸ ਪੂਰੇ ਇਤਿਹਾਸ ਵਿੱਚ ਦੇ ਅੰਕੜਿਆਂ ਵਿੱਚ ਵਾਧਾ ਹੋਇਆ ਹੈ। ਪ੍ਰਤੀ ਲੱਖ ਔਰਤਾਂ ਦੀ ਆਬਾਦੀ ਵਿੱਚ ਅਪਰਾਧ ਦਰ 2021 ਵਿੱਚ 64.5 ਤੋਂ ਵੱਧ ਕੇ 2022 ਵਿੱਚ 66.4 ਹੋ ਗਈ। ਦੇਸ਼ ਵਿੱਚ ਦਾਜ ਰੋਕੂ ਕਾਨੂੰਨ ਦੇ ਤਹਿਤ 13479 ਕੇਸ ਦਰਜ ਕੀਤੇ ਹਨ, ਜਿਨ੍ਹਾਂ ਵਿੱਚੋਂ 140000 ਤੋਂ ਵੱਧ ਕੇਸ ਪਤੀ ਜਾਂ ਉਸਦੇ ਰਿਸ਼ਤੇਦਾਰਾਂ ਦੁਆਰਾ ਬੇਰਹਿਮੀ ਸੈਕਸ਼ਨ 498 ਏ ਆਈਪੀਸੀ ਦੇ ਤਹਿਤ ਸ਼੍ਰੇਣੀਬੱਧ ਕੀਤੇ ਗਏ ਹਨ। ਜਦੋਂ ਰਾਜਾਂ ਤੇ ਨਜ਼ਰ ਮਾਰਦੇ ਹਾਂ ਤਾਂ ਉੱਤਰ ਪ੍ਰਦੇਸ਼ ਵਿੱਚ 2022 ਵਿੱਚ 65743 ਕੇਸ ਦਰਜ ਕੀਤੇ ਗਏ ਹਨ ਜੋਕਿ ਔਰਤਾਂ ਵਿਰੁੱਧ ਅਪਰਾਧਾਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹੈ, ਇਸ ਤੋਂ ਬਾਅਦ ਮਹਾਰਾਸ਼ਟਰ 45331 ਅਤੇ ਰਾਜਸਥਾਨ 45058 ਹਨ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਔਰਤਾਂ ਵਿਰੁੱਧ ਸਭ ਤੋਂ ਵੱਧ ਅਪਰਾਧਾਂ ਦੀ ਗਿਣਤੀ 14158 ਲਗਾਤਾਰ ਤੀਜੇ ਸਾਲ ਦਰਜ ਕੀਤੀ ਗਈ ਹੈ ਅਤੇ ਹਰ 100000 ਔਰਤਾਂ ਪਿੱਛੇ ਲੱਗਭੱਗ 186.9 ਅਪਰਾਧ ਦਰਜ ਕੀਤੇ ਗਏ ਹਨ। ਦਿੱਲੀ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੇ ਮਾਮਲੇ ਕੁੱਲ ਅਪਰਾਧਾਂ ਦਾ 31.20 ਪ੍ਰਤੀਸ਼ਤ ਹਨ। ਰਾਸ਼ਟਰੀ ਮਹਿਲਾ ਆਯੋਗ ਨੂੰ 2022 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਲਗਭਗ 30957 ਸ਼ਿਕਾਇਤਾਂ ਹਨ। ਵੱਖ ਵੱਖ ਰਾਜਾਂ ਵਿੱਚ 28 ਰਾਜਪਾਲਾਂ ਵਿੱਚੋਂ ਸਿਰਫ 03 ਹੀ ਮਹਿਲਾਵਾਂ ਹਨ। ਦੇਸ਼ ਵਿੱਚ 08 ਲੈਫਟੀਨੈਂਟ ਗਵਰਨਰ ਹਨ ਜਿਨ੍ਹਾਂ ਵਿੱਚੋਂ ਸਿਰਫ 01 ਹੀ ਮਹਿਲਾ ਹੈ। ਦੇਸ ਦੇ 01 ਹੀ ਰਾਜ ਪੱਛਮੀ ਬੰਗਾਲ ਵਿੱਚ ਮਹਿਲਾ ਮੁੱਖ ਮੰਤਰੀ ਹੈ। ਪੰਜਾਬ ਵਿਧਾਨ ਸਭਾ ਵਿੱਚ ਵੀ ਮਹਿਲਾਵਾਂ ਦੀ ਨਿਗੁਣੀ ਹਿੱਸੇਦਾਰੀ ਰਹੀ ਹੈ। ਮੋਜੂਦਾ ਸਮੇਂ ਪੰਜਾਬ ਵਿਧਾਨ ਸਭਾ ਵਿੱਚ ਸਿਰਫ 13 ਮਹਿਲਾਵਾਂ ਹੀ ਹਨ। ਜੇਕਰ ਪੰਜਾਬ ਕੈਬਿਨਟ ਨੂੰ ਵੇਖੀਏ ਤਾਂ 15 ਕੈਬਿਨਟ ਮੰਤਰੀਆਂ ਵਿੱਚੋਂ ਸਿਰਫ 02 ਮਹਿਲਾਵਾਂ ਨੂੰ ਹੀ ਮੰਤਰੀ ਬਣਾਇਆ ਗਿਆ ਹੈ। ਪੰਜਾਬ ਵਿਚੋਂ ਕੁੱਲ 13 ਲੋਕ ਸਭਾ ਮੈਂਬਰਾਂ ਵਿਚੋਂ ਸਿਰਫ 02 ਮਹਿਲਾ ਹੀ ਲੋਕ ਸਭਾ ਮੈਂਬਰ ਹਨ ਅਤੇ 07 ਰਾਜ ਸਭਾ ਮੈਂਬਰਾਂ ਵਿਚੋਂ ਕੋਈ ਵੀ ਮਹਿਲਾ ਨਹੀਂ ਹੈ। 128ਵੇਂ ਸੰਵਿਧਾਨਕ ਸੋਧ ਬਿੱਲ 2023 ਜਾਂ




**ਰਾਸ਼ਟਰੀ ਮਹਿਲਾ ਆਯੋਗ ਨੂੰ 2022 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਲਗਭਗ 30957 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜੋ ਕਿ 2014 ਤੋਂ ਬਾਅਦ ਸਭ ਤੋਂ ਵੱਧ ਹਨ। ਸਭ ਤੋਂ ਵੱਧ ਆਬਾਦੀ ਵਾਲੇ ਰਾਜ ਉੱਤਰ ਪ੍ਰਦੇਸ਼ ਤੋਂ ਲਗਭਗ 54.5 ਪ੍ਰਤੀਸ਼ਤ 16873 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਦਿੱਲੀ ਵਿੱਚ 3004 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ, ਇਸ ਤੋਂ ਬਾਅਦ ਮਹਾਰਾਸ਼ਟਰ ਵਿੱਚ 1381, ਬਿਹਾਰ ਵਿੱਚ 1368 ਅਤੇ ਹਰਿਆਣਾ ਵਿੱਚ 1362 ਸਿਕਾਇਤਾਂ ਮਿਲੀਆਂ ਹਨ। ਮਹਿਲਾਵਾਂ ਨਾਲ ਵਾਪਰਨ ਵਾਲੇ ਅਪਰਾਧਾਂ ਵਿੱਚ ਦਾਜ ਲਈ ਤੰਗ ਕਰਨਾ, ਘਰੇਲੂ ਹਿੰਸਾ, ਯੌਨ ਸ਼ੋਸ਼ਣ, ਬਲਾਤਕਾਰ, ਤਲਾਕ, ਪੁਲਿਸ ਦੁਆਰਾ ਅਤਿੱਆਚਾਰ, ਅਗਵਾ, ਦਾਜ ਸਬੰਧੀ ਮੌਤ, ਤੇਜ਼ਾਬ ਨਾਲ ਹਮਲਾ, ਐਨ ਆਰ ਆਈ ਨਾਲ ਵਿਆਹ ਸਬੰਧੀ ਸ਼ਿਕਾਇਤਾਂ ਮੁੱਖ ਤੋਰ ਤੇ ਸ਼ਾਮਿਲ ਹਨ।**

ਵਧੇਰੇ ਬਰਾਬਰ ਸੰਸਾਰ ਵੱਲ ਤਬਦੀਲੀ ਨੂੰ ਤੇਜ਼ ਕਰ ਸਕਦੇ ਹਾਂ। ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਮਿਸ਼ਨ ਸਮਾਨਤਾ ਅਤੇ ਔਰਤਾਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨਾ ਹੈ। ਇਹ ਦਿਨ ਔਰਤਾਂ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਨ, ਲਗਾਤਾਰ ਚੁਣੌਤੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਤਬਦੀਲੀ ਲਈ ਸਮਰਥਨ ਜੁਟਾਉਣ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਇਸਦਾ ਕੇਂਦਰੀ ਉਦੇਸ਼ ਔਰਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੌਜੂਦਾ ਮੁੱਦਿਆਂ ਕੰਮ ਵਾਲੀ ਥਾਂ ਤੇ ਅਸਮਾਨਤਾਵਾਂ ਤੋਂ ਲੈ ਕੇ ਹਿੰਸਾ ਅਤੇ ਪ੍ਰਜਨਨ ਅਧਿਕਾਰਾਂ ਤੱਕ ਨੂੰ ਸ਼ਾਮਲ ਕਰਨਾ ਹੈ। ਇਸ ਸਬੰਧੀ ਸਾਰੇ ਸਮਾਗਮ ਅਤੇ ਜਸ਼ਨ ਕਾਰਵਾਈ ਨੂੰ ਪ੍ਰੇਰਿਤ ਕਰਦੇ ਹਨ, ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਔਰਤਾਂ ਨੂੰ ਸਸ਼ਕਤ ਕਰਨ ਵਾਲੀਆਂ ਨੀਤੀਆਂ ਨੂੰ ਅੱਗੇ ਵਧਾਉਂਦੇ ਹਨ। ਇਹ ਇੱਕ ਅਜਿਹੀ ਦੁਨੀਆ ਬਣਾਉਣ ਦੀ ਬਚਨਬੱਧਤਾ ਨੂੰ ਮਜ਼ਬੂਤ ਕਰਦਾ ਹੈ ਜਿੱਥੇ ਔਰਤਾਂ ਬਰਾਬਰ ਮੌਕੇ ਅਤੇ ਸਮਾਵੇਸ਼ ਦਾ ਆਨੰਦ ਮਾਣਦੀਆਂ ਹਨ। ਜੇਕਰ ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਇਤਿਹਾਸ ਵੇਖੀਏ ਤਾਂ ਪ੍ਰਾਚੀਨ ਗ੍ਰੀਸ ਵਿੱਚ ਲੀਸਿਸਟ੍ਰਾਟਾ ਨਾਮ ਦੀ ਇੱਕ ਮਹਿਲਾ ਨੇ ਫ੍ਰੈਂਚ ਕ੍ਰਾਂਤੀ ਦੌਰਾਨ ਯੁੱਧ ਸਮਾਪਤੀ ਦੀ ਮੰਗ ਰੱਖਦੇ ਹੋਏ ਸਮਾਨਤਾ ਦੇ ਅਧਿਕਾਰਾਂ ਦੇ ਅੰਦੋਲਨ ਦੀ ਸ਼ੁਰੂਆਤ ਕੀਤੀ ਸੀ। ਫਾਰਸੀ ਮਹਿਲਾਵਾਂ ਦੇ ਇੱਕ ਸਮੂਹ ਨੇ ਵਰਸੇਲਸ ਵਿੱਚ ਇਸ ਦਿਨ ਇੱਕ ਮੋਰਚਾ ਕੱਢਿਆ ਜਿਸਦਾ ਉਦੇਸ਼ ਯੁੱਧ ਦੇ ਕਾਰਨ ਮਹਿਲਾਵਾਂ ਤੇ ਵੱਧਦੇ ਹੋਏ ਅੱਤਿਆਚਾਰਾਂ ਨੂੰ ਰੋਕਣਾ ਸੀ। ਸਾਲ 1909 ਵਿੱਚ ਸੋਸ਼ਲਿਸਟ ਪਾਰਟੀ ਆਫ ਅਮਰੀਕਾ ਦੁਆਰਾ ਪਹਿਲੀ ਵਾਰ ਪੂਰੇ ਅਮਰੀਕਾ ਵਿੱਚ 28 ਫਰਵਰੀ ਨੂੰ ਮਹਿਲਾ ਦਿਵਸ ਮਨਾਇਆ ਗਿਆ। ਸੰਨ 1910 ਵਿੱਚ ਸੋਸ਼ਲਿਸਟ ਇੰਟਰਨੈਸ਼ਨਲ ਦੁਆਰਾ ਕੋਪਨਹੈਗਨ ਵਿੱਚ ਮਹਿਲਾ ਦਿਵਸ ਦੀ ਸਥਾਪਨਾ ਹੋਈ। ਸਾਲ 1911 ਵਿੱਚ ਆਸ-ਟਰੀਆ, ਡੈਨਮਾਰਕ, ਜਰਮਨੀ ਅਤੇ ਸਵਿੱਟਜ਼ਰਲੈਂਡ ਵਿੱਚ ਲੱਖਾਂ ਮਹਿਲਾਵਾਂ ਦੁਆਰਾ ਰੈਲੀ ਕੱਢੀ ਗਈ। ਵੋਟ ਦਾ ਅਧਿਕਾਰ, ਸਰਕਾਰੀ ਕਾਰਜਕਾਰਨੀ ਵਿੱਚ ਜਗ੍ਹਾ, ਰੋਜ਼ਗਾਰ ਵਿੱਚ ਭੇਦਭਾਵ ਨੂੰ ਖਤਮ ਕਰਨ ਵਰਗੇ ਕਈ ਮੁੱਦਿਆ ਦੀ ਮੰਗ ਇਸ ਰੈਲੀ ਵਿੱਚ ਕੀਤੀ ਗਈ। ਸਾਲ 1913-14 ਵਿੱਚ ਪਹਿਲੀ ਸੰਸਾਰ ਜੰਗ ਦੇ ਦੌਰਾਨ ਰੂਸੀ ਮਹਿਲਾਵਾਂ ਦੁਆਰਾ ਪਹਿਲੀ ਵਾਰ ਸ਼ਾਂਤੀ ਦੀ ਸਥਾਪਨਾ ਦੇ ਲਈ ਫਰਵਰੀ ਮਹੀਨੇ ਦੇ ਆਖਰੀ ਐਤਵਾਰ ਨੂੰ ਮਹਿਲਾ ਦਿਵਸ ਮਨਾਇਆ ਗਿਆ। ਸਾਲ 1917 ਤੱਕ ਸੰਸਾਰ ਜੰਗ ਵਿੱਚ ਰੂਸ ਦੇ 2 ਲੱਖ ਤੋਂ ਵੱਧ ਫੌਜ਼ੀ ਮਾਰੇ ਗਏ ਅਤੇ ਰੂਸੀ ਮਹਿਲਾਵਾਂ ਨੇ ਰੋਟੀ ਅਤੇ ਸ਼ਾਂਤੀ ਦੇ ਲਈ ਇਸ ਦਿਨ ਹੜਤਾਲ ਕੀਤੀ। ਹਾਲਾਂਕਿ ਰਾਜਨੇਤਾ ਇਸਦੇ ਖਿਲਾਫ ਸੀ ਫਿਰ ਵੀ ਮਹਿਲਾਵਾਂ ਨੇ ਆਪਣਾ ਅੰਦੋਲਨ ਜਾਰੀ ਰੱਖਿਆ ਅਤੇ ਆਖਿਰ ਰੂਸ ਦੇ ਜਾਰ ਨੂੰ ਆਪਣੀ ਗੱਦੀ ਛੱਡਣੀ ਪਈ ਅਤੇ ਸਰਕਾਰ ਨੂੰ ਮਹਿਲਾਵਾਂ ਨੂੰ ਵੋਟ ਦੇਣ ਦੇ ਅਧਿਕਾਰ ਦੀ ਘੋਸ਼ਣਾ ਕਰਨੀ ਪਈ। ਸਾਲ 1995 ਵਿੱਚ ਚੀਨ ਦੇ ਬੀਜਿੰਗ ਵਿੱਚ ਚੌਥੀ ਮਹਿਲਾ ਵਿਸ਼ਵ ਕਾਨਫਰੰਸ ਕਰਵਾਈ ਗਈ ਜਿਸਨੂੰ ਬੀਜਿੰਗ ਘੋਸ਼ਣਾ ਕਿਹਾ ਜਾਂਦਾ ਔਰਤਾਂ ਦੀਆਂ ਪ੍ਰਾਪਤੀਆਂ ਅਤੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਸਮਾਨਤਾ ਲਈ ਚੱਲ ਰਹੇ ਸੰਘਰਸ਼ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਇਹ ਔਰਤਾਂ ਦੇ ਅਧਿਕਾਰਾਂ ਦੀ ਵਕਾਲਤ ਕਰਨ, ਔਰਤਾਂ ਦੇ ਸਸ਼ਕਤੀਕਰਨ, ਅਤੇ ਔਰਤਾਂ ਨੂੰ ਦਰਪੇਸ਼ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਰਾਜਨੀਤਕ ਚੁਣੌਤੀਆਂ ਨੂੰ ਉਜਾਗਰ ਕਰਨ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਇਹ ਦਿਨ ਔਰਤਾਂ ਦੇ ਅਧਿਕਾਰਾਂ ਅਤੇ ਲਿੰਗ ਸਮਾਨਤਾ ਨੂੰ ਅੱਗੇ ਵਧਾਉਣ ਵਿੱਚ ਕੀਤੀ ਗਈ ਪ੍ਰਗਤੀ ਦਾ ਜਸ਼ਨ ਮਨਾਉਣ ਦਾ ਇੱਕ ਮੌਕਾ ਹੈ ਅਤੇ ਉਸ ਕੰਮ ਨੂੰ ਸਵੀਕਾਰ ਕਰਨ ਦਾ ਵੀ ਹੈ ਜੋ ਅਜੇ ਵੀ ਕੀਤੇ ਜਾਣ ਦੀ ਲੋੜ ਹੈ। ਇਹ ਲਿੰਗ-ਆਧਾਰਿਤ ਹਿੰਸਾ, ਵਿਤਕਰੇ ਅਤੇ ਸਮਾਜ ਦੇ ਵੱਖ-ਵੱਖ ਪਹਿਲੂਆਂ ਵਿੱਚ ਔਰਤਾਂ ਦੀ ਪੂਰੀ ਭਾਗੀਦਾਰੀ ਵਿੱਚ ਰੁਕਾਵਟਾਂ ਵਰਗੇ ਮੁੱਦਿਆਂ ਨੂੰ ਹੱਲ ਕਰਨ ਲਈ ਕਾਰਵਾਈ ਦਾ ਸੱਦਾ ਹੈ। ਅੰਤਰਰਾਸ਼ਟਰੀ ਮਹਿਲਾ ਦਿਵਸ ਪੂਰੇ ਇਤਿਹਾਸ ਵਿੱਚ ਔਰਤਾਂ ਦੀਆਂ ਪ੍ਰਾਪਤੀਆਂ ਅਤੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਸਮਾਨਤਾ ਲਈ ਚੱਲ ਰਹੇ ਸੰਘਰਸ਼ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਭਾਰਤੀ ਸੰਵਿਧਾਨ ਨਾ ਸਿਰਫ਼ ਔਰਤਾਂ ਨੂੰ ਬਰਾਬਰੀ ਪ੍ਰਦਾਨ ਕਰਦਾ ਹੈ, ਰਾਜ ਨੂੰ ਇਸ ਸਬੰਧੀ ਜਰੂਰੀ ਉਪਾਅ ਅਪਣਾਉਣ ਦਾ ਅਧਿਕਾਰ ਵੀ ਦਿੰਦਾ ਹੈ। ਭਾਰਤ ਵਿੱਚ ਮਹਿਲਾਵਾਂ ਦੀ ਹਾਲਤ ਅਤੇ ਉਨ੍ਹਾਂ ਤੇ ਵਾਪਰਦੀਆਂ ਹਿੰਸਾ ਦੀਆਂ ਘਟਨਾਵਾਂ ਨੂੰ ਵੇਖਦੇ ਹੋਏ ਕਈ ਤਰਾਂ ਦੀਆਂ ਯੋਜਨਾਵਾਂ ਉਲੀਕੀਆਂ ਅਤੇ ਸੱਖਤ ਕਨੂੰਨ ਬਣਾਏ ਹਨ। ਸਾਡੇ ਦੇਸ਼ ਵਿੱਚ ਬੇਸ਼ੱਕ ਇੱਕ ਮਹਿਲਾ ਰਾਸ਼ਟਰਪਤੀ, ਪ੍ਰਧਾਨ ਮੰਤਰੀ , ਸਪੀਕਰ ਤੱਕ ਦੇ ਅਹੁਦੇ ਤੇ ਵੀ ਬੈਠ ਚੁੱਕੀਆਂ ਹਨ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਵੱਖ ਵੱਖ ਅਹੁਦਿਆਂ ਰਾਜਪਾਲ, ਮੁੱਖ ਮੰਤਰੀ, ਮੰਤਰੀ, ਮੁੱਖ ਸਕੱਤਰ, ਡਿਪਟੀ ਕਮਿਸ਼ਨਰ, ਜੱਜ, ਪੁਲਿਸ ਅਫਸਰ ਆਦਿ ਅਹੁਦਿਆਂ ਤੇ ਮਹਿਲਾਵਾਂ ਬੈਠੀਆਂ ਹਨ ਜਿਸਨੂੰ ਵੇਖਕੇ ਲਗਦਾ ਹੈ ਕਿ ਸਾਡੇ ਦੇਸ਼ ਵਿੱਚ ਮਹਿਲਾਵਾਂ ਨਾਲ ਹੋਣ ਵਾਲੀਆਂ ਹਿੰਸਕ ਘਟਨਾਵਾਂ ਇਤਿਹਾਸ ਦੀਆਂ ਕਹਾਣੀਆਂ ਹਨ ਪਰ ਇਹ ਸੱਚ ਨਹੀਂ ਹੈ ਅਤੇ ਹਕੀਕਤ ਕੁੱਝ ਹੋਰ ਹੈ। ਮਹਿਲਾਵਾਂ ਨਾਲ ਵਾਪਰਦੇ ਅਪਰਾਧਾਂ ਦੀਆਂ ਘਟਨਾਵਾਂ ਬਾਰੇ ਸਹੀ ਅੰਕੜੇ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੈ ਕਿਉਂਕਿ ਵੱਡੀ ਗਿਣਤੀ ਵਿੱਚ ਕੇਸ ਰਿਪੋਰਟ ਨਹੀਂ ਕੀਤੇ ਜਾਂਦੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੀ ਰਿਪੋਰਟ ਨੇ 2022 ਦੌਰਾਨ ਭਾਰਤ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੇ 445256 ਮਾਮਲੇ ਸਾਹਮਣੇ ਆਏ ਹਨ ਅਤੇ 4ਗ ਦੇ ਦੁਖਦਾਈ ਵਾਧੇ ਦਾ ਖੁਲਾਸਾ ਕੀਤਾ ਹੈ। ਇਸ ਵਿੱਚ ਪਤੀਆਂ ਅਤੇ ਰਿਸ਼ਤੇਦਾਰਾਂ ਦੁਆਰਾ ਬੇਰਹਿਮੀ, ਅਗਵਾ, ਹਮਲੇ ਅਤੇ ਬਲਾਤਕਾਰ ਦੇ ਮਾਮਲੇ ਸ਼ਾਮਲ ਹਨ। ਇਸ ਰਿਪੋਰਟ ਵਿੱਚ ਔਰਤਾਂ ਦੇ ਖਿਲਾਫ ਰਿਪੋਰਟ ਕੀਤੇ ਗਏ ਅਪਰਾਧਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ ਜੋ ਕਿ 2020 ਵਿੱਚ 371503 ਕੇਸਾਂ ਤੋਂ ਵੱਧ ਕੇ 2022 ਵਿੱਚ 445256 ਕੇਸਾਂ ਤੱਕ ਪਹੁੰਚ ਗਿਆ ਹੈ। 2021 ਦੇ 428278 ਮਾਮਲਿਆਂ ਦੀ ਤੁਲਨਾ ਵਿੱਚ 2022 ਪ੍ਰਾਪਤ ਹੋਈਆਂ, ਜੋ ਕਿ 2014 ਤੋਂ ਬਾਅਦ ਸਭ ਤੋਂ ਵੱਧ ਹਨ। ਸਭ ਤੋਂ ਵੱਧ ਆਬਾਦੀ ਵਾਲੇ ਰਾਜ ਉੱਤਰ ਪ੍ਰਦੇਸ਼ ਤੋਂ ਲਗਭਗ 54.5 ਪ੍ਰਤੀਸ਼ਤ 16873 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਦਿੱਲੀ ਵਿੱਚ 3004 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ, ਇਸ ਤੋਂ ਬਾਅਦ ਮਹਾਰਾਸ਼ਟਰ ਵਿੱਚ 1381, ਬਿਹਾਰ ਵਿੱਚ 1368 ਅਤੇ ਹਰਿਆਣਾ ਵਿੱਚ 1362 ਸਿਕਾਇਤਾਂ ਮਿਲੀਆਂ ਹਨ। ਮਹਿਲਾਵਾਂ ਨਾਲ ਵਾਪਰਨ ਵਾਲੇ ਅਪਰਾਧਾਂ ਵਿੱਚ ਦਾਜ ਲਈ ਤੰਗ ਕਰਨਾ, ਘਰੇਲੂ ਹਿੰਸਾ, ਯੌਨ ਸ਼ੋਸ਼ਣ, ਬਲਾਤਕਾਰ, ਤਲਾਕ, ਪੁਲਿਸ ਦੁਆਰਾ ਅਤਿੱਆਚਾਰ, ਅਗਵਾ, ਦਾਜ ਸਬੰਧੀ ਮੌਤ, ਤੇਜ਼ਾਬ ਨਾਲ ਹਮਲਾ, ਐਨ ਆਰ ਆਈ ਨਾਲ ਵਿਆਹ ਸਬੰਧੀ ਸ਼ਕਾਇਤਾਂ ਮੁੱਖ ਤੋਰ ਤੇ ਸ਼ਾਮਿਲ ਹਨ। ਸਾਲ 2022 ਵਿੱਚ ਰਾਸਟਰੀ ਮਹਿਲਾ ਆਯੋਗ ਕੋਲ ਪਹੁੰਚੀਆਂ 30957 ਸ਼ਿਕਾਇਤਾਂ ਵਿੱਚੋਂ ਸਭ ਤੋਂ ਵੱਧ 9736 ਇੱਜ਼ਤ ਨਾਲ ਜਿਉਣ ਦੇ ਅਧਿਕਾਰ, 6983 ਘਰੇਲੂ ਹਿੰਸਾ, 4613 ਦਾਜ ਉਤਪੀੜਨ ਨਾਲ ਸਬੰਧਤ, 2527 ਔਰਤਾਂ ਦੀ ਇਜਤ ਨਾਲ ਛੇੜਛਾੜ ਕਰਨ, 1711 ਬਲਾਤਕਾਰ ਅਤੇ ਬਲਾਤਕਾਰ ਦੀ ਕੋਸ਼ਿਸ਼ ਨਾਲ ਸਬੰਧਤ, 1625 ਸ਼ਿਕਾਇਤਾਂ ਔਰਤਾਂ ਪ੍ਰਤੀ ਪੁਲਿਸ ਦੀ ਬੇਰੁਖ਼ੀ, 927 ਸ਼ਿਕਾਇਤਾਂ ਸਾਈਬਰ ਅਪਰਾਧਾਂ ਨਾਲ ਸਬੰਧਤ ਸਨ। ਵੱਖ ਵੱਖ ਰਿਪੋਰਟਾਂ ਸਾਬਤ ਕਰਦੀਆਂ ਹਨ ਕਿ ਦੇਸ਼ ਵਿੱਚ ਮਹਿਲਾਵਾਂ ਸੁਰੱਖਿਅਤ ਨਹੀਂ ਹਨ ਅਤੇ ਉਨ੍ਹਾਂ ਨੂੰ ਘਰੋਂ ਅਤੇ ਬਾਹਰੋਂ ਹਰ ਪਾਸੇ ਖਤਰਾ ਹੀ ਖਤਰਾ ਹੈ ਅਤੇ ਕਈ ਵਾਰ ਤਾਂ ਉਹ ਕਨੂੰਨ ਦੇ ਰਾਖਿਆਂ ਪੁਲਿਸ ਤੋਂ ਵੀ ਸੁਰੱਖਿਅਤ ਨਹੀਂ ਹੈ। ਸ਼ਿਕਾਇਤਾਂ ਦੀ ਗਿਣਤੀ ਵਧਣਾ ਚੰਗੀ ਗੱਲ ਹੋ ਸਕਦੀ ਹੈ ਕਿਉਂਕਿ ਇਸਦਾ ਇਹ ਮਤਲਬ ਵੀ ਹੋ ਸਕਦਾ ਹੈ ਕਿ ਔਰਤਾਂ ਵਿੱਚ ਬੋਲਣ ਦੀ ਹਿੰਮਤ ਹੈ ਅਤੇ ਹੁਣ ਸੁਣਵਾਈ ਲਈ ਪਲੇਟਫਾਰਮ ਮੌਜੂਦ ਹਨ। ਪਹਿਲਾਂ ਔਰਤਾਂ ਸ਼ਾਇਦ ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਅੱਗੇ ਨਹੀਂ ਆ ਰਹੀਆਂ ਸਨਤ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਉਹ ਕਿਸ ਤਰ੍ਹਾਂ ਦੇ ਅਤਿੱਆਚਾਰ ਸਹਿ ਰਹੀਆਂ ਸਨ। ਅਜਾਦੀ ਦੇ 76 ਸਾਲ ਬੀਤਣ ਬਾਦ ਵੀ ਦੇਸ਼ ਦੇ ਕਈ ਧਾਰਮਿਕ ਸਥਾਨਾਂ ਅਤੇ ਸਮਾਗਮਾਂ ਵਿੱਚ ਮਹਿਲਾਵਾਂ ਦੇ ਦਾਖਲ ਹੋਣ ਦੀ ਮਨਾਹੀ ਹੈ ਅਤੇ ਇਸ ਤਰਾਂ ਦੇ ਮਾਮਲਿਆਂ ਤੇ ਮਾਣਯੋਗ ਅਦਾਲਤਾਂ ਨੂੰ ਦਖਲ ਅੰਦਾਜੀ ਕਰਨੀ ਪੈ ਰਹੀ ਹੈ। ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਸੰਵਿਧਾਨਿਕ ਤੌਰ ਤੇ ਇੱਕ ਮਹਿਲਾ ਨੂੰ ਸਿੱਖਿਆ ਦਾ, ਵੋਟ ਦੇਣ ਦਾ ਅਧਿਕਾਰ ਅਤੇ ਮੌਲਿਕ ਅਧਿਕਾਰ ਪ੍ਰਾਪਤ ਹਨ ਇਸਦੇ ਬਾਵਜੂਦ ਦੇਸ਼ ਦੀ ਰਾਜਨੀਤੀ ਵਿੱਚ ਮਹਿਲਾਵਾਂ ਦੀ ਗਿਣਤੀ ਨਾਂ ਮਾਤਰ ਹੀ ਹੈ। ਦੇਸ ਵਿੱਚ ਕੁੱਲ 4896 ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵਿੱਚੋਂ ਸਿਰਫ 418 ਭਾਵ 9 ਫਿਸਦੀ ਹੀ ਮਹਿਲਾਵਾਂ ਹਨ। ਲੋਕ ਸਭਾ ਵਿੱਚ ਮੌਜੂਦਾ ਕੁੱਲ 545 ਮੈਂਬਰਾਂ ਵਿਚੋਂ ਸਿਰਫ 78 ਮਹਿਲਾ ਮੈਂਬਰ ਹਨ, ਰਾਜ ਸਭਾ ਦੇ ਕੁੱਲ 224 ਮੈਂਬਰਾਂ ਵਿੱਚੋਂ ਸਿਰਫ 24 ਮਹਿਲਾਵਾਂ ਹੀ ਹਨ। ਜੇਕਰ ਦੇਸ਼ ਦੀ ਕੈਬਿਨਟ ਵੇਖੀਏ ਤਾਂ ਮੌਜੂਦਾ ਸਮੇਂ 73 ਕੈਬਿਨਟ ਮੰਤਰੀਆਂ, ਅਜਾਦ ਰਾਜ ਮੰਤਰੀਆਂ ਅਤੇ ਰਾਜ ਮੰਤਰੀਆਂ ਵਿੱਚੋਂ ਸਿਰਫ 10 ਹੀ ਮਹਿਲਾਵਾਂ ਨਾਰੀ ਸ਼ਕਤੀ ਵੰਦਨ ਅਧਿਨਿਯਮ ਅਨੁਸਾਰ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਇੱਕ ਤਿਹਾਈ ਸੀਟਾਂ ਔਰਤਾਂ ਲਈ ਰਾਖਵੀਆਂ ਕਰਨ ਦਾ ਪ੍ਰਸਤਾਵ ਹੈ। ਇਹ ਲਾਗੂ ਹੋਣ ਤੋਂ ਬਾਅਦ ਹੇਠਲੇ ਸਦਨ ਵਿੱਚ ਘੱਟੋ-ਘੱਟ 181 ਲੱਗਭੱਗ 33.3% ਮਹਿਲਾ ਮੈਂਬਰ ਹੋਣੀਆਂ ਚਾਹੀਦੀਆਂ ਹਨ। ਭਾਰਤ ਦੇ ਚੋਣ ਇਤਿਹਾਸ ਵਿੱਚ ਮਹਿਲਾ ਸੰਸਦ ਮੈਂਬਰਾਂ ਦੀ ਹਿੱਸੇਦਾਰੀ ਕਦੇ ਵੀ 15% ਤੋਂ ਵੱਧ ਨਹੀਂ ਹੋਈ ਹੈ। ਮਹਿਲਾਵਾਂ ਨੂੰ ਪ੍ਰਤੀਨਿਧਤਾ ਦੇਣ ਲਈ ਸਰਕਾਰ ਵਲੋਂ ਸਥਾਨਕ ਪੱਧਰ ਦੇ ਪੇਂਡੂ ਅਤੇ ਸਹਿਰੀ ਸ਼ਾਸਨ ਵਿੱਚ ਮਹਿਲਾਵਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ। ਸਥਾਨਕ ਪੱਧਰ ਤੇ ਕਈ ਥਾਵਾਂ ਤੇ ਮਹਿਲਾਵਾਂ ਅਪਣੇ ਅਹੁਦੇ ਦੀ ਪੂਰੀ ਤਰਾਂ ਵਰਤੋਂ ਕਰ ਰਹੀਆਂ ਹਨ ਪਰ ਅਜਿਹੀਆਂ ਮਹਿਲਾਵਾਂ ਦੀ ਗਿਣਤੀ ਕਾਫੀ ਘੱਟ ਹੈ ਜਦਕਿ ਬਹੁਤੀਆਂ ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਉਨ੍ਹਾਂ ਦੇ ਪਰਿਵਾਰ ਦੇ ਕਰੀਬੀ ਪੁਰਸ਼ ਰਿਸ਼ਤੇਦਾਰ ਹੀ ਕਰ ਰਹੇ ਹਨ ਅਤੇ ਇਸ ਅਹੁਦੇ ਦਾ ਲਾਭ ਉਠਾ ਰਹੇ ਹਨ। ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਸਿਰਫ ਰਾਜਨੀਤਿਕ ਢਾਂਚੇ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਹੈਰਾਨੀ ਦੀ ਗੱਲ ਹੈ ਕਿ ਲੋਕਤੰਤਰ ਦਾ ਚੋਥਾ ਥੰਮ ਮੀਡੀਆ ਵਿਸ਼ੇਸ ਤੋਰ ਤੇ ਪ੍ਰਿੰਟ ਮੀਡੀਆ ਵੀ ਇਸ ਵਿੱਚ ਪਿੱਛੇ ਨਹੀਂ ਹੈ। ਪ੍ਰਿੰਟ ਮੀਡੀਆ ਵਿੱਚ ਵੀ ਕਈ ਵਿਅਕਤੀ ਅਪਣੇ ਪਰਿਵਾਰ ਦੀਆਂ ਕਰੀਬੀ ਮਹਿਲਾ ਰਿਸ਼ਤੇਦਾਰ ਦੇ ਨਾਮ ਤੇ ਪੱਤਰਕਾਰੀ ਕਰ ਰਹੇ ਹਨ। ਸਰਕਾਰਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਮਹਿਲਾਵਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ ਵਿੱਚ ਮਹਿਲਾਵਾਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਅਤੇ ਮਹਿਲਾਵਾਂ ਨੂੰ ਯੋਗ ਬਰਾਬਰਤਾ ਵਾਲਾ ਸਥਾਨ ਅਤੇ ਸਨਮਾਨ ਹਾਸਲ ਹੋ ਸਕੇ। ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਮਹੱਤਤਾ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਇਹ ਲਿੰਗ ਸਮਾਨਤਾ ਅਤੇ ਔਰਤਾਂ ਦੇ ਅਧਿਕਾਰਾਂ ਨਾਲ ਸਬੰਧਤ ਚੱਲ ਰਹੇ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਦਾ ਮੌਕਾ ਹੈ।

ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਜ਼ਰੂਰਤ ਸਾਲ ਵਿੱਚ ਸਿਰਫ਼ ਇੱਕ ਦਿਨ ਤੱਕ ਸੀਮਤ ਨਹੀਂ ਹੈ। ਇਹ ਚੱਲ ਰਹੇ ਸੰਘਰਸ਼ਾਂ ਦੀ ਯਾਦ ਦਿਵਾਉਂਦਾ ਹੈ ਜਿਸ ਦਾ ਸਾਹਮਣਾ ਨਾ ਸਿਰਫ਼ ਵਿਕਾਸਸ਼ੀਲ ਦੇਸ਼ਾਂ ਵਿੱਚ ਸਗੋਂ ਵਿਕਸਤ ਦੇਸ਼ਾਂ ਵਿੱਚ ਵੀ ਔਰਤਾਂ ਨੂੰ ਕਰਨਾ ਪੈਂਦਾ ਹੈ। ਅੰਤਰਰਾਸ਼ਟਰੀ ਮਹਿਲਾ ਦਿਵਸ ਸਿਰਫ਼ ਔਰਤਾਂ ਦੇ ਸਾਹਮਣੇ ਆਉਣ ਵਾਲੇ ਸੰਘਰਸ਼ਾਂ ਅਤੇ ਚੁਣੌਤੀਆਂ ਨੂੰ ਉਜਾਗਰ ਕਰਨ ਬਾਰੇ ਨਹੀਂ ਹੈ, ਸਗੋਂ ਸਮਾਜ ਵਿੱਚ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਯੋਗਦਾਨ ਦਾ ਜਸ਼ਨ ਮਨਾਉਣ ਬਾਰੇ ਵੀ ਹੈ। ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਮਨਾਉਣ ਦਾ ਮੰਤਬ ਤਾਂ ਹੀ ਪੂਰਾ ਹੋਵੇਗਾ ਜਦੋਂ ਮਹਿਲਾਵਾਂ ਨੂੰ ਸੰਪੂਰਨ ਆਜ਼ਾਦੀ ਮਿਲੇਗੀ, ਸਮਾਜ ਦੇ ਹਰੇਕ ਮਹੱਤਵਪੂਰਨ ਫੈਸਲਿਆਂ ਵਿੱਚ ਉਨ੍ਹਾਂ ਦੇ ਨਜ਼ਰੀਏ ਨੂੰ ਮਹੱਤਵਪੂਰਨ ਸਮਝਿਆ ਜਾਵੇਗਾ ਨਹੀਂ ਤਾਂ ਇਸ ਸਬੰਧੀ ਹੋਣ ਵਾਲੇ ਸਮਾਗਮ ਸਿਰਫ ਖਾਨਾਪੂਰਤੀ ਬਣਕੇ ਰਹਿ ਜਾਣਗੇ।

# ਸਿੱਖਿਆ ਦੇ ਅਧਿਕਾਰ ਨੂੰ ਪੰਜਾਬ ਵਿੱਚ ਪੂਰੀ ਤਰਾਂ ਅਮਲੀ ਜਾਮਾ ਨਾ ਪਹਿਨਾਇਆ ਜਾ ਸਕਿਆ



ਕੁਲਦੀਪ ਚੰਦ
91-9417563054

ਵਿੱਦਿਆ ਨੂੰ ਮਨੁੱਖ ਦਾ ਤੀਜਾ ਨੇਤਰ ਮੰਨਿਆਂ ਜਾਂਦਾ ਹੈ। ਭਾਰਤ ਵਿੱਚ ਅਜਾਦੀ ਤੋਂ ਪਹਿਲਾਂ ਵੱਖ ਵੱਖ ਸੰਸਥਾਵਾਂ ਵਲੋਂ ਵਿੱਦਿਆ ਦਾ ਚਾਨਣ ਫੈਲਾਣ ਲਈ ਅਦਾਰੇ ਸ਼ੁਰੂ ਕੀਤੇ ਗਏ। ਹਰੇਕ ਸਰਕਾਰ ਵਲੋਂ ਅਪਣੇ ਲੋਕਾਂ ਨੂੰ ਚੰਗੇ ਪੱਧਰ ਦੀ ਸਿੱਖਿਆ ਪ੍ਰਦਾਨ ਕਰਨ ਲਈ ਨਿੱਤ ਨਵੀਂਆਂ ਨੀਤੀਆਂ ਬਣਾਈਆਂ ਜਾਂਦੀਆ ਹਨ। ਸਿੱਖਿਆ ਰੁਜ਼ਗਾਰ, ਮਨੁੱਖੀ ਵਸੀਲਿਆਂ ਦੇ ਵਿਕਾਸ ਅਤੇ ਸਮਾਜਿਕ ਵਾਤਾਵਰਣ ਵਿੱਚ ਬਹੁਤ ਲੋੜੀਂਦੀ ਤਬਦੀਲੀ ਲਿਆਉਣ ਦੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਇੱਕ ਮੁੱਖ ਖੇਤਰ ਹੈ ਜਿਸ ਨਾਲ ਸਰੋਤਾਂ ਦੀ ਕੁਸ਼ਲ ਵਰਤੋਂ ਦੁਆਰਾ ਸਮੁੱਚੀ ਤਰੱਕੀ ਹੁੰਦੀ ਹੈ। ਇੱਕ ਢੁਕਵੀਂ ਸਿੱਖਿਆ ਪ੍ਰਣਾਲੀ ਗਿਆਨ, ਹੁਨਰ, ਸਕਾਰਾਤਮਕ ਰਵੱਈਏ, ਜਾਗਰੂਕਤਾ ਅਤੇ ਅਧਿਕਾਰਾਂ ਅਤੇ ਕਰਤੱਵਾਂ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੀ ਹੈ ਅਤੇ ਜ਼ੁਲਮ, ਅਪਮਾਨ ਅਤੇ ਅਸਮਾਨਤਾ ਦਾ ਸਾਹਮਣਾ ਕਰਨ ਲਈ ਅੰਦਰੂਨੀ ਤਾਕਤ ਪ੍ਰਦਾਨ ਕਰਦੀ ਹੈ। ਮੁਢਲੀ ਸਿੱਖਿਆ ਸਭ ਤੋਂ ਮਹੱਤਵਪੂਰਨ ਪੜਾਅ ਹੈ। ਪੜ੍ਹਨ, ਲਿਖਣ ਅਤੇ ਗਣਿਤ ਦੇ ਮੁਢਲੇ ਹੁਨਰ ਇਸ ਪੜਾਅ ਤੇ ਹਾਸਲ ਕੀਤੇ ਜਾਂਦੇ ਹਨ। ਕਦਰਾਂ-ਕੀਮਤਾਂ ਨੂੰ ਅੰਦਰੂਨੀ ਬਣਾਇਆ ਜਾਂਦਾ ਹੈ ਅਤੇ ਵਾਤਾਵਰਨ ਚੇਤਨਾ ਤਿੱਖੀ ਹੁੰਦੀ ਹੈ। ਜਮਹੂਰੀਅਤ ਦੇ ਤਾਣੇ-ਬਾਣੇ ਨੂੰ ਮਜ਼ਬੂਤ ਕਰਨ ਲਈ ਸਰਵਵਿਆਪੀ ਮੁਢਲੀ ਸਿੱਖਿਆ ਦੀ ਅਹਿਮ ਭੂਮਿਕਾ ਸਾਰਿਆਂ ਨੂੰ ਉਨ੍ਹਾਂ ਦੀ ਅੰਦਰੂਨੀ ਵਿਅਕਤੀਗਤ ਸਮਰੱਥਾ ਦੇ ਵਿਕਾਸ ਲਈ ਬਰਾਬਰ ਮੌਕੇ ਪ੍ਰਦਾਨ ਕਰਨਾ ਸੀ। ਭਾਰਤੀ ਸੰਵਿਧਾਨ ਵਿੱਚ ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੇ ਤਹਿਤ ਧਾਰਾ 45 ਵਿੱਚ ਸਾਡੇ ਗਣਰਾਜ ਦੀ ਸ਼ੁਰੂਆਤ ਤੋਂ ਹੀ ਸਵੀਕਾਰ ਕੀਤਾ ਗਿਆ ਹੈ ਜੋ ਕਿ ਸਾਰੇ ਬੱਚਿਆਂ ਨੂੰ 14 ਸਾਲ ਦੀ ਉਮਰ ਪੂਰੀ ਕਰਨ ਤੱਕ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਦਾ ਹੈ। ਸਰਕਾਰ ਵਲੋਂ ਹਰ ਬੱਚੇ ਲਈ ਸਿਖਿਆ ਪ੍ਰਦਾਨ ਕਰਨ ਲਈ ਸਿੱਖਿਆ ਦਾ ਮੋਲਿਕ ਅਧਿਕਾਰ 04 ਅਗੱਸਤ 2009 ਨੂੰ ਪਾਸ ਕੀਤਾ ਗਿਆ ਹੈ ਅਤੇ 01 ਅਪ੍ਰੈਲ ਤੋਂ ਜੰਮੂ ਅਤੇ ਕਸ਼ਮੀਰ ਰਾਜ ਦੇ ਸਿਵਾਏ ਸਾਰੇ ਦੇਸ਼ ਵਿੱਚ ਲਾਗੂ ਕੀਤਾ ਗਿਆ ਹੈ। ਇਹ ਐਕਟ ਲਾਗੂ ਹੋਣ ਤੋਂ ਬਾਦ ਭਾਰਤ ਦੁਨੀਆਂ ਦੇ 135 ਦੇਸ਼ਾਂ ਵਿੱਚ ਸ਼ਾਮਿਲ ਹੋ ਗਿਆ ਜਿਨ੍ਹਾਂ ਨੇ ਸਿੱਖਿਆ ਦੇ ਅਧਿਕਾਰ ਨੂੰ ਮੁੱਢਲਾ ਅਧਿਕਾਰ ਬਣਾਇਆ ਹੈ। ਇਸ ਕਨੂੰਨ ਅਨੁਸਾਰ 6 ਤੋਂ 14 ਸਾਲ ਤੱਕ ਦੇ ਹਰੇਕ ਬੱਚੇ ਤੱਕ ਮੁੱਢਲੀ ਸਿੱਖਿਆ ਪਹੁੰਚਾਣਾ ਜਰੂਰੀ ਕੀਤਾ ਗਿਆ ਹੈ ਅਤੇ ਇਹ ਮੰਨਿਆ ਗਿਆ ਕਿ ਇੱਕ ਵੀ ਬੱਚਾ ਸਕੂਲ ਤੋਂ ਬਾਹਰ ਨਹੀਂ ਰਹਿਣਾ ਚਾਹੀਦਾ ਹੈ। ਇਸ ਐਕਟ ਦੇ ਸੈਕਸ਼ਨ 12 ਨੇ ਹਰੇਕ ਪ੍ਰਾਈਵੇਟ ਗੈਰ-ਸਹਾਇਤਾ ਪ੍ਰਾਪਤ ਸਕੂਲ ਲਈ ਆਪਣੀ ਐਂਟਰੀ ਲੈਵਲ ਕਲਾਸ ਦਾ ਘੱਟੋ ਘੱਟ 25 ਪ੍ਰਤੀਸ਼ਤ ਕਮਜ਼ੋਰ ਅਤੇ ਵਾਂਝੇ ਸਮੂਹਾਂ ਨਾਲ ਸਬੰਧਤ ਬੱਚਿਆਂ ਨੂੰ ਦਾਖਲਾ ਦੇਣਾ ਲਾਜ਼ਮੀ ਬਣਾਇਆ ਹੈ। ਵਿਦਿਆਰਥੀਆਂ ਦੀ ਇਸ ਸ਼੍ਰੇਣੀ ਲਈ ਰਾਜ ਸਰਕਾਰ ਸਕੂਲਾਂ ਨੂੰ ਸਕੂਲ ਦੁਆਰਾ ਵਸੂਲੀ ਗਈ ਫੀਸ ਜਾਂ ਰਾਜ ਦੇ ਸਕੂਲਾਂ ਵਿੱਚ ਪ੍ਰਤੀ ਬੱਚੇ ਦੇ ਖਰਚੇ ਜੋ ਵੀ ਘੱਟ ਹੋਵੇ ਦੇ ਬਰਾਬਰ ਰਕਮ ਦੀ ਅਦਾਇਗੀ ਕਰੇਗੀ। 13 ਅਪ੍ਰੈਲ 2012 ਨੂੰ ਸੁਪਰੀਮ ਕੋਰਟ ਦੀ ਬੈਂਚ ਨੇ ਕਿਹਾ ਕਿ ਸਮਾਜ ਦੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਲਈ 25 ਫ਼ੀਸਦੀ ਰਾਖਵਾਂਕਰਨ ਲਾਗੂ ਹੋਵੇਗਾ। ਗੈਰ-ਸਹਾਇਤਾ ਪ੍ਰਾਪਤ ਪ੍ਰਾਈਵੇਟ ਘੱਟ ਗਿਣਤੀ ਸਕੂਲਾਂ ਅਤੇ ਬੋਰਡਿੰਗ ਸਕੂਲਾਂ ਨੂੰ ਛੱਡ ਕੇ ਸਾਰੇ ਸਰਕਾਰੀ ਅਤੇ ਗੈਰ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਲਈ ਇਕਸਾਰ ਹੈ। ਇਸ ਐਕਟ ਅਨੁਸਾਰ ਸੁਵਿਧਾ ਰਹਿਤ ਵਰਗ ਵਿੱਚ ਅਨੁਸੂਚਿਤ ਜਾਤੀ ਅਤੇ ਦੂਸਰੀਆਂ ਪਛੜੀਆਂ ਸ਼੍ਰੇਣੀਆਂ ਸ਼ਾਮਿਲ ਹੋਣਗੀਆਂ। ਹੋਰ ਪਛੜੀਆਂ ਸ਼੍ਰੇਣੀਆਂ ਦੇ ਪਰਿਵਾਰਾਂ ਦੇ ਬੱਚਿਆਂ ਲਈ ਕ੍ਰੀਮੀਲੇਅਰ ਦੀ ਸਰਕਾਰ ਵਲੋਂ ਨਿਰਧਾਰਤ ਸ਼ਰਤ ਲਾਗੂ ਹੋਵੇਗੀ। ਅਨੁਸੂਚਿਤ ਜਾਤੀ ਦੇ ਬੱਚਿਆਂ ਲਈ ਇਸ ਤਰ੍ਹਾਂ ਦੀ ਕੋਈ ਆਮਦਨ ਸੀਮਾ ਨਹੀਂ ਹੋਵੇਗੀ। ਸੁਵਿਧਾ ਰਹਿਤ ਵਰਗ ਅਤੇ ਕਮਜ਼ੋਰ ਵਰਗ ਲਈ ਕੁੱਲ ਸੀਟਾਂ ਦੇ 50:50 ਦੇ ਅਨੁਪਾਤ ਨਾਲ ਦਾਖਲ ਕੀਤੇ ਜਾਣਗੇ। ਜੰਗੀ ਵਿਧਵਾਵਾਂ ਅਤੇ ਅਪਾਹਿਜ ਮਾਂ ਪਿਓ ਦੇ ਬੱਚਿਆਂ ਲਈ ਆਪਣੇ-ਆਪਣੇ ਵਰਗਾਂ ਵਿੱਚ 2.5 ਪ੍ਰਤੀਸ਼ਤ ਸੀਟਾਂ ਰਾਖਵੀਆਂ ਹੋਣਗੀਆਂ। ਪ੍ਰਾਇਵੇਟ ਸਕੂਲਾਂ ਨੂੰ ਸੁਵਿਧਾ ਰਹਿਤ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਦੀ ਫੀਸ ਦੀ ਅਦਾਇਗੀ ਕੇਂਦਰ ਸਰਕਾਰ ਵੱਲੋਂ ਕੀਤੀ ਜਾਵੇਗੀ। ਇਹ ਐਕਟ ਲੱਗਭੱਗ ਸਾਰੇ ਪ੍ਰਾਂਤਾਂ ਵਿੱਚ ਲਾਗੂ ਕੀਤਾ ਗਿਆ ਪ੍ਰੰਤੂ ਪੰਜਾਬ ਵਿੱਚ ਹੁਣ ਤੱਕ ਸਰਕਾਰਾਂ ਇਸਨੂੰ ਪੂਰੀ ਤਰਾਂ ਲਾਗੂ ਕਰਨ ਵਿੱਚ ਅਸਫਲ ਹੀ ਰਹੀਆਂ ਹਨ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੇ ਨੋਟੀਫਿਕੇਸ਼ਨ ਨਵੰਬਰ 2010 ਰਾਹੀਂ ਪੰਜਾਬ ਦੇ ਰਾਜਪਾਲ ਨੇ ਪੱਤਰ ਨੰਬਰ 10/26/11-2 ਸਿੱਖਿਆ-7/474 ਰਾਹੀਂ ਬੱਚਿਆਂ ਦੇ ਮੁੱਫਤ ਅਤੇ ਲਾਜ਼ਮੀ ਸਿੱਖਿਆ ਅਧਿਕਾਰ ਐਕਟ 2009 ਦੇ ਉਪਬੰਧਾਂ ਅਧੀਨ ਸੋਧ ਦਿੱਤੀ ਹੈ ਕਿ ਆਰ.ਟੀ.ਈ. ਐਕਟ 2009 ਦੇ ਸ਼ਡਿਊਲ 16 ਅਧੀਨ ਕਿਸੇ ਵੀ ਬੱਚੇ ਨੂੰ ਜਿਸਨੇ ਸਕੂਲ ਵਿੱਚ ਦਾਖਲਾ ਲਿਆ ਹੋਇਆ ਹੈ ਉਸਨੂੰ ਮੁਢਲੀ ਸਿੱਖਿਆ ਪ੍ਰਾਪਤ ਹੋਣ ਤੱਕ ਕਿਸੇ ਵੀ ਜਮਾਤ ਵਿੱਚ ਰੋਕਿਆ ਨਹੀਂ ਜਾਵੇਗਾ ਅਤੇ ਨਾ ਹੀ ਉਸਨੂੰ ਸਕੂਲ ਵਿੱਚੋਂ ਕੱਢਿਆ ਜਾਵੇਗਾ। ਸਿੱਖਿਆ ਦੇ ਅਧਿਕਾਰ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਵਲੋਂ 18 ਨਵੰਬਰ 2010 ਨੂੰ ਨੋਟੀਫਿਕੇਸ਼ਨ ਜਾਰੀ ਕੀਤੀ ਗਈ ਹੈ। ਪੰਜਾਬ ਸਰਕਾਰ ਗਜ਼ਟ ਅਸਧਾਰਣ ਵਿੱਚ ਮਿਤੀ 12 ਅਕਤੂਬਰ 2011 ਨੂੰ ਪ੍ਰਕਾਸ਼ਿਤ ਹੋਣ ਤੋਂ ਬਾਦ ਇਹ ਪੰਜਾਬ ਵਿੱਚ ਲਾਗੂ ਕੀਤਾ ਗਿਆ ਹੈ। ਪੰਜਾਬ ਦੇ ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਨੇ ਸਾਰੇ ਜ਼ਿਲਿਆਂ ਦੇ ਸਿੱਖਿਆ ਅਫਸਰਾਂ ਨੂੰ ਪੱਤਰ ਲਿਖ ਕੇ ਸੂਚਿਤ ਕੀਤਾ ਹੈ ਕਿ ਆਮ ਲੋਕਾਂ ਵਿੱਚ ਬੱਚਿਆਂ ਦੇ ਲਾਜ਼ਮੀ ਅਤੇ ਮੁਫ਼ਤ ਸਿੱਖਿਆ ਅਧਿਕਾਰ ਐਕਟ 2009 ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਸਕੂਲ ਦੀਆਂ ਬਾਹਰਲੀਆਂ ਦੀਵਾਰਾਂ ਉਪਰ ਐਕਟ ਦੀਆਂ ਵਿਸ਼ੇਸ਼ਤਾਵਾਂ ਦਰਸਾਉਣ ਵਾਲੇ ਬੋਰਡ ਪੇਂਟ ਕਰਵਾਏ ਜਾਣ। ਪੰਜਾਬ ਦੇ ਸਕੂਲਾਂ ਨੂੰ ਇਸ ਕੰਮ ਲਈ ਕੁੱਲ 1 ਕਰੋੜ 37 ਲੱਖ 42 ਹਜ਼ਾਰ 400 ਰੁਪਏ ਭੇਜੇ ਗਏ ਸਨ ਅਤੇ ਇਸ ਪੱਤਰ ਅਨੁਸਾਰ ਇਸ ਐਕਟ ਦੀਆਂ ਵਿਸ਼ੇਸ਼ਤਾਵਾਂ ਦਰਸਾਉਣ ਵਾਲੇ ਬੋਰਡ 15 ਦਿਨਾਂ ਦੇ ਅੰਦਰ-ਅੰਦਰ ਸਾਰੇ ਸਕੂਲਾਂ ਵਿੱਚ ਪੇਂਟ ਕਰਵਾਏ ਜਾਣ ਅਤੇ ਰਿਪੋਰਟ ਮੁੱਖ ਦਫ਼ਤਰ ਨੂੰ ਭੇਜਣ ਲਈ ਕਿਹਾ ਗਿਆ ਸੀ। ਬੇਸ਼ੱਕ ਇਸ ਪੱਤਰ ਅਨੁਸਾਰ ਇਹ ਕੰਮ 31 ਦਸੰਬਰ 2011 ਤੱਕ ਮੁਕੰਮਲ ਕਰਨਾ ਸੀ ਪਰ ਬਹੁਤੇ ਸਕੂਲਾਂ




ਅਤੇ ਸਬੰਧਿਤ ਅਧਿਕਾਰੀਆਂ ਵਲੋਂ ਇਸ ਸਬੰਧੀ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਵਿਭਾਗ ਵਲੋਂ ਦੁਬਾਰਾ ਪੱਤਰ ਲਿਖਣ ਬਾਦ ਸਕੂਲਾਂ ਦੀਆਂ ਦਿਵਾਰਾਂ ਤੇ ਸਿਖਿਆ ਦੇ ਅਧਿਕਾਰ ਬਾਰੇ ਜਾਣਕਾਰੀ ਲਿਖੀ ਗਈ ਹੈ। ਇਸ ਐਕਟ ਅਨੁਸਾਰ 6 ਤੋਂ 14 ਸਾਲ ਤੱਕ ਦੇ ਹਰੇਕ ਬੱਚੇ ਨੂੰ ਆਪਣੀ ਉਮਰ ਅਨੁਸਾਰ ਕਲਾਸ ਵਿੱਚ ਦਾਖਲਾ ਲੈਣ ਦਾ ਅਧਿਕਾਰ ਹੈ, ਦਾਖਲੇ ਸਮੇਂ ਸਕਰੀਨਿੰਗ ਟੈਸਟ ਲੈਣ ਜਾਂ ਕੈਪੀਟੇਸ਼ਨ ਫੀਸ ਵਸੂਲ ਕਰਨ ਦੀ ਮਨਾਹੀ ਹੈ ਅਤੇ ਉਮਰ ਦਾ ਸਬੂਤ ਜਾਂ ਸਕੂਲ ਛੱਡਣ ਸਬੰਧੀ ਸਰਟੀਫਿਕੇਟ ਨਾ ਹੋਣ ਦੀ ਸੂਰਤ ਵਿੱਚ ਦਾਖਲੇ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ। ਬੱਚਿਆਂ ਨੂੰ ਜਿਸਮਾਨੀ ਸਜ਼ਾ ਜਾਂ ਮਾਨਸਿਕ ਤੌਰ ਤੇ ਕੋਈ ਪ੍ਰੇਸ਼ਾਨੀ ਦੇਣ ਦੀ ਮਨਾਹੀ ਹੈ। ਬੱਚੇ ਨੂੰ ਮੁੱਢਲੀ ਸਿੱਖਿਆ ਮੁਕੰਮਲ ਹੋਣ ਤੱਕ ਬੋਰਡ ਦੀ ਪ੍ਰੀਖਿਆ ਪਾਸ ਕਰਨ ਦੀ ਲੋੜ ਨਹੀਂ ਹੋਵੇਗੀ ਅਤੇ ਨਾ ਹੀ ਬੱਚੇ ਨੂੰ ਪਿਛਲੀ ਜਮਾਤ ਵਿੱਚ ਰੋਕਿਆ ਜਾਂ ਪੜ੍ਹਾਈ ਮੁਕੰਮਲ ਹੋਣ ਤੱਕ ਸਕੂਲ ਵਿੱਚੋਂ ਕੱਢਿਆ ਨਹੀਂ ਜਾਵੇਗਾ। ਕਿਸੇ ਵੀ ਅਧਿਆਪਕ ਨੂੰ ਪ੍ਰਾਈਵੇਟ ਟਿਊਸ਼ਨ ਕਰਨ ਦੀ ਮਨਾਹੀ ਹੋਵੇਗੀ। ਬੱਚਿਆਂ ਲਈ ਪਹਿਲੀ ਤੋਂ ਪੰਜਵੀ ਜਮਾਤ ਤੱਕ ਇੱਕ ਕਿਲੋਮੀਟਰ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਤਿੰਨ ਕਿਲੋਮੀਟਰ ਦੇ ਫ਼ਾਸਲੇ ਅੰਦਰ ਸਕੂਲ ਸਥਾਪਿਤ ਕੀਤੇ ਜਾਣਗੇ। ਹਰੇਕ ਵਿੱਦਿਅਕ ਸਾਲ ਦੌਰਾਨ ਪ੍ਰਾਇਮਰੀ ਸਕੂਲ ਘੱਟੋ-ਘੱਟ 200 ਦਿਨ ਅਤੇ ਅੱਪਰ ਪ੍ਰਾਇਮਰੀ ਸਕੂਲ 220 ਦਿਨ ਖੁੱਲੇ ਰਹਿਣਗੇ ਅਤੇ ਅਧਿਆਪਕਾਂ ਲਈ ਪਹਿਲੀ ਤੋਂ ਪੰਜਵੀਂ ਜਮਾਤ ਵਿੱਚ 800 ਘੰਟੇ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਲਈ 1000 ਘੰਟੇ ਪੜ੍ਹਾਉਣਾ ਲਾਜ਼ਮੀ ਹੋਵੇਗਾ। ਪ੍ਰਾਈਵੇਟ ਸਕੂਲਾਂ ਵਿੱਚ ਵੀ ਕਮਜ਼ੋਰ ਵਰਗ ਅਤੇ ਸੁਵਿਧਾ ਰਹਿਤ ਬੱਚਿਆਂ ਲਈ 25 ਫੀਸਦੀ ਸੀਟਾਂ ਰਾਖਵੀਆਂ ਹੋਣਗੀਆਂ। ਗੈਰ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਬਿਨਾਂ ਹੋਰ ਸਾਰੇ ਸਕੂਲਾਂ ਵੱਲੋਂ ਸਕੂਲ ਮੈਨੇਜਮੈਂਟ ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਵਿੱਚ ਤਿੰਨ ਚੋਥਾਈ ਮੈਂਬਰ ਬੱਚਿਆਂ ਦੇ ਮਾਪਿਆਂ ਜਾਂ ਸਰਪ੍ਰਸਤਾ ਵਿੱਚੋਂ ਲਏ ਜਾਣਗੇ। ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਕੂਲ ਵਿਕਾਸ ਯੋਜਨਾ ਤਿਆਰ ਕਰਨਗੇ, ਸਕੂਲ ਦੀ ਨਿਗਰਾਨੀ ਕਰਨਗੇ ਅਤੇ ਅਧਿਆਪਕਾਂ ਦੀ ਜਵਾਬਦੇਹੀ ਯਕੀਨੀ ਬਣਾਉਣਗੇ। ਦੱਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਿਟੀ ਪੰਜਾਬ ਨੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਤੇ ਸੀਨੀਅਰ ਸੈਕੰਡਰੀ ਨੂੰ ਪੱਤਰ ਨੰਬਰ ਐਸ.ਐਸ.ਏ/ਆਰ.ਟੀ.ਈ/2014/5104 ਮਿਤੀ 6.5.14 ਰਾਹੀਂ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਕਰਨ ਬਾਰੇ ਲਿਖਿਆ ਹੈ। ਇਸ ਪੱਤਰ ਵਿੱਚ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਬਿਨ੍ਹਾਂ ਹਰ ਇੱਕ ਸਕੂਲ ਲਈ ਸਕੂਲ ਮਨੇਜਮੈਂਟ ਕਮੇਟੀਆਂ ਦੇ ਗਠਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਅਤੇ ਇਹਨਾਂ ਕਮੇਟੀਆਂ ਦਾ ਕਾਰਜਕਾਲ 2 ਸਾਲ ਨਿਰਧਾਰਤ ਕੀਤਾ ਗਿਆ। ਸਕੂਲਾਂ ਵਿੱਚ ਗਠਿਤ ਕੀਤੀਆਂ ਜਾਣ ਵਾਲੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਵਿੱਚ ਇਕਸਾਰਤਾ ਰੱਖਣ ਲਈ ਇਹ ਹਦਾਇਤ ਕੀਤੀ ਕਿ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਇਸ ਤਰ੍ਹਾਂ ਕੀਤਾ ਜਾਵੇ ਜਿਸ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਦੀ ਕੁੱਲ ਗਿਣਤੀ 12 ਹੋਵੇਗੀ ਜਿਨ੍ਹਾਂ ਵਿੱਚ 9 ਮੈਂਬਰ ਭਾਵ 75ਗ ਸਕੂਲ ਦੇ ਬੱਚਿਆਂ ਦੇ ਮਾਪਿਆਂ ਜਾਂ ਸੁਰਪ੍ਰਸਤਾਂ ਵਿੱਚੋਂ ਲਏ ਜਾਣਗੇ ਜਿਨ੍ਹਾਂ ਵਿੱਚ ਘੱਟੋ ਘੱਟ 5 ਇਸਤਰੀਆਂ ਹੋਣਗੀਆਂ। ਇਹ ਵੀ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਡਿਸਐਡਵਾਂਟਜਿਡ ਗਰੁੱਪ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਦੇ ਮਾਪਿਆਂ ਨੂੰ ਅਨੁਪਾਤਿਕ ਨੁਮਾਇੰਦਗੀ ਦਿੱਤੀ ਜਾਵੇਗੀ। ਇੱਕ ਮੈਂਬਰ ਸਥਾਨਕ ਅਥਾਰਟੀ ਦੇ ਚੁਣੇ ਹੋਏ ਮੈਂਬਰਾਂ ਵਿੱਚੋਂ ਲਿਆ ਜਾਵੇਗਾ, ਇੱਕ ਮੈਂਬਰ ਅਧਿਆਪਕਾਂ ਵਿੱਚੋਂ ਲਿਆ ਜਾਵੇਗਾ, ਇੱਕ ਮੈਂਬਰ ਸਥਾਨਕ ਵਿੱਦਿਅਕ ਮਾਹਿਰਾਂ ਜਾਂ ਸਕੂਲ ਦੇ ਵਿਦਿਆਰਥੀਆਂ ਵਿੱਚੋਂ ਲਿਆ ਜਾਵੇਗਾ। ਸਕੂਲ ਦਾ ਹੈਡ ਟੀਚਰ ਜਾਂ ਜਿੱਥੇ ਸਕੂਲ ਦਾ ਹੈਡ ਟੀਚਰ ਨਹੀਂ ਹੈ ਉਥੇ ਸਕੂਲ ਦਾ ਸਭ ਤੋਂ ਸੀਨੀਅਰ ਟੀਚਰ ਅਹੁਦੇ ਵਜੋਂ ਮੈਂਬਰ ਹੋਵੇਗਾ ਪ੍ਰੰਤੂ ਉਸਨੂੰ ਵੋਟ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਸਕੂਲ ਮੈਨੇਜਮੈਂਟ ਕਮੇਟੀ ਗੈਰ ਸਰਕਾਰੀ ਮੈਂਬਰਾਂ ਵਿੱਚੋਂ 01 ਚੇਅਰਪਰਸਨ ਅਤੇ 01 ਵਾਇਸ ਚੇਅਰਪਰਸਨ ਦੀ ਚੋਣ ਕਰੇਗੀ। ਸਕੂਲ ਦਾ ਹੈਡ ਟੀਚਰ ਜਾਂ ਜਿੱਥੇ ਸਕੂਲ ਦਾ ਹੈਡ ਟੀਚਰ ਨਹੀਂ ਹੈ ਉਥੇ ਸਕੂਲ ਦਾ ਸਭ ਤੋਂ ਸੀਨੀਅਰ ਟੀਚਰ ਅਹੁਦੇ ਵਜੋਂ ਸਕੂਲ ਮੈਨੇਜਮੈਂਟ ਕਮੇਟੀ ਦਾ ਮੈਂਬਰ ਸਕੱਤਰ ਅਤੇ ਕਨਵੀਨਰ ਹੋਵੇਗਾ। ਸਕੂਲ ਮੈਨੇਜਮੈਂਟ ਕਮੇਟੀ ਦਾ ਗਠਨ ਕਰਦੇ ਸਮੇਂ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਕਮੇਟੀ ਦੇ ਕੁੱਲ ਮੈਂਬਰਾਂ ਵਿੱਚ ਇਸਤਰੀਆਂ ਦੀ ਨੁਮਾਇੰਦਗੀ 50 ਪ੍ਰਤੀਸ਼ਤ ਤੋਂ ਘੱਟ ਨਹੀਂ ਹੋਵੇਗੀ। ਇਸ ਐਕਟ ਅਨੁਸਾਰ ਗਰੀਬ ਅਤੇ ਕਮਜ਼ੋਰ ਵਰਗਾਂ ਦੇ ਬੱਚਿਆਂ ਨੂੰ ਦਾਖਲਾ ਨਾਂ ਦੇਣ ਵਾਲੇ ਪ੍ਰਾਈਵੇਟ ਸਕੂਲਾਂ ਖਿਲਾਫ ਜੁਰਮਾਨਾ ਕਰਨ ਦਾ ਸਰਕਾਰ ਨੂੰ ਅਧਿਕਾਰ ਦਿੱਤਾ ਗਿਆ ਹੈ। ਪੰਜਾਬ ਵਿੱਚ ਹੁਣ ਤੱਕ ਕਿਸੇ ਵੀ ਸਰਕਾਰ ਨੇ ਇਸ ਐਕਟ ਨੂੰ ਪੂਰੀ ਤਰਾਂ ਲਾਗੂ ਨਹੀਂ ਕੀਤਾ ਹੈ ਜਿਸ ਕਾਰਨ ਪ੍ਰਾਇਵੇਟ ਸਕੂਲਾਂ ਵਿੱਚ ਗਰੀਬ ਅਤੇ ਕਮਜੋਰ ਵਰਗਾਂ ਦੇ 25 ਫਿਸਦੀ ਬੱਚਿਆਂ ਨੂੰ ਦਾਖਲਾ ਨਹੀਂ ਮਿਲਿਆ ਹੈ। ਇਸ ਐਕਟ ਨੂੰ ਲਾਗੂ ਨਾਂ ਕਰਨ ਲਈ ਪ੍ਰਾਈਵੇਟ ਸਕੂਲ ਅਤੇ ਸਮੇਂ ਦੀਆਂ ਸਰਕਾਰਾਂ ਬਰਾਬਰ ਜਿੰਮੇਵਾਰ ਹਨ। ਪੰਜਾਬ ਵਿੱਚ ਲੱਗਭੱਗ 10 ਹਜ਼ਾਰ ਵੱਖ ਵੱਖ ਗੈਰ ਸਰਕਾਰੀ ਪ੍ਰਾਈਵੇਟ ਸਕੂਲ ਚੱਲ ਰਹੇ ਹਨ ਜਿਨ੍ਹਾਂ ਵਿੱਚ ਲੱਗਭੱਗ 25 ਲੱਖ ਵਿਦਿਆਰਥੀ ਪੜ੍ਹ ਰਹੇ ਹਨ ਅਤੇ ਇਨ੍ਹਾਂ ਵਿੱਚੋਂ ਬਹੁਤੇ ਵੱਖ ਵੱਖ ਰਾਜਨੀਤਿਕ ਦੱਲ ਦੇ ਆਗੂਆਂ ਦੇ ਅਪਣੇ ਰਿਸ਼ਤੇਦਾਰਾਂ ਦੇ ਹੀ ਸਕੂਲ ਹਨ। ਇਨ੍ਹਾਂ ਗੈਰ ਸਰਕਾਰੀ ਸਕੂਲਾਂ ਵਿੱਚ ਘੱਟ ਤੋਂ ਘੱਟ 06 ਲੱਖ ਵਿਦਿਆਰਥੀ ਗਰੀਬ ਅਤੇ ਕਮਜ਼ੋਰ ਵਰਗਾਂ ਦੇ ਹੋਣੇ ਚਾਹੀਦੇ ਹਨ ਪਰ ਸਰਕਾਰਾਂ ਦੀ ਨਲਾਇਕੀ ਕਾਰਨ ਪੰਜਾਬ ਦੇ ਕਿਸੇ ਵੀ ਪ੍ਰਾਈਵੇਟ ਸਕੂਲ ਵਿੱਚ ਇੱਕ ਵੀ ਅਜਿਹਾ ਵਿਦਿਆਰਥੀ ਦਾਖਲ ਨਹੀਂ ਹੋਇਆ ਹੈ। ਇਸ ਐਕਟ ਅਧੀਨ ਪ੍ਰਾਈਵੇਟ ਸਕੂਲਾਂ ਦੀ ਮਾਨਤਾ ਲਈ ਇਹ ਸ਼ਰਤ ਰੱਖ ਗਈ ਹੈ ਕਿ ਪ੍ਰਾਈਵੇਟ ਸਕੂਲਾਂ ਵਿੱਚ ਇਸ ਐਕਟ ਅਧੀਨ ਘੱਟੋ ਘੱਟ 25 ਫਿਸਦੀ ਗਰੀਬ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਨੂੰ ਦਾਖਲਾ ਦਿਤਾ ਜਾਵੇਗਾ ਅਤੇ ਹਰ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਇਹ ਸ਼ਰਤਾਂ ਲਾਗੂ ਕਰਵਾਉਣ ਦਾ ਅਧਿਕਾਰ ਦਿਤਾ ਗਿਆ ਹੈ ਪਰੰਤੂ ਪੰਜਾਬ ਵਿੱਚ ਇਹ ਸ਼ਰਤਾਂ ਵੀ ਕਾਗਜ਼ਾਂ ਵਿੱਚ ਹੀ ਰਹਿ ਗਈਆਂ ਹਨ। ਵੱਖ-ਵੱਖ ਸਮਾਜਿਕ ਸੰਗਠਨਾਂ ਵਲੋਂ ਇਸ ਐਕਟ ਨੂੰ ਲਾਗੂ ਕਰਵਾਉਣ ਲਈ ਕਈ ਵਾਰ ਅੰਦੋਲਨ ਕੀਤਾ ਗਿਆ ਹੈ ਅਤੇ ਸਰਕਾਰ ਦੇ ਕਈ ਅਦਾਰਿਆਂ ਬਾਲ ਆਯੋਗ, ਅਨੁਸੂਚਿਤ ਜਾਤਿ ਆਯੋਗ ਆਦਿ ਵਲੋਂ ਇਸ ਐਕਟ ਅਧੀਨ ਪ੍ਰਾਈਵੇਟ ਸਕੂਲਾਂ ਵਿੱਚ ਦਾਖਲੇ ਕਰਨ ਲਈ ਕਿਹਾ ਗਿਆ ਹੈ। ਇਸ ਸਬੰਧੀ ਕੈਗ ਨੇ ਅਪਣੀ 2016 ਦੀ ਰਿਪੋਰਟ ਜੋਕਿ ਵਿਧਾਨ ਸਭਾ ਵਿੱਚ ਵੀ ਪਾਸ ਕੀਤੀ ਗਈ ਹੈ ਵਿੱਚ ਵੀ ਸਾਫ ਲਿਖਿਆ ਹੈ ਪੰਜਾਬ ਵਿੱਚ ਇਸ ਐਕਟ ਅਧੀਨ ਪ੍ਰਾਈਵੇਟ ਸਕੂਲਾਂ ਵਿੱਚ ਦਾਖਲੇ ਨਹੀਂ ਕੀਤੇ ਗਏ ਹਨ। ਪੰਜਾਬ ਵਿੱਚ ਰਾਜ ਕਰ ਚੁੱਕੀਆਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੀਆਂ ਸਰਕਾਰਾਂ ਸਿੱਖਿਆ ਦੇ ਅਧਿਕਾਰ ਨੂੰ ਪੂਰੀ ਤਰਾਂ ਲਾਗੂ ਨਹੀਂ ਕਰਵਾ ਸਕੀਆਂ ਹਨ। ਆਮ ਆਦਮੀ ਪਾਰਟੀ ਵਲੋਂ ਪੰਜਾਬ ਲਈ ਅਪਣੇ ਚੋਣ ਮੈਨੀਫੈਸਟੋ ਵਿੱਚ ਸਿੱਖਿਆ ਨੂੰ ਮਹੱਤਵਪੂਰਨ ਮੰਨਦੇ ਹੋਏ ਸਿੱਖਿਆ ਵਿੱਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਦੇ ਵਾਅਦੇ ਕੀਤੇ ਗਏ ਹਨ ਪਰੰਤੂ ਸਰਕਾਰ ਬਣਨ ਤੋਂ ਬਾਦ ਅਜੇ ਤੱਕ ਇਸ ਐਕਟ ਅਧੀਨ ਪ੍ਰਾਇਵੇਟ ਸਕੂਲਾਂ ਵਿੱਚ ਹੋਣ ਵਾਲੇ ਦਾਖਲਿਆਂ ਸਬੰਧੀ ਕੋਈ ਠੋਸ ਕਦਮ ਨਹੀਂ ਚੁੱਕੇ ਗਏ ਹਨ। ਮੌਜੂਦਾ ਸਰਕਾਰ ਵਲੋਂ ਬੇਸ਼ੱਕ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਵਾਲਾ ਸਮਾਜ ਉਸਾਰਨ ਦੇ ਦਾਅਵੇ ਕੀਤੇ ਜਾ ਰਹੇ ਹਨ ਪਰੰਤੂ ਸਿੱਖਿਆ ਦਾ ਅਧਾਰ ਇਸ ਐਕਟ ਅਧੀਨ ਪ੍ਰਾਈਵੇਟ ਸਕੂਲਾਂ ਵਿੱਚ ਗਰੀਬ ਅਤੇ ਕਮਜੋਰ ਵਰਗਾਂ ਦੇ ਬੱਚਿਆਂ ਦੇ ਹੋਣ ਵਾਲੇ ਦਾਖਲਿਆਂ ਸਬੰਧੀ ਕੋਈ ਵੀ ਨੋਟੀਫਿਕੇਸਨ ਜਾਰੀ ਨਹੀਂ ਕੀਤੀ ਗਈ ਹੈ ਜਦਕਿ ਵੱਖ ਰਾਜਾਂ ਵਲੋਂ ਇਸ ਸਬੰਧੀ ਬਣਦੀ ਕਾਰਵਾਈ ਕੀਤੀ ਗਈ ਹੈ। ਇਸ ਐਕਟ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਕਰ ਰਹੇ ਸ਼ੋਸ਼ਲ ਵਰਕਰ ਉਂਕਾਰ ਨਾਥ ਰਿਟਾਇਰਡ ਡਿਪਟੀ ਕੰਪਟਰੋਲਰ ਆਡਿਟਰ ਜਨਰਲ ਭਾਰਤ ਅਤੇ ਕ੍ਰਿਪਾਲ ਸਿੰਘ ਪ੍ਰਧਾਨ ਅੰਬੇਡਕਰ ਭਲਾਈ ਮੰਚ ਨੇ ਦੱਸਿਆ ਕਿ ਉਹ ਇਸ ਐਕਟ ਅਧੀਨ ਗਰੀਬ ਅਤੇ ਕਮਜੋਰ ਵਰਗ ਦੇ ਬੱਚਿਆਂ ਦੇ ਪ੍ਰਾਈਵੇਟ ਸਕੂਲਾਂ ਵਿੱਚ ਹੋਣ ਵਾਲੇ 25 ਫਿਸਦੀ ਦਾਖਲੇ ਨੂੰ ਲੈਕੇ ਸੰਘਰਸ਼ ਕਰ ਰਹੇ ਹਨ ਪਰ ਹਰ ਸਰਕਾਰ ਆਨੇ ਬਹਾਨੇ ਇਨ੍ਹਾ ਦਾਖਲਿਆਂ ਨੂੰ ਰੋਕਣ ਲਈ ਪ੍ਰਾਈਵੇਟ ਸਕੂਲਾਂ ਦਾ ਸਾਥ ਦੇ ਰਹੀ ਹੈ ਜਿਸ ਕਾਰਨ ਅਜੇ ਤੱਕ ਪੰਜਾਬ ਵਿੱਚ ਇਸ ਐਕਟ ਅਧੀਨ ਪ੍ਰਾਇਵੇਟ ਸਕੂਲਾਂ ਵਿੱਚ ਗਰੀਬ ਅਤੇ ਕਮਜੋਰ ਵਰਗਾਂ ਦੇ ਬੱਚਿਆਂ ਨੂੰ ਬਣਦਾ ਹੱਕ ਨਹੀਂ ਮਿਲ ਸਕਿਆ ਹੈ। ਉਨ੍ਹਾਂ ਦੱਸਿਆ ਕਿ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ (ਕੈਗ) ਨੇ 2016 ਦੀ ਆਡਿਟ ਰਿਪੋਰਟ ਜੋ ਕਿ 2017 ਵਿੱਚ ਪੰਜਾਬ ਵਿਧਾਨ ਸਭਾ ਨੂੰ ਸੌਂਪੀ ਗਈ ਸੀ ਵਿੱਚ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਵਿੱਚ ਗਰੀਬ ਬੱਚਿਆਂ ਦੇ 25ਗ ਦਾਖਲੇ ਨੂੰ ਲਾਗੂ ਨਾ ਕੀਤੇ ਜਾਣ ਨੂੰ ਵੀ ਉਜਾਗਰ ਕੀਤਾ ਸੀ। ਉਨ੍ਹਾਂ ਕਿਹਾ ਕਿ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਵੀ 2018 ਵਿੱਚ ਪੰਜਾਬ ਆਰਟੀਈ ਨਿਯਮਾਂ ਦੇ ਗੈਰ-ਕਾਨੂੰਨੀ ਨਿਯਮ 7(4) ਨੂੰ ਵਾਪਸ ਲੈਣ ਲਈ ਨਿਰਦੇਸ਼ ਜਾਰੀ ਕੀਤੇ ਸਨ ਪਰ ਪੰਜਾਬ ਸਰਕਾਰ ਨੇ ਕੁਝ ਨਹੀਂ ਕੀਤਾ ਹੈ। ਦਿੱਲੀ ਦੀ ਆਪ ਸਰਕਾਰ ਸਮੇਤ ਹੋਰ ਸਾਰੇ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਆਰਟੀਈ ਐਕਟ ਦੇ ਇਸ ਪ੍ਰਬੰਧ ਨੂੰ ਲਾਗੂ ਕਰ ਰਹੇ ਹਨ ਪ੍ਰੰਤੂ ਪੰਜਾਬ ਵਿੱਚ ਅਜੇ ਤੱਕ ਇਸਨੂੰ ਲਾਗੂ ਨਹੀਂ ਕੀਤਾ ਗਿਆ ਹੈ। ਭਾਰਤੀ ਸੰਵਿਧਾਨ ਦਾ ਅਨੁਛੇਦ 254 ਇਹ ਵਿਵਸਥਾ ਕਰਦਾ ਹੈ ਕਿ ਇੱਕ ਹੀ ਵਿਸ਼ੇ ਤੇ ਕਿਸੇ ਕੇਂਦਰੀ ਅਤੇ ਰਾਜ ਦੇ ਕਾਨੂੰਨ ਵਿਚਕਾਰ ਟਕਰਾਅ ਦੀ ਸਥਿਤੀ ਵਿੱਚ ਕੇਂਦਰੀ ਕਾਨੂੰਨ ਦੇ ਉਪਬੰਧ ਲਾਗੂ ਹੋਣਗੇ। ਪੰਜਾਬ ਸਰਕਾਰ ਨੇ ਵੱਖ-ਵੱਖ ਅਥਾਰਟੀਆਂ ਤੋਂ ਮਿਲੇ ਨਿਰਦੇਸ਼ਾਂ ਦੇ ਬਾਵਜੂਦ ਪੰਜਾਬ ਆਰਟੀਈ ਨਿਯਮਾਂ 2011 ਵਿੱਚ ਸੋਧ ਨਹੀਂ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਐਕਟ ਨੂੰ ਲਾਗੂ ਕਰਵਾਉਣ ਲਈ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਕੇਸ ਦਾਇਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੱਤਾਧਾਰੀ ਪਾਰਟੀ ਦੇ ਨਾਲ ਨਾਲ ਵਿਰੋਧੀ ਧਿਰ, ਦਲਿਤ ਵਰਗ ਦੇ ਬੁੱਧੀਜੀਵੀ, ਅਧਿਕਾਰੀ, ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਆਗੂ ਵੀ ਸਰਕਾਰ ਦੀ ਇਸ ਲਾਪ੍ਰਵਾਹੀ ਨੂੰ ਅਣਦੇਖਾ ਕਰਕੇ ਸਮਾਜ ਨੂੰ ਧੋਖਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਅਧਿਕਾਰ ਨੂੰ ਲਾਗੂ ਕਰਵਾਉਣ ਲਈ ਕਨੂੰਨੀ ਲੜਾਈ ਦੇ ਨਾਲ ਹੀ ਸਮਾਜਿਕ ਤੌਰ ਤੇ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵਲੋਂ ਵੀ ਇਸ ਅਧਿਕਾਰ ਨੂੰ ਹੁਣ ਤੱਕ ਲਾਗੂ ਨਹੀਂ ਕੀਤਾ ਗਿਆ ਹੈ ਅਤੇ ਇਸ ਲਈ ਪੰਜਾਬ ਦੀ ਮੌਜੂਦਾ ਸਰਕਾਰ ਖਿਲਾਫ ਰੋਸ ਅੰਦੋਲਨ ਚਲਾਇਆ ਜਾ ਰਿਹਾ ਹੈ।


ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

## ਆਵਾਜ਼ ਤੇ ਅਫ਼ਸਰੀ ਅੰਦਾਜ਼ ਨਾਲ ਨਸ਼ੇ ਨੂੰ ਖ਼ਤਮ ਕਰਨ ਲਈ ਸਰਗਰਮ ਗਾਇਕ ਅਫ਼ਸਰ ਪੰਮਾ ਮੱਲ੍ਹੀ

ਪੰਜਾਬੀ ਗਾਇਕ ਵਜੋਂ ਪੰਮਾ ਮੱਲ੍ਹੀ ਦਾ ਨਾਮ ਪਿਛਲੇ ਪੰਦਰਾਂ ਸਾਲਾਂ ਤੋਂ ਚਰਚਿਤ ਹੈ ਤੇ ਖਾਸ ਗੱਲ ਇਹ ਹੈ ਕਿ ਇਸ ਸਮੇਂ ਓਹ ਮਨੋਰੰਜਕ ਦੋਗਾਣਾ ਗਾਇਕੀ ਦੇ ਨਾਲ ਨਾਲ ਸਮਾਜਿਕ ਗਾਇਕੀ ਦਾ ਸਤਿਕਾਰਤ ਨਾਮ ਬਣ ਚੁੱਕਾ ਹੈ। ਪੰਜਾਬ ਸਰਕਾਰ ਖੁਦ ਓਸ ਦੇ ਕਰੋਨਾ ਵੇਲੇ ਗਾਏ ਗੀਤ ਨੂੰ ਆਪਣੇ ਸੋਸ਼ਲ ਮੀਡੀਆ ਤੇ ਜਾਰੀ ਕਰ ਚੁੱਕੀ ਹੈ। ਜਿੱਥੇ ਓਹ ਨਾਮਵਰ ਗਾਇਕ ਹੈ ਓਥੇ ਓਹ ਪੰਜਾਬ ਪੁਲਿਸ ਦਾ ਇੰਸਪੈਕਟਰ ਵੀ ਹੈ ਤੇ ਇਸ ਵੇਲੇ ਓਸ ਦੀ ਗਾਇਕੀ ਦਾ ਮੰਤਵ ਨਸ਼ੇ ਦੇ ਕੋਹੜ ਵਿਰੁੱਧ ਲੋਕਾਂ ਨੂੰ ਆਪਣੇ ਗੀਤਾਂ ਨਾਲ ਜਾਗ੍ਰਿਤ ਕਰਨ ਦਾ ਹੈ ਜਦ ਕਿ ਮਾਹਿਲਪੁਰ ਥਾਣਾ ਦਾ ਮੁੱਖੀ ਬਣ ਪੰਮਾ ਮੱਲ੍ਹੀ ਕਾਨੂੰਨ ਨਾਲ ਨਸ਼ੇ ਵਿਰੁੱਧ ਕਾਰਵਾਈ ਤੇਜ਼ੀ ਨਾਲ ਕਰ ਕਿ ਦੋਹਰੇ ਫ਼ਰਜ਼ ਨਿਭਾ ਰਿਹਾ ਹੈ। ਓਸ ਦਾ ਪੂਰਾ ਨਾਮ ਬਲਜਿੰਦਰ ਸਿੰਘ ਪੰਮਾ ਮੱਲ੍ਹੀ ਹੈ ਤੇ ਓਹ ਸਰਹੱਦੀ ਜਿਲ੍ਹਾ ਗੁਰਦਾਸਪੁਰ ਨਾਲ ਸੰਬੰਧਿਤ ਹੈ। ਗੁਰਦਾਸਪੁਰ ਤੋਂ ਗਾਇਕੀ ਸਫ਼ਰ ਸ਼ੁਰੂ ਕਰਨ ਦੇ ਨਾਲ ਹੀ ਯੋਗਤਾ ਤੇ ਸਿਹਤ ਮੁਤਾਬਿਕ ਪੰਜਾਬ ਪੁਲਿਸ ਵਿੱਚ ਨੌਕਰੀ ਮਿਲੀ ਤੇ ਨਾਲ ਹੀ ਸ਼ੌਂਕ ਤੌਰ ਤੇ ਗਾਇਕੀ ਨੂੰ ਪ੍ਰਪੱਕ ਕਰਨ ਲਈ ਪੰਮਾ ਮੱਲ੍ਹੀ ਨੇ ਸੰਗੀਤ ਸਮਰਾਟ ਸੰਗੀਤਕਾਰ ਚਰਨਜੀਤ ਆਹੂਜਾ ਦੀ ਸੰਗਤ ਸ਼ੁਰੂ ਕੀਤੀ।ਨਾਲ ਹੀ ਨਾਮਵਰ ਗੀਤਕਾਰ ਸੱਤਾ ਕੋਟਲੀ ਵਾਲਾ ਦੇ ਸਾਥ ਨੇ ਪੰਮਾ ਮੱਲ੍ਹੀ ਨੂੰ ਇੱਕ ਸ਼ਾਨਦਾਰ ਸਫਲ ਗਾਇਕ ਬਣਾ ਦਿੱਤਾ ਤੇ ਸੱਭਿਆਚਾਰਕ ਮੇਲੇ ਤੇ ਹੋਰ ਐਵਾਰਡ ਸਮਾਗਮਾਂ ਵਿੱਚ ਓਸ ਦੀ ਬੀਟ ਗਾਇਕੀ ਤੇ ਬਿਰਹਾ ਰੰਗ ਨੇ ਓਸ ਨੂੰ ਲੋਕ ਪ੍ਰਿਅ ਗਾਇਕ ਬਣਾ ਦਿੱਤਾ। "ਗਲੀ ਵਿੱਚ ਗੇੜੇ ਮਾਰਦਾ" ਤੇ "ਗੇੜੀਆਂ" ਗੀਤਾਂ ਨਾਲ ਲੋਕ ਪ੍ਰਿਅ ਹੋਏ ਗਾਇਕ ਅਫ਼ਸਰ ਪੰਮਾ ਮੱਲ੍ਹੀ ਦਾ ਗਾਇਆ ਗੀਤ" ਬਿੱਲੋ ਰਾਣੀਏ " ਤੇ "ਪਵਾੜੇ" ਗੀਤ ਆਉਂਦੇ ਸਾਰ ਕਾਮਯਾਬ ਹੋਣ ਤੇ ਪੰਮਾ ਮੱਲ੍ਹੀ ਨੇ ਫ਼ਿਰ "ਰੌਣਕ" "ਨਾ ਸਉਣੁ ਦਿੰਦੀਆਂ ਯਾਦਾਂ ਤੇਰੀਆਂ" ਗੀਤਾਂ ਨਾਲ ਹਾਜ਼ਰੀ ਲੁਆਉਣ ਬਾਅਦ ਜਦ "ਮੋਰਨੀ" ਗੀਤ ਟੀਵੀ ਤੇ ਗਾਇਆ ਤਦ ਰਾਤੋ ਰਾਤ ਸਟਾਰ



ਗਾਇਕ ਬਣ ਜਾਣ ਦਾ ਇਤਿਹਾਸ ਵੀ ਬਣਾ ਲਿਆ। "ਗੋਰੇ ਚਿੱਟੇ ਰੰਗ" ਤੇ "ਗਦਾਰੀ" ਗੀਤਾਂ ਦੇ ਗਾਇਕ ਪੰਮਾ ਮੱਲ੍ਹੀ ਦੇ ਹੋਰ ਵੀ ਬਹੁਤ ਸਾਰੇ ਗਾਣੇ ਆਏ ਤੇ ਇੱਧਰ ਕਰੋਨਾ ਮਹਾਂਮਾਰੀ ਵੇਲੇ ਓਸ ਨੇ ਜਦ " ਕਰੋਨਾ ਵਾਇਰਸ" ਗੀਤ ਗਾਇਆ ਤਾਂ ਓਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਇਸ ਤੋਂ ਪ੍ਰਭਾਵਿਤ ਹੋਏ ਤੇ ਓਹਨਾਂ ਨੇ ਆਪਣੇ ਟਵਿੱਟਰ, ਫੇਸਬੁੱਕ ਤੇ ਆਪ ਇਹ ਗਾਣਾ ਪੋਸਟ ਸਮੇਤ ਸਾਂਝਾ ਕੀਤਾ। ਪੰਜਾਬ ਸਰਕਾਰ ਨੇ ਆਪਣੇ ਪੱਧਰ ਤੇ ਪੰਮਾ ਮੱਲ੍ਹੀ ਦੇ ਇਸ ਗਾਣੇ ਨੂੰ ਖ਼ੂਬ ਸਰਾਹਿਆ। ਨਾਲ ਹੀ ਗਾਇਕੀ ਦੇ ਸ਼ੌਂਕ ਤੇ ਨਾਲ ਹੀ ਇਮਾਨਦਾਰੀ ਨਾਲ ਸਰਕਾਰੀ ਪੁਲਿਸ ਸਰਵਿਸ ਕਰਦੇ ਪੰਮਾ ਮੱਲ੍ਹੀ ਨੇ ਗੁਰਲੇਜ ਅਖ਼ਤਰ, ਜੀ ਨੂਰ, ਮਾਹੀ, ਰੀਟਾ, ਸਰਬਜੀਤ ਨਾਲ ਦੋਗਾਣੇ ਗਾ ਕਿ ਇਹ ਅਹਿਸਾਸ ਦੇਣਾ ਜਾਰੀ ਰੱਖਿਆ ਕਿ ਦਿਲੀ ਸ਼ੌਂਕ ਵੀ ਕਾਇਮ ਏ ਤੇ "ਸਲੂਟ" ਦੋਗਾਣਾ ਬੇਹੱਦ ਸਫਲ ਹੋਣ ਬਾਅਦ "ਸਾਰਾ ਪਿੰਡ" ਦੋਗਾਣੇ ਪੰਮਾ ਮੱਲ੍ਹੀ ਦੀ ਗਾਇਕੀ ਸ਼ਾਨ ਬਣੇ ਹਨ।ਇਧਰ ਗੱਲ ਥਾਣਾ ਮੁੱਖੀ ਬਣ ਭਗਵੰਤ ਮਾਨ ਸਰਕਾਰ ਦਾ ਮਕਸਦ ਨਸ਼ਾ ਮੁਕਤ ਪੰਜਾਬ ਲਈ ਓਹ ਡੰਡੇ ਦਾ ਤੇ ਜਨ ਚੇਤਨਾ ਲਈ ਆਵਾਜ਼ ਦਾ ਸਹਾਰਾ ਲੈਣ ਵਾਲੇ ਗਾਇਕ ਅਫ਼ਸਰ ਪੰਮਾ ਮੱਲ੍ਹੀ ਦਾ ਜਿੱਥੇ ਹੁਣ ਵਿਸ਼ਾਲ ਪੱਧਰ ਤੇ ਨਵਾਂ ਗਾਣਾ "ਬੀ ਪੀ" ਆ ਰਿਹਾ ਹੈ ਓਥੇ ਨਸ਼ਿਆਂ ਤੇ ਖਾਸ ਗੀਤ " ਸੀ ਐਮ ਮਾਨ ਦਾ ਕਹਿਣਾ " ਆ ਰਿਹਾ ਹੈ। ਗਾਇਕ ਤੌਰ ਤੇ ਪੰਮਾ ਮੱਲ੍ਹੀ ਨੇ ਕਿਹਾ ਕਿ ਅੱਜ ਆਰ ਜੇ ਬੀਟ ਜਿਹੀ ਚੋਟੀ ਦੀ ਆਡੀਓ ਵੀਡੀਓ ਕੰਪਨੀ ਪੰਮਾ ਮੱਲ੍ਹੀ ਦੇ ਗਾਣੇ ਵਿਸ਼ਵ ਪੱਧਰ ਤੇ ਲਿਆ ਰਹੀ ਹੈ ਓਥੇ ਮਾਹਿਲਪੁਰ ਥਾਣਾ ਮੁੱਖੀ ਬਣ ਨਸ਼ੇ ਤੇ ਲਗਾਮ ਲਾ ਕਿ ਗਾਇਕ ਅਫਸਰ ਪੰਮਾ ਮੱਲ੍ਹੀ ਪੰਜਾਬੀ ਸੰਗੀਤ ਜਗਤ ਨੂੰ ਇਹੀ ਸੁਨੇਹਾ ਦੇਣਾ ਚਾਹੁੰਦਾ ਹੈ ਕਿ ਚੰਗੇ ਗੀਤਾਂ ਦੀ ਚੋਣ ਕਰੋ, ਸਾਫ ਸੁਥਰੀ ਤੇ ਸਮਾਜ ਹਿੱਤ ਗਾਇਕੀ ਸਮੇਂ ਦੀ ਲੋੜ ਹੈ। ਮਨਮੋਹਨ ਵਾਰਿਸ, ਜਸਬੀਰ ਜੱਸੀ ਲਖਵਿੰਦਰ ਵਡਾਲੀ ਜਿਹੇ ਗਾਇਕਾਂ ਨਾਲ ਸਟੇਜ ਸਾਂਝੀ ਕਰ ਚੁੱਕੇ ਪੰਮਾ ਮੱਲ੍ਹੀ ਜਿਹੇ ਗਾਇਕ ਮਨੋਰੰਜਨ ਦੇ ਨਾਲ ਨਾਲ ਸਮਾਜ ਨੂੰ ਸੇਧ ਭਰਪੂਰ ਗਾਇਕੀ ਵੱਲ ਪ੍ਰੇਰਿਤ ਕਰਦੇ ਹਨ ਤੇ ਸਰਕਾਰੀ ਅਫ਼ਸਰ ਬਣ ਇਮਾਨਦਾਰੀ ਡਿਊਟੀ ਨਾਲ ਸਮਾਜ ਵਿੱਚ ਬੁਰਾਈ ਦਾ ਖਾਤਮਾ ਕਰਨ ਵਿੱਚ ਸਹਾਈ ਹੁੰਦੇ ਹਨ।

"ਜਾ ਜਾ ਨੀ ਝੂਠੀਏ, ਝੂਠਾ ਤੇਰਾ ਪਿਆਰ ਨੀ" ਤੇ "ਮੋਰਨੀ" ਓਹ ਗੀਤ ਨੇ ਜਿਹਨਾਂ ਨੇ ਪੰਮਾ ਮੱਲ੍ਹੀ ਨੂੰ ਨਾਮਵਰ ਗਾਇਕ ਬਣਾਇਆ ਤੇ ਆ ਰਹੇ ਵਕਤ ਦੌਰਾਨ ਚਾਹਤ ਕਿਸੇ ਫ਼ਿਲਮ ਲਈ ਪਲੇ ਬੈਕ ਦੇਣ ਦੀ ਹੈ ਕਯੋਂ ਕਿ ਇਹ ਵੀ ਸਹੀ ਤੱਥ ਏ ਕਿ ਨੌਕਰੀ ਵਿੱਚ ਚਾਹੇ ਕੋਈ ਐਸ ਐਸ ਪੀ ਜਾਂ ਡੀ ਸੀ ਬਣ ਜਾਏ ਪਰ ਗਾਇਕੀ ਵਿੱਚ ਬਾਲੀਵੁੱਡ, ਪਾਲੀਵੁੱਡ ਫ਼ਿਲਮ ਲਈ ਗਾਉਣਾ ਤੇ ਪਰਦੇ ਤੇ ਆਉਣਾ ਓਸ ਨੂੰ ਅਫ਼ਸਰੀ ਦੀਆਂ ਫੀਤੀਆਂ ਤੋਂ ਕਿਤੇ ਪਿਆਰਾ ਲੱਗੇਗਾ।" ਹੋਸ਼ਿਆਰਪੁਰ ਦੇ ਆਈ ਪੀ ਐਸ ਐਸ ਐਸ ਪੀ ਸ਼੍ਰੀ ਸੁਰਿੰਦਰ ਲਾਂਬਾ, ਡਿਪਟੀ ਸਪੀਕਰ ਵਿਧਾਨ ਸਭਾ ਪੰਜਾਬ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਜ਼ਿਲ੍ਹੇ ਪੱਧਰੀ ਸਮਾਰੋਹ ਵਿੱਚ ਜਦ ਕਿਹਾ ਕਿ ਕਾਨੂੰਨ ਤੇ ਕਲਾਕਾਰੀ ਦੋਨੋਂ ਤਰੀਕਿਆਂ ਨਾਲ ਨਸ਼ਾ ਮੁਕਤ ਪੰਜਾਬ ਦੀ ਗਾਇਕ ਪੰਮਾ ਮੱਲ੍ਹੀ ਦੀ ਮੁਹਿੰਮ ਸਦਾ ਯਾਦ ਰਹੇਗੀ।

## ਸੰਸਦ ਮੈਂਬਰ ਤੇ ਪ੍ਰਸਿੱਧ ਗਾਇਕ ਮੁਹੰਮਦ ਸਦੀਕ ਕਰਨਗੇ ਨਵੀਂ ਫ਼ਿਲਮ



ਬਹੁਤ ਸਾਰੀਆਂ ਫ਼ਿਲਮਾਂ ਬਣਦੀਆਂ ਹਨ ਪਰ ਜਦ ਪੂਰਾ ਕਾਗਜੀ ਕੰਮ ਕਰ ਕਿ ਬਕਾਇਦਾ ਕਲਾਕਾਰ ਨੂੰ ਕਹਾਣੀ ਤੇ ਓਸ ਦਾ ਕਿਰਦਾਰ ਦੱਸ ਕਿ ਸ਼ੁਰੂਆਤ ਹੋਏ ਤਾਂ ਕੰਮ ਆਪ ਹੀ ਚੋਟੀ ਦਾ ਹੁੰਦਾ ਹੈ। ਬਲਜਿੰਦਰ ਸਿੱਧੂ ਫ਼ਿਲਮ ਨਿਰਦੇਸ਼ਕ ਹਨ ਤੇ "ਅੱਜ ਦੇ ਲਫੰਗੇ " ਓਹਨਾਂ ਦੀ ਆ ਰਹੀ ਫ਼ਿਲਮ ਹੈ ਨੇ ਆਪਣੀ ਨਵੀਂ ਫਿਲਮ ਲਈ ਲੋਕ ਸਭਾ ਮੈਂਬਰ ਤੇ ਗਾਇਕ ਮੋਹੰਮਦ ਸਦੀਕ ਨੂੰ ਓਹਨਾਂ ਦਾ ਕਿਰਦਾਰ ਤੇ ਕਹਾਣੀ ਬੀਤੇ ਦਿਨੀਂ ਹੋਟਲ ਪਾਰਕ ਪਲਾਜ਼ਾ ਲੁਧਿਆਣਾ ਵਿਖੇ ਸੁਣਾਈ। ਇਸ ਮੌਕੇ ਤੇ ਸਤਵਿੰਦਰ ਸਿੰਘ ਮਠਾੜੂ ਤੇ ਪ੍ਰਦੀਪ ਜੋਗੀ ਹਾਜ਼ਿਰ ਸਨ। ਮੁਹੰਮਦ ਸਦੀਕ ਹੋਰਾਂ ਨੇ ਕਿਹਾ ਕਿ ਬਲਜਿੰਦਰ ਸਿੱਧੂ ਨੇ ਬਹੁਤ ਵਧੀਆ ਕਹਾਣੀ ਬਣਾਈ ਹੈ ਤੇ ਓਹਨਾਂ ਦਾ ਕਿਰਦਾਰ ਵੀ ਸ਼ਾਨਦਾਰ ਹੈ। ਬਲਜਿੰਦਰ ਸਿੱਧੂ ਅਨੁਸਾਰ ਓਹ ਖੁਸ਼ ਨੇ ਕਿ ਓਹ ਸਦੀਕ ਸਾਬ ਜਿਹੇ ਮੰਝੇ ਹੋਏ ਕਲਾਕਾਰ, ਇਨਸਾਨ ਤੇ ਸਮਾਜ ਸੇਵਕ ਨਾਲ ਕੰਮ ਕਰ ਰਹੇ ਹਨ। ਬਲਜਿੰਦਰ ਸਿੱਧੂ ਨੇ ਬਾਲੀਵੁੱਡ ਵਿੱਚ ਵੀ ਕਾਫ਼ੀ ਕੰਮ ਕੀਤਾ ਹੈ ਤੇ ਦੁਬਈ ਵਿਖੇ ਓਹਨਾਂ ਨੂੰ ਫਿਲਮ ਐਵਾਰਡ ਵੀ ਮਿਲਿਆ ਹੈ। ਬਲਜਿੰਦਰ ਸਿੱਧੂ ਨੂੰ ਸਦੀਕ ਸਾਬ ਨੇ ਵਿਸ਼ਵਾਸ ਦਿਵਾਇਆ ਕਿ ਉਹ ਆਪਣੇ ਕੀਮਤੀ ਵਕਤ ਵਿੱਚੋ ਬਲਜਿੰਦਰ ਸਿੱਧੂ ਦੀ ਫਿਲਮ ਲਈ ਸਮਾਂ ਜਰੂਰ ਦੇਣਗੇ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com

www.ambedkartimes.com

## ਨਵਾ ਗਾਣਾ ਹੋਏਗਾ "ਲੋਕ ਤੱਥ" ਨੀਰਜ ਸ਼ਰਮਾ ਲਿਆ ਰਹੇ ਨੇ ਤੇ ਆਵਾਜ਼ ਦੀ ਮਲਿਕਾ ਹੈ ਸੀਮਾ ਅਨਜਾਣ



ਰੋਮਾਂਟਿਕ ਆਵਾਜ਼ ਦੀ ਮਲਿਕਾ ਸੀਮਾ ਅਨਜਾਣ ਆਪਣੀ ਸੀਮਾ ਵਿੱਚ ਰਹਿੰਦੀ ਦੁਨੀਆਂ ਭਰ ਦੀਆਂ ਸੀਮਾ ਰੇਖਾ ਦੇ ਬਾਹਰ ਵਸਦੇ ਪੰਜਾਬੀਆਂ ਲਈ ਲੋਕ ਤੱਥ ਲਿਆ ਰਹੀ ਹੈ। ਇਹ ਲੋਕ ਗੀਤ ਵਰਗਾ ਟਰੈਕ ਵਿਸ਼ਵ ਪੱਧਰ ਤੇ ਵਿਸ਼ਾਲ ਪੱਧਰ ਨਾਲ ਰਲੀਜ਼ ਕਰਨ ਦੀ ਯੋਜਨਾ ਨੀਰਜ ਸ਼ਰਮਾ ਨੇ ਬਣਾਈ ਹੈ।

ਨੀਰਜ ਜਿਸ ਨੂੰ ਸੀਮਾ ਅਨਜਾਣ ਦੀ ਗਾਇਕੀ ਕਾਮਯਾਬੀ ਦਾ ਪਲੱਸ ਪੁਆਇੰਟ ਆਖ ਕਿ ਸੱਦਿਆ ਜਾਂਦਾ ਹੈ ਨੇ ਵੀਡਿਓ ਇਸ ਵਾਰ ਆਲਾ ਮਿਆਰੀ ਤੇ ਵੱਖਰਾ ਬਣਾਇਆ ਹੈ।ਨੀਰਜ ਦੀ ਕਥਨੀ ਅਨੁਸਾਰ ਸੀਮਾ ਇੱਕ ਵਾਰ ਫਿਰ "ਗਾਜਰ" ਵਾਲੇ ਦਿਨ ਯਾਦ ਕਰਵਾ ਦੇਵੇਗੀ।ਨਰਾਇਣ ਸ਼ਰਮਾ ਤੋ ਕਈ ਸੰਗੀਤ ਟਿਪਸ ਲੈਣ ਵਾਲੀ ਸੀਮਾ ਦੇ ਹੁਣੇ ਜਿਹੇ ਤਿੰਨ ਧਾਰਮਿਕ ਗੀਤ ਸਫਲ ਹੋਏ ਹਨ।ਲੋਕਾਂ ਨੂੰ ਲੋਕ ਗੱਲਾਂ ਤੋਂ ਜਾਣੂ ਕਰਵਾਉਣ ਦਾ ਇਹ ਵਕਤ ਏ ਤੇ ਸੀਮਾ ਅਨਜਾਣ ਇਸ ਵਕਤ ਨੂੰ ਭੁਨਾ ਰਹੀ ਹੈ।ਸੀਮਾ ਅਨਜਾਣ ਇਸ ਵੇਲੇ ਧਾਰਮਿਕ ਗਾਇਕੀ ਵਿੱਚ ਨੰਬਰ ਇੱਕ ਗਾਇਕਾ ਹੈ ਤੇ ਜਾਗਰਣ ਐਕਸਪਰਟ ਗਾਇਕਾ ਓਸ ਨੂੰ ਕਿਹਾ ਜਾਂਦਾ ਹੈ। ਉਮੀਦ ਹੈ ਕਿ ਇੱਕ ਵਾਰ ਫਿਰ ਸੀਮਾ ਅਨਜਾਣ ਚੋਟੀ ਦੀ ਗਾਇਕਾ ਬਣ ਦਰਸ਼ਕਾਂ ਤੇ ਸਰੋਤਿਆਂ ਦਾ ਬੇਸ਼ੁਮਾਰ ਪਿਆਰ ਹਾਸਿਲ ਕਰੇਗੀ। ਸੀਮਾ ਅਨਜਾਣ ਪੰਜਾਬੀ ਔਰਤ ਗਾਇਕੀ ਦਾ ਮਾਣ ਹੈ ਇਸ ਵਿੱਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ।

ਬਾਕੀ ਨੀਰਜ ਸ਼ਰਮਾ ਦੀ ਟਰੈਕ ਰਲੀਜ਼ ਕਰਵਾਉਣ ਤੇ ਕਰਨ ਦੀ ਕਾਰਵਾਈ ਹਮੇਸ਼ਾ ਸਫ਼ਲ ਰਹਿੰਦੀਂ ਹੈ। ਹਾਲਾਂ ਕਿ ਸੀਮਾ ਅਨਜਾਣ ਨੇ ਸ਼ਿਕਵਾ ਕੀਤਾ ਕਿ ਸਰੋਤੇ ਚੰਗੇ ਗੀਤਾਂ ਦੀ ਕਦਰ ਘੱਟ ਕਰਦੇ ਹਨ ਤੇ ਓਹਨਾਂ ਦਾ ਸਵਾਦ ਓਹੀ ਛੇੜਖਾਨੀ ਸੱਭਿਆਚਾਰ ਵੱਲ ਹੈ ਪਰ ਲੋਕ ਤੱਥ ਗਾ ਕਿ ਓਹ ਸਰੋਤਿਆਂ ਦਾ ਸਵਾਦ ਬਦਲ ਦੇਵੇਗੀ।

– ਅੰਮ੍ਰਿਤ ਪਵਾਰ

## ਮਾਡਲ ਅਭਿਨੇਤਰੀ ਹੁਣ ਬਣ ਗਈ ਵੀਡਿਓ ਨਿਰਦੇਸ਼ਕਾ ਆਇਆ ਟਰੈਕ ਨਜ਼ਰਾਂ ਨੇ



ਗਾਇਕ ਹਰਜਿੰਦਰ ਮਣੀ ਦਾ ਗਾਣਾ "ਨਜ਼ਰਾਂ ਨੇ" ਐਕਟ੍ਰੈਸ ਮਾਡਲ ਸੰਦੀਪ ਮਲ੍ਹੀ ਨੂੰ ਵੀਡਿਓ ਨਿਰਦੇਸ਼ਕ ਬਣਾ ਦਿੱਤਾ ਹੈ।ਇਸ ਗਾਣੇ ਨੂੰ ਪਾਲ ਨੇ ਲਿਖਿਆ ਤੇ ਸੰਗੀਤ ਜੈ ਦੇਵ ਕੁਮਾਰ ਨੇ ਦਿੱਤਾ ਹੈ। ਸੰਦੀਪ ਮੱਲ੍ਹੀ ਇਸ ਤੋਂ ਪਹਿਲਾਂ 300 ਦੇ ਕਰੀਬ ਵੀਡਿਓ ਐਲਬਮ ਗਾਣੇ ਕੀਤੇ ਹਨ ਮਾਡਲ ਬਣ ਤੇ ਫਿਰ ਬਹੁਤ ਸਾਰੀਆਂ ਫ਼ਿਲਮਾਂ ਲਈ ਅਭਿਨੈ ਕੀਤਾ ਹੈ। ਗੱਲ ਵੀਡਿਓ ਨਿਰਦੇਸ਼ਕ ਵੱਜੋਂ ਗੀਤ "ਨਜ਼ਰਾਂ ਵੈ" ਦੀ ਤਾਂ ਸਮੀਰ ਸ਼ੇਖ ਨੇ ਇਸ ਦੀ ਸੰਪਾਦਨਾ ਕੀਤੀ ਹੈ। ਇਸ਼ਨ ਮਲਹੋਤਰਾ ਦੀ ਟੀਮ ਨੇ ਗਾਣੇ ਦੇ ਕਲਾਕਾਰਾਂ ਦੀ ਰੂਪ ਸਜਾ ਕੀਤੀ ਹੈ।ਸੰਦੀਪ ਅਨੁਸਾਰ ਮਾਡਲਿੰਗ ਦਾ ਅਲੱਗ ਤੇ ਨਿਰਦੇਸ਼ਕ ਦਾ ਵੱਖਰਾ ਕੰਮ ਹੁੰਦਾ ਹੈ ਤੇ ਹੁਣ ਮੱਲ੍ਹੀ ਦਾ ਨਿਰਦੇਸ਼ਨ ਕੰਮ ਸ਼ੁਰੂ ਹੋਇਆ ਏ ਤੇ ਭਵਿੱਖ ਵਿਚ ਓਹ ਫ਼ਿਲਮ ਨਿਰਦੇਸ਼ਨ ਵੱਲ ਵੀ ਜਾ ਸਕਦੀ ਹੈ ਤੇ ਸੰਦੀਪ ਦੀ ਇਸ ਦੌਰਾਨ ਨਵੀਂ ਫ਼ਿਲਮ "ਰੰਗਲਾ ਪੰਜਾਬ" ਵੀ ਆਪਣੀ ਥਾਂ ਤੇ ਵਧੀਆ ਬਣੀ ਹੈ। ਸੰਦੀਪ ਨੇ ਕਿਹਾ ਕਿ ਦੂਰਦਰਸ਼ਨ ਤੋ ਸ਼ੁਰੂ ਸਫ਼ਰ ਨਿਰਦੇਸ਼ਨ ਤੱਕ ਪਹੁੰਚ ਗਿਆ ਹੈ ਤੇ ਆਸ ਹੈ ਕਿ "ਨਜ਼ਰ ਵੈ" ਗਾਣਾ ਕਾਮਯਾਬ ਰਹੇਗਾ। ਸੰਦੀਪ ਮੱਲ੍ਹੀ ਨੇ ਆਪਣੇ ਸਮੇਂ ਕੇ ਐਸ ਮੱਖਣ ਤੇ ਹਰਜੀਤ ਹਰਮਨ ਦੇ ਗੀਤਾਂ ਦੀ ਮਾਡਲ ਬਣ ਚੰਗਾ ਨਾਮ ਕਮਾਇਆ ਤੇ ਬਾਅਦ ਵਿੱਚ ਮੁੰਬਈ ਜਾ ਕਿ ਫ਼ਿਲਮ ਖੇਤਰ ਤੇ ਟੀਵੀ ਤੇ ਸੰਘਰਸ਼ ਕੀਤਾ। ਮੰਨਤ ਸਿੰਘ ਨੇ ਸੰਦੀਪ ਦਾ ਕਾਫੀ ਸਾਥ ਦਿੱਤਾ।ਆਮਦ ਨਿਰਦੇਸ਼ਨ ਵਿੱਚ ਕਿਵੇਂ ਰਹਿੰਦੀ ਸੰਦੀਪ ਦੀ ਇਹ ਦੇਖਣਾ ਹੁਣ ਬਾਕੀ ਹੈ।

– ਅੰਮ੍ਰਿਤ ਪਵਾਰ

# ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਾਂ ਇਕ ਖੁੱਲ੍ਹੀ ਚਿੱਠੀ

**ਸਤਿਕਾਰਯੋਗ ਮੁੱਖ ਮੰਤਰੀ ਜੀਓ,**
**ਸਤ ਸ੍ਰੀ ਅਕਾਲ ਪ੍ਰਵਾਨ ਕਰਨੀ।**

ਮੈਂ ਇਕ ਸਮਾਜਿਕ ਕਾਰਕੁੰਨ ਦੇ ਨਾਤੇ ਆਪ ਜੀ ਦਾ ਧਿਆਨ ਹੇਠ ਲਿਖੇ ਅਨੁਸਾਰ ਇਕ ਖਾਸ ਵਿਸ਼ੇ ਵੱਲ ਦਿਵਾਉਣਾ ਚਾਹੁੰਦਾ ਹਾਂ ਜੋ ਕਿ ਗਰੀਬ ਬੱਚਿਆਂ ਦੀ ਵਿਦਿਆ ਨਾਲ ਸਬੰਧਤ ਹੈ:-

1. ਕਿਉਂਕਿ, ਤੁਸੀਂ ਇਸ ਵਿਸ਼ੇ ਨਾਲ ਸਬੰਧਤ ਕਿਸੇ ਵੀ ਚਿੱਠੀ ਜਾਂ ਕਿਸੇ ਮੀਡੀਆ ਯਾਦ ਪੱਤਰ ਦਾ ਜਵਾਬ ਨਹੀਂ ਦੇ ਰਹੇ ਅਤੇ ਨਾ ਹੀ ਕਿਸੇ ਡੈਪੂਟੇਸ਼ਨ ਨੂੰ ਮਿਲਣ ਦਾ ਸਮਾਂ ਦੇ ਰਹੇ ਹੋ, ਇਸ ਲਈ ਖੁੱਲ੍ਹੀ ਚਿੱਠੀ ਲਿਖਣ ਦੀ ਮਜਬੂਰੀ ਬਣ ਗਈ ਸੀ।

2. ਕਿਉਂਕਿ, ਤੁਸੀਂ ਪਿਛਲੀਆਂ ਰਾਜਨੀਤਿਕ ਪਾਰਟੀਆਂ ਦੀ ਸਤਾਈ ਤੇ ਲੁੱਟੀ ਆਮ ਜਨਤਾ (ਆਮ ਆਦਮੀ) ਦੇ ਵੱਡੇ ਸਮਰਥਨ ਨਾਲ ਉਹਨਾਂ ਦੇ ਮਸੀਹਾ ਬਣਨ ਵਜੋਂ ਵਾਗਡੋਰ ਸੰਭਾਲੀ ਹੈ ਤਾਂ ਉਹਨਾਂ ਦੇ ਦੁੱਖ ਤੇ ਮਸਲੇ ਸੁਣਨੇ ਜ਼ਰੂਰੀ ਹਨ।

3. ਕਿਉਂਕਿ, ਤੁਸੀਂ ਆਮ ਜਨਤਾ ਨਾਲ ਕੀਤੇ ਵਾਅਦਿਆਂ ਅਨੁਸਾਰ ਸਾਫ ਸੁਥਰੇ ਰਾਜ ਪ੍ਰਬੰਧ ਰਾਹੀਂ ਆਮ ਜਨਤਾ ਦੇ ਸਾਹਮਣੇ ਪਹਿਲੀਆਂ ਰਾਜਨੀਤਿਕ ਪਾਰਟੀਆਂ ਦੇ ਘਪਲੇ ਉਜਾਗਰ ਕਰ ਰਹੇ ਹੋ ਤਾਂ ਇਹ ਵੀ ਕਿਸੇ ਘਪਲੇ ਤੋਂ ਘੱਟ ਨਹੀਂ।

4. ਕਿਉਂਕਿ, ਤੁਸੀਂ ਦਰ ਕਿਨਾਰ ਕੀਤੇ ਗਰੀਬਾਂ ਨੂੰ ਇਨਸਾਫ ਤੇ ਖੁਸ਼ਹਾਲੀ ਪ੍ਰਦਾਨ ਕਰਨ ਅਤੇ ਰੰਗਲਾ ਪੰਜਾਬ ਬਣਾਉਣ ਲਈ ਸ. ਭਗਤ ਸਿੰਘ ਅਤੇ ਬਾਬਾ ਸਾਹਿਬ ਦੇ ਪੂਰਨਿਆਂ 'ਤੇ ਚੱਲਣ ਲਈ ਉਹਨਾਂ ਦੀਆਂ ਤਸਵੀਰਾਂ ਨੂੰ ਪੰਜਾਬ ਸਰਕਾਰ ਦੇ ਦਫ਼ਤਰਾਂ ਦਾ ਸ਼ਿੰਗਾਰ ਬਣਾਇਆ ਹੈ, ਇਸ ਲਈ ਲਿਖ ਰਿਹਾ ਹਾਂ।

5. ਕਿਉਂਕਿ, ਤੁਸੀਂ ਵਿਦਿਆ ਸਮੇਤ ਹਰ ਖੇਤਰ ਵਿਚ ਉਚੇਚਾ ਧਿਆਨ ਦਿੰਦੇ ਹੋਏ ਨਵੀਆਂ ਪੁਲਾਂਘਾਂ ਪੁੱਟੀਆਂ ਹਨ ਪਰ ਹਾਲੇ ਹੋਰ ਲੋੜੀਂਦੀਆਂ ਹਨ। ਇਸ ਲਈ ਇਸ ਵਿਦਿਆ ਖੇਤਰ ਦੀ ਹੀ ਇਕ ਵੱਡੀ ਗੈਰ-ਕਾਨੂੰਨੀ ਤਰੁੱਟੀ, ਜੋ ਗਰੀਬਾਂ ਨਾਲ ਲਗਭਗ ਡੇਢ ਦਹਾਕੇ ਤੋਂ ਵੱਡੀ ਬੇਇਨਸਾਫ਼ੀ ਬਣ ਉਭਰੀ ਹੈ, ਉਸ ਵੱਲ ਉਚੇਚਾ ਧਿਆਨ ਦਿਵਾਵਾਂਗਾ।

ਮੁੱਖ ਮੰਤਰੀ ਸਾਹਿਬ ਆਪ ਦੇ ਧਿਆਨ ਵਿਚ ਹੋਵੇਗਾ ਹੀ ਕਿ ਵਿਦਿਆ ਦਾ ਅਧਿਕਾਰ 2002 ਤੋਂ ਬੁਨਿਆਦੀ ਅਧਿਕਾਰ (21-ਏ) ਬਣਾਇਆ ਜਾ ਚੁੱਕਿਆ ਹੈ। ਕੇਂਦਰ ਸਰਕਾਰ ਨੇ 2009 ਵਿਚ ਵਿਦਿਆ ਅਧਿਕਾਰ ਕਾਨੂੰਨ (ਆਰ. ਟੀ. ਈ. 2009) ਪਾਸ ਕੀਤਾ ਸੀ ਜੋ ਸਾਰੇ ਦੇਸ਼ ਵਿਚ 1.4.2010 ਤੋਂ ਲਾਗੂ ਹੋ ਗਿਆ ਹੈ, ਜਿਸ ਅਨੁਸਾਰ ਪ੍ਰੀ ਨਰਸਰੀ ਤੋਂ ਅੱਠਵੀਂ ਤੱਕ ਦੇ ਸਾਰੇ ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਵਿੱਦਿਆ ਪ੍ਰਦਾਨ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਐਕਟ ਦੀ ਧਾਰਾ 12(1) (ਸੀ) ਅਨੁਸਾਰ ਗੈਰ-ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਨੂੰ ਗਰੀਬ ਅਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਘੱਟੋ ਘੱਟ 25 ਫੀਸਦੀ ਬੱਚਿਆਂ ਨੂੰ ਦਾਖਲਾ ਦੇਣਾ ਜ਼ਰੂਰੀ ਹੈ। ਉਸ ਵੇਲੇ ਦੀ ਅਕਾਲੀ ਸਰਕਾਰ ਵੱਲੋਂ ਇਹ ਐਕਟ ਲਾਗੂ ਕਰਨ ਲਈ 'ਆਰ. ਟੀ. ਈ. ਰੂਲਜ਼-2011' ਬਣਾਏ, ਜਿਹਨਾਂ ਵਿਚ ਰੂਲ 7(4) ਅਜਿਹਾ ਪਾ ਦਿੱਤਾ ਗਿਆ ਜੋ ਸਾਰੇ ਐਕਟ ਨੂੰ ਬਰਬਾਦ ਕਰਨ ਦਾ ਕਾਰਨ ਬਣ ਗਿਆ। ਇਸ ਨਿਯਮ ਅਨੁਸਾਰ ਦਾਖਲਾ ਚਾਹੁਣ ਵਾਲੇ ਗਰੀਬ ਤੇ ਕਮਜ਼ੋਰ ਵਰਗ ਦੇ ਬੱਚਿਆਂ ਲਈ ਇਹ ਲਾਜ਼ਮੀ ਕਰ ਦਿੱਤਾ ਗਿਆ ਕਿ ਉਹ ਪਹਿਲਾਂ ਸਰਕਾਰੀ ਸਕੂਲ ਤੋਂ ਐਨ. ਓ. ਸੀ. (ਇਤਰਾਜ਼ਹੀਣਤਾ ਸਰਟੀਫਿਕੇਟ) ਲੈ ਕੇ ਆਉਣ, ਫਿਰ ਹੀ ਗੈਰ-ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਵਿਚ ਦਾਖਲਾ ਲੈ ਸਕਦੇ ਹਨ। ਨਤੀਜੇ ਵਜੋਂ ਇਕ ਵੀ ਬੱਚਾ ਦਾਖਲਾ ਨਹੀਂ ਲੈ ਸਕਿਆ ਤੇ ਜਿਸ ਮਕਸਦ ਲਈ ਇਹ ਐਕਟ ਬਣਾਇਆ ਗਿਆ ਸੀ, ਉਹ ਮਕਸਦ ਹੀ ਫੇਲ੍ਹ ਹੋ ਗਿਆ। ਇਹ ਕਿਤੇ ਸਰਕਾਰਾਂ ਦੀ ਮਿਲੀਭੁਗਤ ਤਾਂ ਨਹੀਂ? ਜੋ ਹਰ ਪਾਰਟੀ ਦੀ ਸਰਕਾਰ ਇਸ ਤੋਂ ਕਿਨਾਰਾ ਕਰਦੀ ਰਹੀ ਹੈ?

ਮੁੱਖ ਮੰਤਰੀ ਸਾਹਿਬ, ਇਸ ਤਰੱਕੀ ਵੱਲ ਭਾਰਤ ਦੇ ਸੀ. ਏ. ਜੀ. (ਕੈਗ) ਵੱਲੋਂ ਆਪਣੀ 2016 ਦੀ ਆਡਿਟ ਰਿਪੋਰਟ, ਜੋ ਕਿ 2017 ਵਿਚ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੀ ਗਈ ਸੀ, ਵਿਚ ਇਸ ਤੱਥ ਨੂੰ ਪੂਰੀ ਤਰ੍ਹਾਂ ਉਜਾਗਰ ਕੀਤਾ ਗਿਆ ਪਰ ਸਰਕਾਰ ਵੱਲੋਂ ਅਣਡਿੱਠ ਕਰ ਦਿੱਤਾ ਗਿਆ।

ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਰਾਹੀਂ ਨਾਭਾ ਦੇ ਦਇਆਨੰਦ ਪਬਲਿਕ ਸਕੂਲ ਵਿਚ ਇਸ ਕੈਟਾਗਿਰੀ ਅਧੀਨ ਇਕ ਬੱਚੇ ਨੂੰ ਨਿੱਜੀ ਤੌਰ 'ਤੇ ਦਾਖਲਾ ਮਿਲ ਚੁੱਕਿਆ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਪੰਜਾਬ ਸਰਕਾਰ ਦੇ ਆਰ. ਟੀ. ਈ. ਰੂਲਜ਼-2011 ਦਾ ਨਿਯਮ 7 (4) ਗੈਰ ਕਾਨੂੰਨੀ ਹੈ।

ਆਪ ਦੇ ਧਿਆਨ ਵਿਚ ਇਹ ਵੀ ਲਿਆਂਦਾ ਜਾਂਦਾ ਹੈ ਕਿ ਕੌਮੀ ਸ਼ਡਿਊਲਡ ਕਾਸਟ ਕਮਿਸ਼ਨ (ਐਨ. ਸੀ. ਐਸ. ਸੀ.) ਵੀ 2018 ਵਿਚ 7 (4) ਨਿਯਮ ਨੂੰ ਵਾਪਸ ਲੈਣ ਲਈ ਪੰਜਾਬ ਸਰਕਾਰ ਨੂੰ ਨਿਰਦੇਸ਼ ਦੇ ਚੁੱਕਿਆ ਹੈ ਪਰ ਪੰਜਾਬ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

ਇੱਥੇ ਇਹ ਵਰਣਨ ਕਰਨਾ ਵੀ ਜ਼ਰੂਰੀ ਹੈ ਕਿ ਭਾਰਤੀ ਸੰਸਦ ਦੁਆਰਾ ਪਾਸ ਕੀਤੇ ਗਏ ਕਾਨੂੰਨ ਸੰਵਿਧਾਨ ਦੇ ਅਨੁਛੇਦ 254 ਰਾਹੀਂ ਰਾਜ ਸਰਕਾਰਾਂ ਲਾਗੂ ਕਰਨ ਲਈ ਪਾਬੰਦ ਹਨ। ਕਿਸੇ ਕੇਂਦਰੀ ਕਾਨੂੰਨ ਨੂੰ ਰਾਜ ਸਰਕਾਰਾਂ ਆਪਣੇ ਨਿਯਮ ਬਣਾ ਕੇ ਉਸਨੂੰ ਬਰਬਾਦ ਨਹੀਂ ਕਰ ਸਕਦੀਆਂ।

ਮੁੱਖ ਮੰਤਰੀ ਸਾਹਿਬ, ਆਪ ਦੀ ਸਰਕਾਰ ਬਣਨ ਦੇ ਮੁੱਢ ਤੋਂ ਲੈ ਕੇ ਹੀ ਇਹਨਾਂ ਉਪਰੋਕਤ ਸਾਰੇ ਨੁਕਤਿਆਂ ਵੱਲ ਧਿਆਨ ਦਿਵਾਇਆ ਜਾਂਦਾ ਰਿਹਾ ਹੈ। ਪੰਜਾਬ ਦੇ ਇਕ ਸਮਾਜਿਕ ਅਦਾਰੇ (ਐਫ. ਡਬਲਿਊ. ਐਸ.) 'ਫੋਰਮ ਫਾਰ ਵੀਕਰ ਸੈਕਸ਼ਨ' ਵੱਲੋਂ ਆਪ ਨੂੰ ਵਾਰ-ਵਾਰ ਚਿੱਠੀਆਂ ਲਿਖੀਆਂ ਗਈਆਂ ਅਤੇ ਮਿਲਣ ਦਾ ਸਮਾਂ ਵੀ ਮੰਗਿਆ ਗਿਆ। ਪਰ ਮਸਲੇ ਦਾ ਹੱਲ ਤਾਂ ਕੀ ਕਰਨਾ ਸੀ ਆਪ ਵੱਲੋਂ ਮਿਲਣ ਦਾ ਸਮਾਂ ਤੱਕ ਵੀ ਨਹੀਂ ਦਿੱਤਾ ਗਿਆ। ਪਿਛਲੀ ਸਰਕਾਰ ਵੇਲੇ ਜਦੋਂ ਹੁਣ ਵਾਲੇ ਤੁਹਾਡੀ ਸਰਕਾਰ ਦੇ ਵਿੱਤ ਮੰਤਰੀ ਵਿਰੋਧੀ ਨੇਤਾ ਸਨ ਤਾਂ ਉਹਨਾਂ ਨੇ ਇਕ ਡੈਪੂਟੇਸ਼ਨ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਜਦੋਂ ਉਹਨਾਂ ਦੀ ਪਾਰਟੀ ਪਾਵਰ ਵਿਚ ਆ ਗਈ ਤਾਂ ਇਸਦਾ ਹੱਲ ਤੁਰੰਤ ਕਰਵਾਇਆ ਜਾਵੇਗਾ। ਪਾਵਰ ਵਿਚ ਆਉਣ ਤੋਂ ਬਾਅਦ ਉਹਨਾਂ ਨੂੰ ਹੁਣ ਯਾਦ ਵੀ ਕਰਵਾਇਆ ਗਿਆ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ।

ਸਤਿਕਾਰਯੋਗ ਮੁੱਖ ਮੰਤਰੀ ਜੀ ਇਹ ਬੜੀ ਗੰਭੀਰ ਸਥਿਤੀ ਬਣਦੀ ਜਾ ਰਹੀ ਹੈ। ਹੁਣ ਤੱਕ ਲਗਭਗ 10 ਲੱਖ ਗਰੀਬ ਬੱਚੇ ਮਿਆਰੀ ਵਿਦਿਆ ਲੈਣ ਤੋਂ ਵਾਂਝੇ ਹੋ ਗਏ ਹਨ। ਜੇ ਤੁਸੀਂ ਵੀ ਉਹਨਾਂ ਨੂੰ ਇਨਸਾਫ ਨਾ ਦਿੱਤਾ ਤਾਂ ਇਹ ਨੁਕਸਾਨ ਅੱਗੋਂ ਵੀ ਜਾਰੀ ਰਹੇਗਾ। ਇਹ ਗਰੀਬ ਬੱਚਿਆਂ ਦੀ ਸਿੱਧੀ ਸਿੱਧੀ ''ਬੌਧਿਕ ਨਸਲਕੁਸ਼ੀ'' ਹੋ ਰਹੀ ਹੈ। ਇਸਦਾ ਸਮਾਜ ਵਿਚ ਵੀ ਗਲਤ ਪ੍ਰਭਾਵ ਜਾ ਰਿਹਾ ਹੈ; ਜਿਸ ਨਾਲ ਕਈ ਸ਼ੰਕੇ ਪੈਦਾ ਹੁੰਦੇ ਜਾ ਰਹੇ ਹਨ, ਜਿਵੇਂ ਕਿ;

1. ਪਹਿਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਤੰਗ ਆ ਕੇ ਜਨਤਾ ਨੇ ਜੋ ਨਵੀਂ (ਆਪ) ਸਰਕਾਰ ਬਣਾਈ ਸੀ ਕੀ ਗਰੀਬਾਂ ਪ੍ਰਤੀ ਇਹ ਵੀ ਉਹਨਾਂ ਵਰਗੀ ਹੀ ਹੁੰਦੀ ਜਾ ਰਹੀ ਹੈ?

2. ਕੀ ਪ੍ਰਾਈਵੇਟ ਸਕੂਲਾਂ ਦੀ ਲਾਬੀ ਇੰਨੀ ਤਾਕਤਵਰ ਹੈ ਕਿ ਉਹ ਕਿਸੇ ਵੀ ਸਰਕਾਰ ਨੂੰ ਆਪਣੇ ਵੱਲ ਝਾਕਣ ਤੱਕ ਨਹੀਂ ਦਿੰਦੀ?

3. ਕੀ ਸ. ਭਗਤ ਸਿੰਘ ਅਤੇ ਬਾਬਾ ਸਾਹਿਬ ਅੰਬੇਡਕਰ ਜੋ ਦੋਵੇਂ ਹੀ ਗਰੀਬਾਂ ਦੇ ਪੱਖੀ ਰਹੇ ਹਨ, ਉਹਨਾਂ ਦੀਆਂ ਤਸਵੀਰਾਂ ਦਫ਼ਤਰਾਂ ਵਿਚ ਲਾਉਣਾ ਨਿਰਾ ਦਿਖਾਵਾ ਨਹੀਂ ਬਣਦਾ ਜਾ ਰਿਹਾ?

4. ਇਸ ਮਸਲੇ 'ਤੇ ਜਿਵੇਂ ਬਾਦਲ ਅਕਾਲੀ ਦਲ ਸਰਕਾਰ ਬਿਨਾਂ ਹੱਲ ਲੱਭਿਆਂ 10 ਸਾਲ ਕੱਢ ਗਈ ਅਤੇ ਕਾਂਗਰਸ ਸਰਕਾਰ 5 ਸਾਲ ਕੱਢ ਗਈ ਤਾਂ ਕੀ ਵਰਤਮਾਨ ਸਰਕਾਰ ਵੀ ਇਸੇ ਰਾਹ ਚਲਦਿਆਂ ਸਮਾਂ ਕੱਢਣਾ ਤਾਂ ਨਹੀਂ ਚਾਹੁੰਦੀ?

5. ਜਿਵੇਂ ਅਕਾਲੀ ਸਰਕਾਰ ਵੱਲੋਂ ਕਾਂਗਰਸ ਵਿਰੋਧੀ ਪਾਰਟੀ ਵਜੋਂ ਆਖਦੀ ਸੀ ਕਿ ਸਾਨੂੰ ਪਾਵਰ ਵਿਚ ਆ ਲੈਣ ਦਿਓ, ਅਸੀਂ ਪਹਿਲਤਾ ਦੇ ਆਧਾਰ 'ਤੇ ਇਸਦਾ ਹੱਲ ਕਰਾਂਗੇ ਪਰ ਪਾਵਰ ਵਿਚ ਆਉਣ ਤੇ ਉਹਨਾਂ ਕੁਝ ਨਹੀਂ ਕੀਤਾ। ਕਾਂਗਰਸ ਸਰਕਾਰ ਵੇਲੇ ਆਮ ਆਦਮੀ ਪਾਰਟੀ ਦੇ ਵਿਰੋਧੀ ਨੇਤਾ ਨੇ ਵਿਸ਼ਵਾਸ ਦਿਵਾਇਆ ਸੀ ਕਿ ਉਹਨਾਂ ਨੂੰ ਪਾਵਰ ਵਿਚ ਆ ਲੈਣ ਦਿਓ, ਉਹ ਜ਼ਰੂਰ ਜਲਦੀ ਤੋਂ ਜਲਦੀ ਇਸਦਾ ਹੱਲ ਕੱਢਣਗੇ। ਹੁਣ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣ ਗਈ ਹੈ ਤਾਂ ਕੀ ਇਹ ਇਸ ਚੱਲ ਰਹੀ ਚੇਨ ਨੂੰ ਤੋੜੇਗੀ ਜਾਂ ਭਾਜਪਾ/ਬਸਪਾ ਨੂੰ ਅੱਗੋਂ ਅਜਿਹਾ ਆਖਣ ਦਾ ਮੌਕਾ ਦੇਵੇਗੀ? ਭਾਜਪਾ ਨੇ ਤਾਂ ਸ਼ੁਰੂਆਤ ਕਰ ਵੀ ਦਿੱਤਾ ਹੈ। ਉਹਨਾਂ ਦਾ ਆਖਣਾ ਹੈ ਕਿ ਜੇ ਅਸੀਂ ਇਹ ਐਕਟ ਪੰਜਾਬ ਦੀ ਰਾਜਧਾਨੀ ਵਿਚ ਲਾਗੂ ਕਰ ਸਕਦੇ ਹਾਂ ਤਾਂ ਪੰਜਾਬ ਵਿਚ ਕਿਉਂ ਨਹੀਂ ਕਰ ਸਕਦੇ? ਬਹੁਜਨ ਸਮਾਜ ਪਾਰਟੀ ਦਾ ਇਕੋ ਇਕ ਐਮ. ਐਲ. ਏ. ਵੀ ਇਸ ਸਬੰਧੀ ਅਸੈਂਬਲੀ ਵਿਚ ਪ੍ਰਸ਼ਨ ਪੁੱਛਣ ਲਈ ਵਾਰ-ਵਾਰ ਕੋਸ਼ਿਸ਼ ਵਿਚ ਹੈ।

6. ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਸ਼ਾਇਦ ਮਾਨ ਸਰਕਾਰ ਸੋਚਦੀ ਹੋਵੇਗੀ ਕਿ ਉਹ ਸਰਕਾਰੀ ਸਕੂਲਾਂ ਦੀ ਵਿੱਦਿਆ ਦਾ ਮਿਆਰ ਉੱਚਾ ਚੁੱਕ ਰਹੀ ਹੈ, ਜਿਸ ਕਰਕੇ ਗਰੀਬਾਂ ਦੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿਚ ਦਾਖ਼ਲੇ ਦੀ ਲੋੜ ਹੀ ਨਹੀਂ ਰਹੇਗੀ। ਮਾਨ ਸਾਹਿਬ, ਇਹ ਠੀਕ ਹੈ ਕਿ ਤੁਸੀਂ ਵਿੱਦਿਆ ਵੱਲ ਧਿਆਨ ਦੇ ਰਹੇ ਹੋ ਤੇ ਆਸ ਕਰਦੇ ਹਾਂ ਕਿ ਸਰਕਾਰੀ ਸਕੂਲਾਂ ਵਿਚ ਵੀ ਮਿਆਰੀ ਵਿਦਿਆ ਮਿਲੇ। ਪਰ ਇਸਦਾ ਪੈਮਾਨਾ ਇਹ ਹੈ ਕਿ ਜਿਸ ਦਿਨ ਮੰਤਰੀ, ਐਮ. ਐਲ. ਏ., ਅਫਸਰ, ਟੀਚਰ ਸਭ ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਾਉਣੇ ਸ਼ੁਰੂ ਕਰ ਦੇਣਗੇ ਅਤੇ ਇਸਦੇ ਨਤੀਜੇ ਵਜੋਂ ਪ੍ਰਾਈਵੇਟ ਸਕੂਲਾਂ ਵਿਚ ਗਿਣਤੀ ਘਟਣੀ ਸ਼ੁਰੂ ਹੋ ਜਾਵੇਗੀ ਤਾਂ ਉਸ ਸਥਿਤੀ ਵਿਚ ਇਸ ਰਾਖਵਾਂਕਰਨ ਦੀ ਲੋੜ ਨਹੀਂ ਰਹੇਗੀ। ਪਰ ਹਾਲੇ ਤਾਂ ਪ੍ਰਾਈਵੇਟ ਸਕੂਲ ਤੁਹਾਡੇ ਰਾਜ ਵਿਚ ਵੀ ਖੂਬ ਫਲ ਫੁੱਲ ਰਹੇ ਹਨ।

7. ਪੰਜਾਬ ਦੇ ਮੁੱਖ ਮੰਤਰੀ ਤੋਂ ਇਲਾਵਾ ਲੋਕੀ ਆਮ ਆਦਮੀ ਪਾਰਟੀ ਦੇ ਕੌਮੀ ਮੁਖੀ ਅਰਵਿੰਦ ਕੇਜਰੀਵਾਲ ਨੂੰ ਵੀ ਇਹ ਸਵਾਲ ਪੁੱਛਣਾ ਚਾਹੁੰਦੇ ਹਨ ਕਿ ਇਕੋ ਪਾਰਟੀ ਦਾ ਰਾਜ ਪੰਜਾਬ ਅਤੇ ਦਿੱਲੀ ਵਿਚ ਹੁੰਦਿਆਂ ਇਹ ਐਕਟ ਦਿੱਲੀ ਵਿਚ ਲਾਗੂ ਹੋ ਸਕਦਾ ਹੈ ਤਾਂ ਪੰਜਾਬ ਵਿਚ ਕਿਉਂ ਨਹੀਂ? ਇਕ ਤੌੜੀ ਵਿਚ ਦੋ ਪੇਟ?



**ਫਤਿਹਜੰਗ ਸਿੰਘ**
**ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ**
**91-98726-70278**

8. ਆਪ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਤੁਹਾਡੇ ਤੋਂ ਪਹਿਲੀਆਂ ਸਰਕਾਰਾਂ ਨੇ ਕੇਂਦਰੀ ਅਥਾਰਟੀਆਂ ਕੋਲ ਇਹ ਵੀ ਬਹਾਨਾ ਲਾਇਆ ਸੀ ਕਿ ਇਸ ਐਕਟ ਨੂੰ ਹੂਬਹੂ ਲਾਗੂ ਕਰਨ 'ਤੇ ਸਰਕਾਰ ਦਾ 1500 ਕਰੋੜ ਸਾਲਾਨਾ ਦਾ ਵਾਧੂ ਬੋਝ ਪਵੇਗਾ, ਜਿਸਨੂੰ ਸਹਿਣ ਕਰਨਾ ਸਰਕਾਰ ਦੇ ਵੱਸ ਵਿਚ ਨਹੀਂ। ਪਰ ਇਹ ਸਹੀ ਨਹੀਂ ਹੈ। ਸਰਕਾਰ ਨੇ ਸਿਰਫ਼ ਗੈਰ-ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਨੂੰ ਜੋ ਖਰਚਾ ਵਾਪਸ (ਰੀਇੰਬਰਸਮੈਂਟ) ਕਰਨਾ ਹੈ, ਉਹ ਕੇਂਦਰ ਸਰਕਾਰ ਤੇ ਸੂਬਾ ਸਰਕਾਰ ਨੇ 60:40 ਦੀ ਅਨੁਪਾਤ ਵਿਚ ਵੰਡਣਾ ਹੈ। ਆਪਨੂੰ ਇਹ ਵੀ ਦੱਸਣਾ ਬਣਦਾ ਹੈ ਕਿ ਇੰਨਾ ਕੁ ਹਿੱਸਾ ਵੀ ਜੇ ਦੇਣਾ ਪਿਆ ਤਾਂ ਉਸ ਲਈ ਵੱਖਰੇ ਬਜਟ ਦੀ ਲੋੜ ਨਹੀਂ ਉਹ ਪਹਿਲਾਂ ਹੀ 'ਸਮੱਗਰ ਸਿੱਖਿਆ ਅਭਿਆਨ' ਵਿਚੋਂ ਦੇਣਾ ਹੈ ਤੇ ਇਸਦਾ ਬਜਟ ਪਹਿਲਾਂ ਹੀ ਮਨਜ਼ੂਰ ਕੀਤਾ ਹੋਇਆ ਹੁੰਦਾ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਜੋ ਪੈਸਾ ਰੀਇੰਬਰਸ (ਵਾਪਸ) ਕਰਨਾ ਉਹ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਪ੍ਰਤੀ ਬੱਚੇ ਦੇ ਖਰਚੇ ਦੇ ਹਿਸਾਬ ਨਾਲ ਕਰਨਾ ਹੈ। ਮਾਨ ਸਾਹਿਬ, ਥੋੜ੍ਹਾ ਹਮਦਰਦੀ ਨਾਲ ਸੋਚਣਾ, ਸਰਕਾਰ ਹੋਰ ਵੀ ਤਾਂ ਮੁਫ਼ਤ ਦੀਆਂ ਕਿੰਨੀਆਂ ਸਕੀਮਾਂ ਤੇ ਹਜ਼ਾਰਾਂ ਕਰੋੜ ਖਰਚ ਕਰ ਰਹੀ ਹੈ। ਚਲੋ ਜੇ ਸਰਕਾਰੀ ਅਫਸਰਾਂ ਦੇ ਅਨੁਮਾਨਾਂ ਨੂੰ ਸਹੀ ਮੰਨ ਵੀ ਲਈਏ ਤਾਂ ਗਰੀਬਾਂ ਦੀ ਮਿਆਰੀ ਪੜ੍ਹਾਈ ਲਈ ਖਰਚੀ ਇਹ ਰਕਮ (1500 ਕਰੋੜ) ਫਜ਼ੂਲ ਨਹੀਂ ਹੋਵੇਗੀ।

ਅੰਤ ਵਿਚ ਮੈਂ ਆਪ ਜੀ ਨੂੰ ਪੁਰਜ਼ੋਰ ਬੇਨਤੀ ਕਰਦਾ ਹਾਂ ਕਿ ਪੰਜਾਬ ਸਰਕਾਰ ਦੀ ਨਿਯਮਾਂਵਲੀ-2011 ਦਾ ਨਿਯਮ 7 (4) ਗੈਰ ਕਾਨੂੰਨੀ ਅਤੇ ਸਮਾਜ ਵਿਰੋਧੀ ਸਾਬਤ ਹੁੰਦਾ ਹੈ (ਮਾਣਯੋਗ ਹਾਈਕੋਰਟ ਅਤੇ ਸਰਕਾਰੀ ਸੰਸਥਾਵਾਂ ਦੇ ਹੁਕਮਾਂ/ਫੈਸਲਿਆਂ ਅਨੁਸਾਰ), ਇਸ ਲਈ ਇਸਨੂੰ ਕਿਰਪਾ ਕਰਕੇ ਤੁਰੰਤ ਹੱਲ ਕਰਨ ਦੀ ਖੇਚਲ ਕੀਤੀ ਜਾਵੇ ਤਾਂ ਜੋ ਆਉਣ ਵਾਲੇ ਮਾਰਚ-2024 ਦੇ ਮਹੀਨੇ ਸਕੂਲਾਂ ਦੇ ਦਾਖ਼ਲਿਆਂ ਵਿਚ, ਫਿਰ ਗਰੀਬਾਂ ਨਾਲ ਅੱਗੋਂ ਹੋਰ ਹੋਣ ਵਾਲੀ ਬੇਇਨਸਾਫ਼ੀ ਨੂੰ ਰੋਕਿਆ ਜਾ ਸਕੇ। ਪੰਜਾਬ ਦੇ ਗਰੀਬ ਲੋਕ (ਬਿਨਾਂ ਜਾਤੀ, ਧਰਮ) ਆਪਦੇ ਅਹਿਸਾਨਮੰਦ ਰਹਿਣਗੇ।

**ਇਨਸਾਫ ਦੀ ਉਡੀਕ ਵਿਚ,**
**ਆਪਦਾ ਸ਼ੁਭਚਿੰਤਕ**

**ਫਤਿਹਜੰਗ ਸਿੰਘ**
**98726-70278**

## ਮੈਡੀਕਲ ਪ੍ਰੈਕਟੀਸ਼ਨਰਜ ਐਸ਼ੋਸੀਏਸ਼ਨ ਪੰਜਾਬ ਦੇ ਬਲਾਕ ਬਹਿਰਾਮ ਦੀ ਮਹੀਨਾਵਾਰ ਮੀਟਿੰਗ ਹੋਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋ ਪੰਜਾਬ ਰਜਿ. 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕ ਬਹਿਰਾਮ ਦੀ ਮਹੀਨਾਵਾਰ ਮੀਟਿੰਗ



ਬਲਾਕ ਚੇਅਰਮੈਨ ਡਾ ਸਰਬਜੀਤ ਸਿੰਘ ਦੀ ਪ੍ਰਧਾਨਗੀ ਵਿੱਚ ਬਹਿਰਾਮ ਵਿਖੇ ਹੋਈ। ਉਨ੍ਹਾਂ ਕਿਹਾ ਕਿ ਮੀਟਿੰਗ ਹੋਲਾ ਮੁਹੱਲਾ ਅਤੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪ੍ਰੈਕਟੀਸ਼ਨਰਾ ਨੂੰ ਲਾਰੇ ਲਗਾ ਰਹੀ ਹੈ ਮਸਲੇ ਨੂੰ ਹੱਲ ਨਹੀਂ ਕਰ ਰਹੀ। ਇਸ ਕਰਕੇ ਸਰਕਾਰ ਖ਼ਿਲਾਫ਼ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਇਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਡਾ. ਬਲਾਕਰ ਕਟਾਰੀਆ ਨੇ ਕਿਹਾ ਕਿ ਸਾਰੇ ਮੈਂਬਰ ਰੈਗੂਲਰ ਹੋ ਜਾਣ ਅਤੇ ਜੋ ਸਰਕਾਰ ਖ਼ਿਲਾਫ਼ ਜ਼ੋਰਦਾਰ ਸੰਘਰਸ਼ ਲਈ ਤਿਆਰ ਰਹਿਣ। ਉਨ੍ਹਾਂ ਕਿਹਾ ਕਿ ਸਰਕਾਰ ਮੈਡੀਕਲ ਪ੍ਰੈਕ-ਟੀਸ਼ਨਰਾ ਦੀਆਂ ਮੰਗਾਂ ਮੰਨ ਕੇ ਪ੍ਰੈਕਟਿਸ ਦਾ ਲੀਗਲ ਅਧਿਕਾਰ ਦੇਵੇ ਨਹੀਂ ਤਾਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਸਰਕਾਰ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਡਾ ਸਤਨਾਮ ਜੌਹਲ, ਡਾ ਜਗਦੀਸ਼ ਬੰਗੜ, ਡਾ ਸੁਖਵਿੰਦਰ ਮੰਡਾਲੀ, ਡਾ ਸੁਰਿੰਦਰ ਮੇਹਲੀ, ਡਾ ਸੰਜੇ ਕਪਿਲ, ਡਾ ਬਲਕਾਰ ਚੱਕ ਬਿਲਗਾ, ਡਾ ਰਛਪਾਲ ਗੁਲਾਬ ਗੜੀਆ, ਡਾ ਸਨੀ, ਡਾ ਰਵੀ ਕੁਮਾਰ, ਡਾ ਵਿਜੈ ਮੇਹਲੀ, ਡਾ ਗੁਲਸ਼ਨ ਕੁਮਾਰ, ਡਾ ਰੋਹਿਤ ਕੁਮਾਰ, ਡਾ ਚਰਨਜੀਤ, ਡਾ ਬਲਕਾਰ ਕਟਾਰੀਆ ਸ਼ਾਮਿਲ ਹੋਏ।

## ਮੁੱਖ ਮੰਤਰੀ ਭਗਵੰਤ ਸਿੰਘ ਮਾਨ 12 ਨੂੰ ਹੁਸ਼ਿਆਰਪੁਰ 'ਚ ਵਪਾਰੀਆਂ ਨਾਲ ਕਰਨਗੇ ਮਿਲਣੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ 12 ਮਾਰਚ ਨੂੰ ਹੁਸ਼ਿਆਰਪੁਰ ਵਿਚ




ਸਰਕਾਰ-ਵਪਾਰ ਮਿਲਣੀ ਦੌਰਾਨ ਹੁਸ਼ਿਆਰਪੁਰ ਦੇ ਵਪਾਰੀਆਂ ਨਾਲ ਮਿਲਣੀ ਕਰਨਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਵਲੋਂ ਪੂਰੇ ਸੂਬੇ ਵਿਚ ਵਪਾਰੀਆਂ ਨਾਲ ਮਿਲਣੀ ਕੀਤੀ ਜਾ ਰਹੀ ਹੈ, ਜਿਸ ਦੀ ਸ਼ੁਰੂਆਤ ਉਨ੍ਹਾਂ ਨੇ ਹੁਸ਼ਿਆਰਪੁਰ ਜ਼ਿਲ੍ਹੇ ਤੋਂ ਮੁਕੇਰੀਆਂ ਤੋਂ ਕੀਤੀ ਸੀ ਅਤੇ 12 ਮਾਰਚ ਨੂੰ ਉਹ ਜ਼ਿਲ੍ਹੇ ਵਿਚ ਦੂਜੀ ਵਾਰ ਸਰਕਾਰ-ਵਪਾਰ ਮਿਲਣੀ ਲਈ ਆ ਰਹੇ ਹਨ। ਉਨ੍ਹਾਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਸਾਰੇ ਵਪਾਰ ਮੰਡਲ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਅਤੇ ਪ੍ਰੋਗਰਾਮ ਨੂੰ ਸਫ਼ਲਤਾਪੂਰਵਕ ਮੁਕੰਮਲ ਕਰਵਾਉਣ ਸਬੰਧੀ ਸੁਝਾਅ ਲਏ। ਇਸ ਦੌਰਾਨ ਉਨ੍ਹਾਂ ਨਾਲ ਐਸ.ਐਸ.ਪੀ ਸੁਰੇਂਦਰ ਲਾਂਬਾ, ਚੇਅਰਮੈਨ ਹੁਸ਼ਿਆਰਪੁਰ ਸੈਂਟਰਲ ਕੋਅਪਰੇਟਿਵ ਬੈਂਕ ਵਿਕਰਮ ਸ਼ਰਮਾ, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਕਮਿਸ਼ਨਰ ਨਗਰ ਨਿਗਮ ਜਿਯੋਤੀ ਬਾਲਾ ਮੱਟੂ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਐਸ।ਪੀ ਮੇਜਰ ਸਿੰਘ, ਐਸ.ਡੀ.ਐਮ ਪ੍ਰੀਤ ਇੰਦਰ ਸਿੰਘ ਬੈਂਸ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਲਈ ਮਾਣ ਦਾ ਵਿਸ਼ਾ ਹੈ ਕਿ ਮੁੱਖ ਮੰਤਰੀ ਪੰਜਾਬ ਵਪਾਰੀਆਂ ਨੂੰ ਮਿਲਣ ਲਈ ਜ਼ਿਲ੍ਹੇ ਵਿਚ ਦੂਜੀ ਵਾਰ ਆ ਰਹੇ ਹਨ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਪ੍ਰੋਗਰਾਮ ਦੀ ਸਫ਼ਲਤਾ ਲਈ ਕੋਈ ਕਮੀ ਨਾ ਛੱਡੀ ਜਾਵੇ ਅਤੇ ਦਿੱਤੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ। ਇਸ ਦੌਰਾਨ ਐਸ.ਐਸ.ਪੀ. ਸੁਰੇਂਦਰ ਲਾਂਬਾ ਨੇ ਸੁਰੱਖਿਆ ਤੇ ਟ੍ਰੈਫਿਕ ਦੇ ਸੁਚਾਰੂ ਪ੍ਰਬੰਧਾਂ ਸਬੰਧੀ ਪੁਲਿਸ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ।

# ਰੰਗਮੰਚ ਲਈ ਸਥਾਪਤ ਕੀਤੇ ਸੋਢੀ ਰਾਣਾ ਦੇ 'ਮੀਲ ਪੱਥਰ'



**ਫਤਿਹਜੰਗ ਸਿੰਘ**
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਲੇਖਕ ਤੇ ਰੰਗਕਰਮੀ ਸੋਢੀ ਰਾਣਾ ਦੀ ਪੁਸਤਕ 'ਮੀਲ ਪੱਥਰ' ਰੰਗਮੰਚ ਨਾਲ ਸਬੰਧਤ ਨਿਰੀ ਇਕ ਪੁਸਤਕ ਹੀ ਨਹੀਂ ਸਗੋਂ ਸਮਾਜਿਕ ਬੁਰਾਈਆਂ ਦੀ ਨਿਸ਼ਾਨਦੇਹੀ ਕਰਦੀ ਅਤੇ ਉਹਨਾਂ ਨੂੰ ਨੱਥ ਪਾਉਣ ਲਈ ਪੇਸ਼ ਕੀਤੇ ਜ਼ੋਰਦਾਰ ਬਿੰਦੂਆਂ ਦੀ ਦਾਸਤਾਨ ਵੀ ਹੈ। ਸਦੀਆਂ ਤੋਂ ਭੁਗਤਦੇ ਆ ਰਹੇ ਬਹੁਜਨ ਸਮਾਜ ਦੀ ਦੁਸ਼ਵਾਰੀਆਂ ਦੀ ਗਾਥਾ ਵੀ ਹੈ ਇਹ ਪੁਸਤਕ ਅਤੇ ਉਸਦੇ ਦੁੱਖਾਂ ਦੀ ਦਾਰੂ ਵੀ ਹੈ। ਸਦੀਆਂ ਤੋਂ ਵੰਡ ਦਰ ਵੰਡ ਵਿਚੋਂ ਗੁਜ਼ਰਦਿਆਂ ਸਾਢੇ ਛੇ ਹਜ਼ਾਰ ਜਾਤੀ ਟੁਕੜਿਆਂ ਨੂੰ ਸੀਨੇ ਨਾਲ ਚਿਪਕਾਈ ਰੱਖਣ ਵਾਲਿਆਂ ਨੂੰ ਆਪਣੇ ਖਾਸੇ ਵੱਲ ਪਰਤਣ ਲਈ ਪ੍ਰੇਰਦੀ ਆਵਾਜ਼ ਵੀ ਹੈ ਅਤੇ ਜਾਤੀ ਵੰਡ ਦੇ ਰਣਨੀਤੀਕਾਰਾਂ ਨੂੰ ਵੰਗਾਰਦੀ ਆਵਾਜ਼ ਦੀ ਗਰਜ਼ ਵੀ ਹੈ। ਸੱਚ ਦੇ ਮਾਰਗ ਨੂੰ ਵੀ ਦਰਸਾਉਂਦੀ ਹੈ ਇਹ ਪੁਸਤਕ ਅਤੇ ਬਣਾਉਟੀ ਚਿਹਰਿਆਂ ਦੇ ਨਕਾਬ ਵੀ ਉਤਾਰਦੀ ਹੈ। ਪੁਸਤਕ ਜਿੱਥੇ ਨਾਟਕ ਦੇ ਇਤਿਹਾਸ ਦੀ ਬਣਦੀ ਸਹੀ ਵਿਆਖਿਆ ਕਰਦੀ ਹੈ, ਉਥੇ ਬਹੁਜਨ ਦੇ ਇਤਿਹਾਸ ਦੀ ਸਹੀ ਪੇਸ਼ਕਾਰੀ ਵਿਚ ਵੀ ਝੰਡੇ ਗੱਡਦੀ ਹੈ।

ਲੇਖਕ ਨੇ ਜੋ ਪੜ੍ਹਿਆ-ਗੁੜ੍ਹਿਆ ਉਸਨੂੰ ਲੋਕਾਂ ਦੇ ਪਰ੍ਹੇ ਵਿਚ ਰੱਖਣ ਲਈ ਜਿਸ ਜ਼ੋਰਦਾਰ ਢੁਕਵੀਂ ਵਿਧਾ ਨੂੰ ਅਪਣਾਇਆ, ਉਹ ਨਾਟਕ ਤੇ ਰੰਗਮੰਚ ਹੈ। ਵਿਲੀਅਮ ਸ਼ੈਕਸਪੀਅਰ ਦੀ ਇਸ ਧਰੋਹਰ ਨੂੰ ਪੰਜਾਬੀ ਵਿਚ ਲਿਆਉਣ ਵਾਲੀ ਅੰਗਰੇਜ਼ੀ ਨਕੜਦਾਦੀ ਨੌਰਾ ਰਿਚਰਡ ਸੀ, ਜਿਸਨੇ ਅੱਗੋਂ



ਇਹ ਪੰਜਾਬੀ ਸਪੂਤ ਈਸ਼ਵਰ ਚੰਦ ਨੰਦਾ ਨੂੰ ਸੌਂਪ ਦਿੱਤੀ ਤੇ ਡਾ. ਹਰਚਰਨ ਸਿੰਘ, ਅਜਮੇਰ ਸਿੰਘ ਔਲਖ ਵਰਗਿਆਂ ਤੋਂ ਹੁੰਦੀ ਹੋਈ ਇਸਨੇ ਗੁਰਸ਼ਰਨ ਭਾਅ ਜੀ ਨਾਲ ਇਕ ਵੱਖਰਾ ਮੋੜ ਕੱਟਿਆ। ਭਾਅ ਜੀ ਉਨ੍ਹਾਂ ਨੇ ਭਾਵੇਂ ਮਾਰਕਸ ਦ੍ਰਿਸ਼ਟੀਕੋਣ ਨੂੰ ਮੁੱਖ ਰੱਖਿਆ ਪਰ ਨਾਟਕ ਨੂੰ ਜਨ ਜਨ ਤੱਕ ਪਹੁੰਚਾਉਣ ਦਾ ਵੱਡਾ ਰਸਤਾ ਉਹਨਾਂ ਨੇ ਹੀ ਤਿਆਰ ਕੀਤਾ। ਭਾਅ ਜੀ ਉਹਨਾਂ ਨੂੰ ਆਖਰੀ ਦਿਨਾਂ ਵਿਚ ਅਸੀਂ ਤਿੰਨ ਚਾਰ ਜਣੇ ਮਿਲਣ ਲਈ ਗਏ ਤਾਂ ਗੱਲਾਂਬਾਤਾਂ ਵਿਚ ਉਹਨਾਂ ਨੇ ਦੱਸਿਆ ਕਿ ਉਹਨਾਂ ਨੂੰ ਮਲਾਲ ਹੈ ਕਿ ਉਹਨਾਂ ਨੇ ਡਾ. ਅੰਬੇਡਕਰ ਨੂੰ ਜ਼ਿਆਦਾ ਨਹੀਂ ਪੜ੍ਹਿਆ ਪਰ ਉਹ ਆਪਣੇ ਸ਼ਾਗਿਰਦਾਂ ਨੂੰ ਅੱਗੋਂ ਵੱਧ ਤੋਂ ਵੱਧ ਪੜ੍ਹਨ ਲਈ ਜ਼ਰੂਰ ਪ੍ਰੇਰਦੇ ਹਨ। ਇਹ ਖੁਸ਼ੀ ਦੀ ਗੱਲ ਹੈ ਕਿ ਉਹਨਾਂ ਨੇ ਅੱਗੋਂ ਵਾਗਡੋਰ 'ਪ੍ਰਗਤੀ ਕਲਾ ਕੇਂਦਰ ਲਾਂਧੜਾਂ' ਨੂੰ ਸੌਂਪੀ, ਜਿਸਦੇ ਕਰਤਾ-ਧਰਤਾ ਖਾਲਸ ਅੰਬੇਕਰਵਾਦੀ ਹਨ। ਮੱਖਣ ਕ੍ਰਾਂਤੀ ਅਤੇ ਸੋਢੀ ਰਾਣਾ ਦੀ ਅਣਥੱਕ ਮਿਹਨਤ ਨੇ ਅੱਜ ਜਿਸ ਮੁਕਾਮ ਤੇ ਰੰਗਮੰਚ ਨੂੰ ਪਹੁੰਚਾ ਦਿੱਤਾ ਹੈ, ਉਹ ਸੱਚੀਂ ਬਹੁਤ ਲਗਨ, ਮਿਹਨਤ ਤੇ ਤਿਆਗ ਮੰਗਦਾ ਹੈ। ਮੱਖਣ ਕ੍ਰਾਂਤੀ ਇਸੇ ਸੰਘਰਸ਼ ਵਿਚ ਤੁਰ ਗਿਆ ਪਰ ਸੋਢੀ ਰਾਣਾ ਨੇ ਇਸ ਦਰਦ ਨੂੰ ਸੀਨੇ ਵਿਚ ਛੁਪਾ ਕੇ ਸਫਰ ਨੂੰ ਜਾਰੀ ਰੱਖਿਆ। ਉਸਦੇ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਦਿਨ ਰਾਤ ਮੋਢੇ ਨਾਲ ਮੋਢਾ ਲਾ ਕੇ ਉਸਦਾ ਸਾਥ ਨਿਭਾਅ ਰਹੀਆਂ ਹਨ। ਕਿੱਤੇ ਵਜੋਂ ਸੋਢੀ ਰਾਣਾ ਅਧਿਆਪਕ ਹੈ ਤੇ ਰੰਗਮੰਚ ਉਸਦਾ ਇਸ਼ਕ। ਕਿਰਦਾਰ, ਸਮੱਸਿਆਵਾਂ, ਸੰਵਾਦ ਉਸਦੇ ਦੇਸ਼-ਵਿਦੇਸ਼ ਦੇ ਵਿਸ਼ਾਲ ਕੈਨਵਸ ਤੇ ਪੱਕਦੇ ਰਹਿੰਦੇ ਹਨ ਤੇ ਮਨ ਦੀ ਕੁਠਾਲੀ ਵਿਚੋਂ ਜਦੋਂ ਬਾਹਰ ਆਉਂਦੇ ਹਨ ਤਾਂ ਦਰਸ਼ਕਾਂ ਦਾ ਮਨ ਕੀਲ ਲੈਂਦੇ ਹਨ, ਦਰਸ਼ਕ ਅਸ਼ ਅਸ਼ ਕਰ ਉਠਦੇ ਹਨ। ਨਾਟਕ ਆਪਣੇ ਆਪ ਵਿਚ ਕੁਝ ਨਹੀਂ ਜੇ ਉਹ ਪੇਸ਼ਕਾਰੀ ਦੇ ਯੋਗ ਨਹੀਂ। ਕਿਤਾਬਾਂ ਵਿਚ ਬੰਦ ਨਾਟਕ ਨੂੰ ਜੇ ਰੰਗਮੰਚ ਨਹੀਂ ਮਿਲਦਾ ਤਾਂ ਉਹ ਆਪਣੇ ਨਾਟਕ ਹੋਣ ਦੀ ਯੋਗਤਾ ਗੁਆ ਬੈਠਦਾ ਹੈ। ਸੋਢੀ ਰਾਣਾ ਦੇ ਸਾਰੇ ਨਾਟਕ ਰੰਗਮੰਚ ਦਾ ਸ਼ਿੰਗਾਰ ਬਣਦੇ ਹਨ, ਸਮੇਂ ਤੇ ਮੌਕੇ ਅਨੁਸਾਰ ਵਾਰ-ਵਾਰ ਬਣਦੇ ਹਨ। ਸਗੋਂ ਮੌਕਾ ਵੀ ਆਪ ਪੈਦਾ ਕਰਦੇ ਹਨ।

ਸਾਹਿਤ ਦੀ ਵਿਧਾ ਗਦ ਜਾਂ ਪਦ ਭਾਵੇਂ ਕੋਈ ਹੋਵੇ ਉਸਦੇ ਵਧੀਆ ਬਣਨ ਦੀ ਮੁੱਖ ਪਛਾਣ ਇਹੋ ਹੈ ਕਿ ਉਹ ਸਮਾਜ ਦਾ ਦਰਪਣ ਬਣਨ ਦੀ ਸ਼ਰਤ ਜ਼ਰੂਰ ਪੂਰੀ ਕਰਦਾ ਹੋਵੇ। ਸਮਾਜ ਵਿਚ ਚੰਗਾ ਮਾੜਾ ਜੋ ਵੀ ਵਾਪਰ ਰਿਹਾ ਹੈ, ਉਸਦੇ ਕਾਰਨ ਕੀ ਹਨ, ਉਸ ਦੀਆਂ ਜੜ੍ਹਾਂ ਕਿੱਥੋਂ ਤੱਕ ਅੱਪੜ ਚੁੱਕੀਆਂ ਹਨ, ਉਸ ਵਰਤਾਰੇ ਦਾ ਸਮਾਜ ਨੂੰ ਕੀ ਹਾਨਿ ਲਾਭ ਹੋ ਰਿਹਾ ਹੈ, ਇਸ ਸਭ ਕੁਝ ਨੂੰ ਪ੍ਰਗਟ ਕਰਦਾ ਸੱਚ ਭਾਵੇਂ ਕਿੰਨਾ ਹੀ ਕੌੜਾ ਕਿਉਂ ਨਾ ਹੋਵੇ, ਉਸਨੂੰ ਬੇਬਾਕੀ ਨਾਲ ਸਮਾਜ ਦਾ ਦਰਪਣ ਬਣਾ ਕੇ ਪੇਸ਼ ਕਰ ਦੇਣ ਵਾਲਾ ਹੀ ਅਸਲ ਸਾਹਿਤ ਹੋ ਨਿਬੜਦਾ ਹੈ। ਸਤਯੰ, ਸ਼ਿਵੰਮ, ਸੁੰਦਰਮ ਅਨੁਸਾਰ ਸੱਚ ਹੀ ਕਲਿਆਣਕਾਰੀ ਹੁੰਦਾ ਹੈ ਅਤੇ ਕਲਿਆਣਕਾਰੀ ਹੀ ਸੁੰਦਰ ਹੁੰਦਾ ਹੈ। ਅਰਥਾਤ ਸੱਚ ਨੂੰ ਬਿਆਨ ਕਰਨ ਵਾਲਾ ਸਾਹਿਤ ਹੀ ਕਲਿਆਣਕਾਰੀ ਅਤੇ ਵਧੀਆ ਹੁੰਦਾ ਹੈ। ਪਰ ਸੱਚ ਦੀ ਖੋਜ ਕਰਨੀ ਪੈਂਦੀ ਹੈ, ਮਿਹਨਤ ਕਰਨੀ ਪੈਂਦੀ ਹੈ ਤੇ ਸੋਢੀ ਰਾਣਾ ਲਗਾਤਾਰ ਇਸ ਪਥ 'ਤੇ ਹੈ। ਉਹ ਸਚਾਈਆਂ ਲੱਭਦਾ ਹੈ ਅਤੇ ਪੇਸ਼ ਕਰਦਾ ਹੈ। ਸਚਾਈ ਲੱਭਣ ਲਈ ਦੂਰ ਤੱਕ ਜਾਂਦਾ ਹੈ।

ਇਤਿਹਾਸ ਦੇ ਵਰਕੇ ਫਰੋਲਦਿਆਂ ਪਤਾ ਚਲਦਾ ਹੈ ਕਿ ਹਜ਼ਾਰਾਂ ਸਾਲਾਂ ਤੋਂ ਸ਼ਾਂਤਮਈ ਤੇ ਖੁਸ਼ਹਾਲ ਵਸਦੀ ਰਸਦੀ ਸਿੰਧੂ ਘਾਟੀ ਸਭਿਅਤਾ ਨੂੰ 1500ਬੀ. ਸੀ. ਵਿਚ ਆਰੀਅਨਾਂ ਨੇ ਹਮਲੇ ਕਰ ਕਰ ਕੇ ਨਸ਼ਟ ਕਰ ਦਿੱਤਾ ਤੇ ਉਸਤੇ ਪੂਰੀ ਤਰ੍ਹਾਂ ਕਾਬਜ਼ ਹੋ ਗਏ। ਆਪਣੇ ਕਬਜ਼ੇ ਨੂੰ ਕਾਇਮ ਰੱਖਣ ਲਈ ਇਕ ਨਵੀਂ ਸਭਿਅਤਾ ਕਾਇਮ ਕਰ ਦਿੱਤੀ ਜਿਸ ਅਨੁਸਾਰ ਮੂਲ ਨਿ-ਵਾਸੀਆਂ ਨੂੰ ਟੁਕੜਿਆਂ ਵਿਚ ਵੰਡ ਕੇ ਮੰਗਤੇ ਤੇ ਭਿਖਾਰੀ ਬਣਾ ਧਰਿਆ ਅਤੇ ਆਪ ਸਾਰੇ ਸਾਧਨਾਂ 'ਤੇ ਕਬਜ਼ਾ ਕਰ ਲਿਆ। ਸਭ ਸੁਖ-ਸਹੂਲਤਾਂ ਆਰਾਮ ਆਪਣੇ ਲਈ ਰਾਖਵੇਂ ਰੱਖ ਲਏ ਅਤੇ ਸਭ ਔਖੇ ਤੇ ਮਿਹਨਤ ਵਾਲੇ ਕੰਮ ਮੂਲ ਨਿਵਾਸੀਆਂ ਨੂੰ ਸੌਂਪ ਦਿੱਤੇ, ਉਹ ਵੀ ਭੁੱਖਿਆਂ ਅਤੇ ਨੰਗੇ ਪਿੰਡੇ ਰਹਿ ਕੇ ਕਰਨ ਲਈ। ਇੰਨੇ ਨੀਵੇਂ ਦਰਜੇ ਦੇ ਕੰਮ ਕਰਵਾਏ ਗਏ ਕਿ ਮਨੁੱਖਤਾ ਵੀ ਸ਼ਰਮਸ਼ਾਰ ਹੋ ਉਠੇ-ਦਸ ਵੀਹ ਸਾਲ ਨਹੀਂ ਸਦੀਆਂ ਤੱਕ ਕਰਵਾਏ ਗਏ। ਇਸ ਵਿਚਾਰਧਾਰਾ ਨੇ ਸਮਾਜ, ਸਾਹਿਤ, ਪ੍ਰੰਪਰਾਵਾਂ ਸਭ ਦੇ ਅਰਥ ਬਦਲ ਕੇ ਰੱਖ ਦਿੱਤੇ ਤੇ ਸਭ ਆਪਣੇ ਅਨੁਸਾਰ ਢਾਲ ਲਏ।




ਇਸ ਸਮਾਜਿਕ ਵਿਵਸਥਾ ਵਿਰੁੱਧ ਸਭ ਤੋਂ ਪਹਿਲਾਂ ਤਥਾਗਤ ਬੁੱਧ ਨੇ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਸਮਾਜ ਦਾ ਨਵਾਂ ਸੰਕਲਪ ਪੇਸ਼ ਕੀਤਾ, ਜਿਸ ਅਨੁਸਾਰ ਸਮਾਜ ਦੇ ਤਿੰਨ ਤੱਥ ਜ਼ਰੂਰੀ ਦੱਸੇ ਗਏ। ਇਹ ਹਨ ਸਮਤਾ, ਸੁਤੰਤਰਤਾ ਅਤੇ ਭਾਈਚਾਰਾ। ਇਹ ਤਿੰਨੋ ਤੱਥ ਸਮਾਜ ਵਿਚੋਂ ਗਾਇਬ ਕਰ ਦਿੱਤੇ ਗਏ ਸਨ, ਜਿਨ੍ਹਾਂ ਦੀ ਭਰਪਾਈ ਅੱਜ ਤੱਕ ਵੀ ਨਹੀਂ ਹੋ ਰਹੀ। ਮਾਨਵਤਾ, ਸਮਾਜ ਤੇ ਦੇਸ਼ ਸਭ ਲਈ ਇਹ ਤਿੰਨੋਂ ਤੱਥ ਬਹੁਤ ਜ਼ਰੂਰੀ ਹਨ। ਬੁੱਧ ਦੇ ਇਸ ਫਲਸਫੇ ਨੇ ਪੰਜਵੀਂ ਪੂਰਬ ਈਸਵੀ ਤੋਂ ਲੈ ਕੇ ਦੂਜੀ ਪੂਰਬ ਈਸਵੀ ਤੱਕ ਦੱਬੀ-ਨਪੀੜੀ ਜਨਤਾ ਨੂੰ ਵੱਡੀ ਰਾਹਤ ਦਵਾਈ ਰੱਖੀ। ਇਸ ਨਾਲ ਜਿੱਥੇ ਸਮਾਜ ਵਿਚ ਖੁਸ਼ਹਾਲੀ ਮੁੜ ਆਈ, ਉਥੇ ਦੇਸ਼ ਨੇ ਵੀ ਤਰੱਕੀ ਦੀਆਂ ਸਿਖਰਾਂ ਛੂਹੀਆਂ। ਇਹੀ ਉਹ ਸਮਾਂ ਹੈ ਜਿਸ ਵਿਚ ਮੌਰੀਆ ਵੰਸ਼ ਨੇ ਮਹਾਨ ਅਸ਼ੋਕ ਵਰਗੇ ਬੋਧੀ ਸਮਰਾਟ ਦਿੱਤੇ ਤੇ ਦੇਸ਼ ਨੂੰ 'ਸੋਨੇ ਦੀ ਚਿੜੀਆ' ਦਾ ਲਕਬ ਦਿਵਾਇਆ। ਭਾਰਤ ਦੇਸ਼ ਤਰੱਕੀ ਅਤੇ ਖੁਸ਼ਹਾਲੀ ਵਿਚ ਅਸਲੋਂ ਹੀ ਮੋਹਰੀ ਦੇਸ਼ ਬਣਿਆ ਤੇ ਵਿਸ਼ਵ ਗੁਰੂ ਵੀ ਰਿਹਾ। ਬਾਹਰਲੇ ਦੇਸ਼ਾਂ ਤੋਂ, ਵਰਤਮਾਨ ਸਥਿਤੀ ਤੋਂ ਉਲਟ, ਵਿਦਿਆ ਪ੍ਰਾਪਤ ਕਰਨ ਲਈ ਲੋਕ ਭਾਰਤ ਵਿਚ ਆਉਂਦੇ ਰਹੇ। ਅੱਜ ਦੇ ਆਗੂ ਵੀ ਬਾਹਰ ਜਾ ਕੇ ਭਾਰਤ ਨੂੰ ਬੁੱਧ ਦਾ ਭਾਰਤ ਹੀ ਆਖਦੇ ਹਨ। ਹੋਰ ਪਛਾਣ ਕੋਈ ਵੀ ਆਗੂ ਨਹੀਂ ਬਣਾ ਸਕਿਆ।

ਆਖਰੀ ਬੋਧੀ ਰਾਜਾ ਬ੍ਰਿਹਦਰਥ ਨੂੰ ਉਸਦੇ ਬ੍ਰਾਹਮਣ ਸੈਨਾਪਤੀ ਪੁਸ਼ਿਆਮਿੱਤਰ ਵੱਲੋਂ ਦੂਜੀ ਪੂਰਵ ਈਸਵੀ ਵਿਚ ਕਤਲ ਕਰ ਦਿੱਤੇ ਜਾਣ ਮਗਰੋਂ ਸ਼ੁੰਗ ਵੰਸ਼ ਦਾ ਆਗਮਨ ਹੋਇਆ। ਇਸਦੇ ਆਉਣ ਨਾਲ ਸਮਾਜ ਤੇ ਦੇਸ਼ ਨੂੰ ਫਿਰ ਉਹਨਾਂ ਹੀ ਅਲਾਮਤਾਂ ਨੇ ਜਕੜਨਾ ਸ਼ੁਰੂ ਕਰ ਦਿੱਤਾ ਜੋ ਬੁੱਧ ਤੋਂ ਪਹਿਲਾਂ ਪ੍ਰਚੱਲਿਤ ਸਨ। ਇਸਤੋਂ ਬਾਅਦ ਹੀ ਮੰਨੂੰ ਸਿਮ੍ਰਿਤੀ ਵਰਗੇ ਮਾਨਵ ਵਿਰੋਧੀ ਗ੍ਰੰਥ ਰਚੇ ਗਏ ਅਤੇ ਜਾਤ ਪਾਤ ਦੀ ਵਿਵਸਥਾ ਹੋਰ ਮਜ਼ਬੂਤੀ ਨਾਲ ਹੋਂਦ ਵਿਚ ਆਈ। ਇਸ ਵਿਵਸਥਾ ਵਿਰੁੱਧ ਦੇਸ਼ ਭਰ ਵਿਚ ਅੰ-ਦੋਲਨ ਚੱਲੇ, ਸੰਤਾਂ, ਗੁਰੂਆਂ ਤੇ ਮਹਾਂਪੁਰਸ਼ਾਂ ਨੇ ਕੁਰਬਾਨੀਆਂ ਦਿ-ੱਤੀਆਂ ਪਰ ਇਹ ਵਿਵਸਥਾ ਹੋਰ ਮਜ਼ਬੂਤੀ ਪਕੜਦੀ ਗਈ। ਚੌਦਵੀਂ-ਪੰਦਰਵੀਂ ਸਦੀ ਵਿਚ ਸ਼ੁਰੂ ਹੋਇਆ ਸਿੱਖ ਅੰਦੋਲਨ ਤਿੰਨ ਸਦੀਆਂ ਤੀਕਰ ਸੰਘਰਸ਼ ਅਤੇ ਕੁਰਬਾਨੀਆਂ ਦਾ ਸ਼ਿਖਰ ਰਿਹਾ। ਸੰਤ ਨਾਮਦੇਵ, ਕਬੀਰ, ਰਵਿਦਾਸ, ਨਾਨਕ ਸਮੇਤ ਹੋਰ ਕਿੰਨੇ ਹੀ ਇਸ ਸੰਘਰਸ਼ ਨੂੰ ਆਪਣੀਆਂ ਕੁਰਬਾਨੀਆਂ ਨਾਲ ਜਾਰੀ ਰੱਖਦੇ ਰਹੇ। ਕਿੰਨੇ ਹੀ ਰਾਜ ਆਏ ਚਲੇ ਗਏ। ਅੱਜ ਆਜ਼ਾਦੀ ਹੈ, ਲੋਕਰਾਜ ਵੀ ਹੈ, ਆਪਣਾ ਸੰਵਿਧਾਨ ਵੀ ਹੈ ਪਰ ਇਸ ਜਾਤੀ ਵਿਵਸਥਾ ਨੂੰ ਸਮਾਪਤ ਨਹੀਂ ਕੀਤਾ ਜਾ ਸਕਿਆ ਸਗੋਂ ਇਹ ਆਪਣੀ ਚਰਮ ਸੀਮਾ 'ਤੇ ਪਹੁੰਚ ਚੁੱਕੀ ਹੈ। ਅੱਜ ਵੀ ਸ਼ੂਦਰ ਜਾਂ ਮੂਲ ਨਿਵਾਸੀਆਂ ਦੀ ਹਾਲਤ ਤਰਸਯੋਗ ਹੀ ਬਣੀ ਹੋਈ ਹੈ। ਬਾਬਾ ਸਾਹਿਬ ਦਾ ਘੋਲ, ਜਿਸਨੂੰ ਲੜੀਬੱਧ ਕਰਕੇ ਕਾਂਸ਼ੀ ਰਾਮ ਜੀ ਨੇ ਬਹੁਤ ਵੱਡੀ ਕਾਮਯਾਬੀ ਹਾਸਲ ਕੀਤੀ ਸੀ, ਹੁਣ ਮੁਕਾਬਲੇ ਵਿਚ ਵਿਰੋਧੀ ਵਿਉਂਤਬੰਦੀ ਉਸਤੇ ਭਾਰੂ ਪੈਂਦੀ ਜਾ ਰਹੀ ਹੈ। ਭਾਵੇਂ ਦੂਜੇ ਪਾਸਿਉਂ ਵੀ ਜਾਗ੍ਰਿਤੀ ਲਈ ਪੂਰੇ ਦੇਸ਼ ਵਿਚ ਕੋਨੇ ਕੋਨੇ ਤੋਂ ਕੋਸ਼ਿਸ਼ਾਂ ਜਾਰੀ ਹਨ।

ਇਸ ਸਾਰੇ ਤਾਣੇ ਬਾਣੇ ਦੀ ਭੂਮਿਕਾ ਨੂੰ ਸੋਢੀ ਰਾਣਾ ਰੰਗਮੰਚੀ ਤੇ ਨਾਟਕਕਾਰ ਨੇ ਜੜ੍ਹ ਤੀਕਰ ਬਾਖੂਬੀ ਸਮਝਿਆ ਹੈ, ਆਤਮਸਾਤ ਕੀਤਾ ਹੈ। ਮਨ ਦੀ ਕੈਨਵਸ 'ਤੇ ਉਤਾਰਿਆ ਹੈ ਤੇ ਫਿਰ ਨਿੱਠ ਕੇ ਨਾਟਕ ਲਿਖੇ ਹਨ, ਸਟੇਜ ਦਾ ਸ਼ਿੰਗਾਰ ਬਣਾਏ ਹਨ। ਹੁਣ ਜਿਸ ਮੁਕਾਮ ਤੇ ਉਹ ਪਹੁੰਚ ਚੁੱਕਿਆ ਹੈ, ਉਸਨੂੰ ਨਾ ਕੋਈ ਦੂਰੀ ਪੋਂਹਦੀ ਹੈ, ਨਾ ਸਰਦੀਆਂ ਦੀਆਂ ਯਖ ਰਾਤਾਂ ਠਾਰਦੀਆਂ ਹਨ ਤੇ ਨਾ ਅੰਤਾਂ ਦੀ ਗਰਮੀ ਲੂੰਹਦੀ ਹੈ। ਉਹ ਲਗਾਤਾਰ ਸਫਰ ਤੇ ਹੈ। ਨਾਟਕ ਤੇ ਰੰਗਮੰਚ ਉਸਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਚੁੱਕੇ ਹਨ। ਨਾਟਕ ਦੂਜੀਆਂ ਸਾਹਿਤਕ ਵੰਨਗੀਆਂ ਨਾਲੋਂ ਅਸਲੋਂ ਹੀ ਵੱਖਰੀ ਵੰਨਗੀ ਹੈ, ਜੋ ਲਗਾਤਾਰ ਮਿਹਨਤ ਮੰਗਦਾ ਹੈ, ਤਬਦੀਲੀ ਮੰਗਦਾ ਹੈ। ਜਦੋਂ ਕਿ ਕਹਾਣੀ, ਕਵਿਤਾ, ਲੇਖ ਲਿਖ ਕੇ ਲੇਖਕ ਆਪਣੇ ਆਪ ਨੂੰ ਸੁਰਖਰੂ ਸਮਝਦਾ ਹੈ। ਸੋਢੀ ਰਾਣਾ ਨੇ ਨਾਟਕ ਲਿਖਣ ਤੋਂ ਲੈ ਕੇ ਰੰਗਮੰਚ ਤੱਕ ਦੀ ਜ਼ਿੰਮੇਵਾਰੀ ਆਪ ਓਟੀ ਹੋਈ ਹੈ ਤੇ ਆਪਣੇ ਪਰਿਵਾਰ ਦੇ ਛੋਟੇ ਤੋਂ ਲੈ ਕੇ ਵੱਡੇ ਤੱਕ ਦੀ ਸ਼ਮੂਲੀਅਤ ਵੀ ਕੀਤੀ ਹੋਈ ਹੈ। ਹੁਣ ਤੱਕ ਉਹਨਾਂ ਨੇ ਕਿੰਨੇ ਹੀ ਨਾਟਕ, ਨੁੱਕੜ ਨਾਟਕ ਤੇ ਕੋਰੋਗ੍ਰਾਫੀਆਂ ਦੇ ਕਿੰਨੇ ਹੀ ਸ਼ੋਅ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਕੀਤੇ ਹਨ, ਗਲੀ ਗਲੀ ਕੀਤੇ ਹਨ ਤੇ ਲਗਾਤਾਰ ਕੀਤੇ ਜਾ ਰਹੇ ਹਨ।

ਸੋਢੀ ਰਾਣਾ ਨੇ ਆਪਣੇ ਨਾਟਕ ਅਤੇ ਰੰਗਮੰਚ ਦੇ ਇਸ ਸਫਰ ਨੂੰ ਆਪਣੀ ਪੁਸਤਕ 'ਮੀਲ ਪੱਥਰ' ਵਿਚ ਇਸ ਢੰਗ ਨਾਲ ਕਲਮਬੰਦ ਕੀਤਾ ਹੈ ਕਿ ਇਹ ਪੁਸਤਕ ਵੱਡੀਆਂ ਤਬਦੀਲ-ਿਆਂ ਦੀ ਦਾਸਤਾਨ ਬਣ ਉਭਰੀ ਹੈ। ਸੋਢੀ ਰਾਣਾ ਨੇ ਕੁਝ ਪ੍ਰਚੱਲਿਤ ਰਵਾਇਤਾਂ ਨੂੰ ਬਦਲ ਕੇ ਕੁਝ ਨਵੇਂ ਇਨਕਲਾਬੀ ਕਦਮ ਪੁੱਟੇ ਹਨ। ਇੰਝ ਕਰਨਾ ਹਰ ਇਕ ਦੇ ਹਿੱਸੇ ਨਹੀਂ ਆ ਸਕਦਾ ਤਾਂ ਹੀ ਇਸਨੂੰ ਉਸਨੇ 'ਮੀਲ ਪੱਥਰ' ਦਾ ਨਾਂ ਦਿੱਤਾ ਹੈ। ਇਸ ਤਰ੍ਹਾਂ ਦੇ ਇਹ ਨਿਵੇਕਲੇ ਪੜਾਅ, ਇਨਕਲਾਬੀ ਕਦਮ ਗਿਣਤੀ ਵਿਚ ਗਿਆਰਾਂ ਹਨ। ਕੁਝ ਇਕ ਦੇ ਅੱਗੋਂ ਭਾਗ ਵੀ ਬਣਾਏ ਗਏ ਹਨ। ਸੋਢੀ ਰਾਣਾ ਦਾ ਦਾਅਵਾ ਹੈ ਕਿ ਇਹ ਵੱਡੀਆਂ ਪੁਲਾਂਘਾਂ ਸਭ ਤੋਂ ਪਹਿਲਾਂ ਉਹਨਾਂ ਨੇ ਹੀ ਪੁੱਟੀਆਂ ਹਨ।

ਸੋਢੀ ਰਾਣਾ ਨੇ ਪਹਿਲਾ 'ਮੀਲ ਪੱਥਰ' ਉਦੋਂ ਗੱਡਿਆ ਜਦੋਂ ਉਹਨਾਂ ਨੇ ਕਿਸੇ ਦੇ ਮਰਨ ਤੋਂ ਬਾਅਦ ਭੋਗ ਪਾਉਣ ਦੀ ਥਾਂ ਵੀ ਨਾਟਕ ਹੀ ਕੀਤਾ। ਰਵਾਇਤੀ ਤੌਰ ਤੇ ਲੋਕੀ ਭੋਗ ਪਾਉਣਾ ਬੜੀ ਕੱਟੜ ਧਾਰਮਿਕ ਰੀਤ ਮੰਨਦੇ ਹਨ, ਜਿਸਨੂੰ ਤੋੜਨਾ ਬਹੁਤ ਵੱਡਾ ਚੈਲਿੰਜ ਹੈ। ਪਰ ਸੋਢੀ ਰਾਣਾ ਨੇ ਇਸ ਚੈਲਿੰਜ ਨੂੰ ਸਵੀਕਾਰ ਕਰਕੇ ਰੀਤ ਨੂੰ ਬੰਦ ਹੀ ਨਾ ਕੀਤਾ ਸਗੋਂ ਇਸਦੀ ਥਾਂ ਸਮਾਜਿਕ ਨਾਟਕ ਨਾਲ ਭਰ ਵੀ ਦਿੱਤੀ। ਦੂਜਾ ਮੀਲ ਪੱਥਰ ਉਦੋਂ ਗੱਡਿਅ ਜਦੋਂ ਮਰਨ ਵਾਲੇ ਵਿਅਕਤੀ ਦੇ ਕੱਪੜੇ ਤੇ ਸਮਾਨ ਉਸਦੀ ਚਿਤਾ ਵਿਚ ਨਹੀਂ ਸਾੜਿਆ ਗਿਆ ਸਗੋਂ ਉਸਨੂੰ ਅੱਗੋਂ ਵਰਤਣ ਲਈ ਸੰਭਾਲ ਲਿਆ ਗਿਆ। ਤੀਜਾ ਮੀਲ ਪੱਥਰ ਉਦੋਂ ਗੱਡਿਆ ਜਦੋਂ ਵਿਆਹ, ਰਿਟਾਇਰਮੈਂਟ ਪਾਰਟੀ, ਲੋਹੜੀ, ਛਟੀ ਆਦਿ ਤੇ ਵੀ ਨਾਟਕਾਂ ਦਾ ਹੀ ਪ੍ਰਚਲਨ ਕੀਤਾ ਗਿਆ। ਇਹ ਰਵ-ਾਇਤ ਤੋੜਨੀ ਵੀ ਬਹੁਤ ਮੁਸ਼ਕਿਲ ਸੀ- ਖਾਸ ਕਰਕੇ ਵਿਆਹ ਦੇ ਮੌਕੇ ਜਾਂ ਕਿਸੇ ਤਿਉਹਾਰ ਦੇ ਮੌਕੇ। ਚੌਥੇ ਮੀਲ ਪੱਥਰ ਵਿਚ ਉਹਨਾਂ ਨੇ ਗਿੱਧੇ ਭੰਗੜਿਆਂ ਵਿਚ ਪੈਣ ਵਾਲੀਆਂ ਜਾਤੀਸੂਚਕ ਬੋਲੀਆਂ ਨੂੰ ਬਦਲਿਆ ਅਤੇ ਕਈ ਨਵੀਆਂ ਬੋਲੀਆਂ ਨੂੰ ਜਨਮ ਦਿੱਤਾ। ਗੁਰੂ ਰਵਿਦਾਸ ਨਾਲ ਸਬੰਧਤ ਵੀ ਕਈ ਗੈਰ ਵਿ-ਗਿਆਨਕ ਤੇ ਵਿਚਾਰਧਾਰਾ ਤੋਂ ਉਲਟ ਘਟਨਾਵਾਂ ਦਾ ਤਿਆਗ ਕਰਕੇ ਨਵੇਂ ਸਿਰਿਉਂ ਨਾਟਕ 'ਐਸਾ ਚਾਹੂੰ ਰਾਜ ਮੈਂ' ਤਿਆਰ ਕੀਤਾ। ਧਰਮ ਦੇ ਸਿਲਸਿਲੇ ਵਿਚ ਬਦਲਾਅ ਕਰ ਸਕਣਾ ਤਾਂ ਹੋਰ ਵੀ ਔਖਾ ਹੈ। ਪੰਜਵਾਂ ਮੀਲ ਪੱਥਰ ਕੈਨੇਡਾ ਵਰਗੇ ਦੂਰ-ਦੁਰਾਡੇ ਦੇਸ਼ ਵਿਚ ਬਹੁਜਨ ਨਾਇਕਾਂ, ਮਹਾਂਪੁਰਖਾਂ ਦੀ ਚਿੱਤਰ ਪ੍ਰਦਰਸ਼ਨੀ ਲਗਾਈ ਗਈ ਜੋ ਆਪਣੇ ਆਪ ਵਿਚ ਇਕ ਨਿਵੇਕਲੀ ਘਟਨਾ ਸੀ। ਛੇਵਾਂ ਮੀਲ ਪੱਥਰ ਇਹ ਸੀ ਕਿ ਪ੍ਰਗਤੀ ਕਲਾ ਕੇਂਦਰ ਵੱਲੋਂ ਰੰਗਮੰਚ 'ਤੇ ਪਹਿਲੀ ਵਾਰ ਚਮੜਾ ਰੰਗਣ ਵਾਲੀਆਂ ਕੁੰਨਾਂ ਲਗਾਈਆਂ ਗਈਆਂ ਤਾਂ ਜੋ ਦਰਸ਼ਕਾਂ ਨੂੰ ਪਤਾ ਲੱਗ ਸਕੇ, ਇਹ ਹੈ ਕੀ ਤੇ ਕਿਹੜੀਆਂ ਹਾਲਤਾਂ ਵਿਚ ਕੰਮ ਕਰਨਾ ਪੈਂਦਾ ਹੈ। ਸਤਵਾਂ ਮੀਲ ਪੱਥਰ ਇਹ ਕਿ ਪ੍ਰਗਤੀ ਕਲਾ ਕੇਂਦਰ ਦੀਆਂ ਇਕਾਈਆਂ ਵਧਾਈਆਂ ਗਈਆਂ। ਆਮ ਤੌਰ ਤੇ ਪ੍ਰਚਲਿਤ ਨਾਟਕ ਕੇਂਦਰ ਇਕੱਲੇ ਹੀ ਕੰਮ ਕਰਦੇ ਰਹਿੰਦੇ ਹਨ, ਅੱਗੋਂ ਵਾਧਾ ਸੰਭਵ ਹੀ ਨਹੀਂ ਹੁੰਦਾ। ਅੱਠਵੇਂ ਮੀਲ ਪੱਥਰ ਵਿਚ ਸੋਢੀ ਰਾਣਾ ਉਹਨਾਂ 18 ਪ੍ਰਤੀਗਿਆਵਾਂ ਦਾ ਜਿਕਰ ਕਰਦਾ ਹੈ ਜੋ ਉਸਨੇ ਪ੍ਰਗਤੀ ਕਲਾ ਕੇਂਦਰ ਦੀ ਸਲਾਮਤੀ ਅਤੇ ਚੜ੍ਹਦੀ ਕਲਾ ਲਈ ਬਣਾਈਆਂ ਹਨ। ਇਹਨਾਂ ਪ੍ਰਤੀਗਿਆਵਾਂ ਕਾਰਨ ਹੀ ਪ੍ਰਗਤੀ ਕਲਾ ਕੇਂਦਰ ਦੀ ਵਿਲੱਖਣਤਾ ਹੈ। ਨੌਵੇਂ ਵਿਚ ਨਵੀਂ ਗੱਲ ਇਹ ਕਿ ਗੁਰਬਾਣੀ (ਕਬੀਰ, ਰਵਿਦਾਸ ਤੇ ਨਾਨਕ) ਨੂੰ ਕੋਰੀਓਗ੍ਰਾਫ ਕੀਤਾ ਗਿਆ ਹੈ। ਦਸਵੇਂ ਵਿਚ ਬਾਬਾ ਸਾਹਿਬ ਨੇ ਬੁੱਧ ਧੰਮਾ ਗ੍ਰਹਿਣ ਕਰਨ ਵੇਲੇ ਜੋ 22 ਪ੍ਰਤੀਗਿਆਵਾਂ ਲਈਆਂ ਸਨ, ਉਹਨਾਂ ਨੂੰ ਪੰਜਾਬੀ ਦੋਹਿਆਂ ਵਿਚ ਲਿਖਿਆ ਗਿਆ। ਗਿਆਰਵੇਂ ਵਿਚ ਉਹਨਾਂ ਨੇ ਇਕ ਨਵੀਂ ਪਿਰਤ ਪਾਈ ਕਿ ਨਾਟਕ ਦੇ ਚਲਦਿਆਂ ਵਿਚਕਾਰ ਹੀ ਜੇ ਖਾਣੇ ਦਾ ਸਮਾਂ ਹੋਵੇ ਤਾਂ ਨਾਟਕ ਵੇਖਦਿਆਂ-ਵੇਖਦਿਆਂ ਨਾਲ ਦੀ ਨਾਲ ਹੀ ਖਾਣਾ ਦੇ ਦਿੱਤਾ ਜਾਵੇ। ਇਹ ਮਹਿ-ਸੂਸ ਕੀਤਾ ਗਿਆ ਸੀ ਕਿ ਖਾਣੇ ਕਰਕੇ ਜੇ ਲੋਕੀਂ ਇਕ ਵਾਰੀ ਹਿੱਲ ਜਾਣ ਤਾਂ ਮੁੜ ਉਸ ਤਰ੍ਹਾਂ ਨਿੱਠ ਕੇ ਨਹੀਂ ਬੈਠ ਸਕਦੇ। ਇੰਝ ਇਹ ਗਿਆਰਾਂ ਮੀਲ ਪੱਥਰ ਸੋਢੀ ਰਾਣਾ ਨੇ ਸਥਾਪਤ ਕੀਤੇ ਹਨ ਜੋ ਵਾਕਈ ਇਨਕਲਾਬੀ ਹਨ, ਲੀਹ ਨੂੰ ਤੋਰਦੇ ਨਹੀਂ ਤੋੜਦੇ ਹਨ। ਇਹ ਵੀ ਨਹੀਂ ਕਿ ਇਹ ਸਾਰੇ ਅਣਲੋੜੀਂਦੇ ਹਨ ਤੇ ਮਹੱਤਵਪੂਰਨ ਨਹੀਂ ਹਨ। ਇਹ ਸਾਰੇ ਦੇ ਸਾਰੇ ਸਮਾਜ ਨੂੰ ਲੋੜੀਂਦੀ ਸੇਧ ਦੇਣ ਲਈ ਮਹੱਤਵਪੂਰਨ ਹਨ। ਇਹ ਆਪਣੇ ਆਪ ਵਿਚ ਹੀ ਇਕ ਮੀਲ ਪੱਥਰ ਹੀ ਹੈ।

ਸੋਢੀ ਰਾਣਾ ਅਸਲ ਵਿਚ ਅੰਦਰੋਂ ਵੀ ਤੇ ਬਾਹਰੋਂ ਵੀ ਪੂਰਾ ਸੂਰਾ ਸੁਧਾਰਵਾਦੀ ਅੰਬੇਡਕਰਵਾਦੀ ਹੈ। ਨਾਟਕ ਲਿਖਣੇ ਤੇ ਰੰਗਮੰਚ ਉਤੇ ਲਿਜਾਣੇ ਉਸ ਲਈ ਨਾ ਵਪਾਰ ਹੈ ਤੇ ਨਾ ਹੀ ਜੀਵਿਕਾ ਦਾ ਸਾਧਨ। ਬੱਸ ਇਸ ਸਾਧਨ ਨੂੰ ਉਸਨੇ ਅੰਬੇਡਕਰਵਾਦ ਨੂੰ ਸਹੀ ਰੂਪ ਵਿਚ ਪ੍ਰਚਾਰਨ ਲਈ ਡਟ ਕੇ ਵਰਤਿਆ ਹੈ ਅਤੇ ਡੂੰਘੀ ਦਿਲੀ ਭਾਵਨਾ ਨਾਲ ਸ਼ਰਧਾਪੂਰਵਕ ਵਰਤਿਆ ਹੈ। ਉਸਨੇ ਅੰਬੇਡਕਰਵਾਦ ਦਾ ਪ੍ਰਚਾਰ ਕਰਨ ਤੋਂ ਪਹਿਲਾਂ ਆਪ ਤੇ ਆਪਣੀ ਟੀਮ ਨੂੰ ਅੰਬੇਡਕਰਵਾਦੀ ਬਣਾਇਆ ਹੈ ਅਤੇ ਸਖਤੀ ਨਾਲ ਉਸਦੇ ਨਿਯਮਾਂ ਦੀ ਪਾਲਣਾ ਕਰਦੇ ਹਨ। ਇਸ ਵਿਚ ਕਿਸੇ ਕਿਸਮ ਦੀ ਕੁਤਾਹੀ ਉਹ ਬਰਦਾਸ਼ਤ ਨਹੀਂ ਕਰਦੇ। ਨਿਯਮਾਂ ਦੇ ਤੌਰ ਤੇ ਉਹਨਾਂ ਦੀਆਂ 18 ਸਖਤ ਪਾਬੰਦੀਆਂ ਹਨ, ਜਿਹਨਾਂ ਨੂੰ ਘੋਸ਼ਣਾਵਾਂ ਦਾ ਨਾਂ ਦਿੱਤਾ ਗਿਆ ਹੈ। ਇਹ ਇਸ ਤਰ੍ਹਾ ਹਨ:- 1. ਮੈਂ ਭਾਰਤ ਵਿਚ ਬਹੁਜਨ ਸਭਿਆਚਾਰ ਸਥਾਪਤ ਕਰਨ ਲਈ ਜਾਨ ਦੀ ਬਾਜ਼ੀ ਤੱਕ ਲਗਾ ਦੇਵਾਂਗਾ/ਦੇਵਾਂਗੀ। 2. ਮੈਂ ਟੀਮ ਵਿਚ ਵਪਾਰ ਨਹੀਂ ਮਿਸ਼ਨ ਸਮਝ ਕੇ ਆਵਾਂਗਾ। 3. ਆਗਿਆ ਬਿਨਾਂ ਹੋਰ ਕਿਸੇ ਟੀਮ ਵਿਚ ਕੰਮ ਨਹੀਂ ਕਰਾਂਗਾ। 4. ਮੈਂ ਟੀਮ ਵਿਚ ਗੁੱਟਬਾਜੀ ਨਹੀਂ ਕਰਾਂਗਾ। 5. ਮੈਂ ਟੀਮ ਨੂੰ ਪਰਿਵਾਰਕ ਇਕਾਈ ਮੰਨ ਕੇ ਕੋਈ ਗੈਰ ਸਭਿਅਕ ਕੰਮ ਨਹੀਂ ਕਰਾਂਗਾ। 6. ਜ਼ਿੰਦਗੀ ਭਰ ਕੋਈ ਨਸ਼ਾ ਨਹੀਂ ਕਰਾਂਗਾ। 7. ਮੈਂ ਸ਼ਾਕਾਹਾਰੀ ਹੀ ਰਹਾਂਗਾ। 8. ਖਾਣ ਲੱਗਿਆਂ ਜੂਠ ਨਹੀਂ ਛੱਡਾਂਗਾ। 9. ਮੈਂ ਟੀਮ ਵਿਚ ਵੰਡ ਕੇ ਛਕਾਂਗਾ। 10. ਮੈਂ ਫੈਸ਼ਨਪ੍ਰਸਤੀ ਨਹੀਂ ਕਰਾਂਗਾ। 11. ਵਿਦਿਆ/ਗਿਆਨ ਗ੍ਰਹਿਣ ਕਰਦਾ ਰਹਾਂਗਾ। 12. ਪਾਖੰਡਵਾਦ ਤੇ ਅੰਧ ਵਿਸ਼ਵਾਸ ਨਹੀਂ ਕਰਾਂਗਾ। 13. ਦੁਨੀਆਂ ਦੇ ਫਿਲਾਸਫਰ ਅਤੇ ਬਹੁਜਨ ਨਾਇਕ ਹੀ ਮੇਰੇ ਪ੍ਰੇਰਨਾ ਸਰੋਤ ਹੋਣਗੇ। 14. ਆਪਣੇ ਨਾਂ ਨਾਲ ਜਾਤੀ ਨਹੀਂ ਲਗਾਵਾਂਗਾ। 15. ਕਾਰਲ ਮਾਰਕਸ ਅਤੇ ਅੰਬੇਡਕਰੀ ਵਿਚਾਰਧਾਰਾ ਤੇ ਹੀ ਕੰਮ ਕਰਾਂਗਾ। 16. ਆਪਣੀ ਨਿੱਜੀ ਲਾਇਬ੍ਰੇਰੀ ਬਣਾਵਾਂਗਾ। 17. ਬਿਨਾਂ ਦਾਜ ਦਹੇਜ ਦੇ ਵਿਆਹ ਕਰਾਵਾਂਗਾ। 18. ਪ੍ਰਗਤੀ ਕਲਾ ਕੇਂਦਰ ਲਾਂਬੜਾਂ ਦੀ ਉਚੀ ਸੁੱਚੀ ਸ਼ਾਨ ਲਈ ਕੰਮ ਕਰਾਂਗਾ।

ਇੰਝ ਸੋਢੀ ਰਾਣਾ ਨੇ ਸਮੁੱਚੀ ਪੁਸਤਕ ਵਿਚ ਛੋਟੀਆਂ-ਛੋਟੀਆਂ ਘਟਨਾਵਾਂ ਦਾ ਵਰਣਨ ਕਰਦਿਆਂ ਮਿਸ਼ਨ ਦੇ ਵੱਡੇ ਵੱਡੇ ਨੁਕਤੇ ਸਾਂਝੇ ਕੀਤੇ ਹਨ। ਜਾਬਤੇ ਵਿਚ ਰਹਿੰਦਿਆਂ, ਮੀਲ ਪੱਥਰ ਸਥਾਪਤ ਕਰਦਿਆਂ, ਲੋਕਾਂ ਨਾਲ ਸੰਪਰਕ ਵਿਚ ਰਹਿੰਦਿਆਂ ਮੈਂ ਉਹ ਜ਼ਮੀਨ ਤਿਆਰ ਹੁੰਦੀ ਹੈ, ਜਿਸ ਵਿਚ ਇਨਕਲਾਬ ਜਨਮ ਲੈਂਦੇ ਹਨ, ਮਾਨਵਤਾ ਵਧਦੀ ਫੁਲਦੀ ਹੈ।

# ਅਵਾਰਾ ਡੰਗਰ ਪਟਿਆਲਾ ਜਿਲ੍ਹੇ ਵਿੱਚ ਸੱਚਮੁੱਚ ਨਹੀਂ ਦਿੱਖਣਗੇ?



ਮੇਜਰ ਸਿੰਘ ਨਾਭਾ
91-94635-53962

ਅਵਾਰਾ ਡੰਗਰਾਂ ਦੀ ਸਾਂਭ ਸੰਭਾਲ ਲਈ ਕੋਈ ਠੋਸ ਨੀਤੀ ਨਹੀਂ ਸਾਹਮਣੇ ਆਈ, ਕਾਗਜ਼ੀ ਕਾਰਵਾਈ ਕਈ ਵਾਰੀ ਜਰੂਰ ਕੀਤੀ ਜਾਂਦੀ ਹੈ ਜਿਸ ਦਾ ਕੋਈ ਨਤੀਜਾ ਕਦੇ ਸਾਹਮਣੇ ਨਹੀਂ ਆਇਆ। ਪਿਛਲੇ ਦਿਨੀਂ ਪਟਿਆਲਾ ਦੇ ਡਿਪਟੀ ਕਮਿਸ਼ਨਰ ਨੇ ਅਵਾਰਾ ਡੰਗਰਾਂ ਨੂੰ ਪਟਿਆਲੇ ਜਿਲ੍ਹੇ ਅੰਦਰ ਗਊਸਾਲਾਵਾਂ ਵਿੱਚ ਭੇਜਣ ਲਈ ਜਿਲ੍ਹੇ ਦੇ ਸਬੰਧਤ ਅਧਿਕਾਰੀਆਂ ਅਤੇ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਨਾਲ ਮੀਟਿੰਗ ਕਰਕੇ ਸ਼ਲਾਘਾ ਯੋਗ ਕਦਮ ਉਠਾਇਆ ਹੈ। ਮੀਟਿੰਗ ਵਿੱਚ ਪਾਲਤੂ ਦੁਧਾਰੂ ਪਸ਼ੂਆਂ ਨੂੰ ਦੁੱਧ ਚੋਣ ਤੋਂ ਬਾਅਦ ਮਾਲਕਾਂ ਵਲੋਂ ਉਨ੍ਹਾਂ ਦੇ ਰੱਸੇ ਖੋਲ ਦਿੱਤੇ ਜਾਂਦੇ ਹਨ, ਇਨ੍ਹਾਂ ਖਿਲਾਫ ਵੀ ਸਖਤ ਕਾਰਵਾਈ ਕਰਨ ਦੀ ਗੱਲ ਵਿਚਾਰੀ ਗਈ ਹੈ।

ਆਸ ਹੈ ਕਿ ਇਸ ਮੀਟਿੰਗ ਦਾ ਨਤੀਜਾ ਚੰਗਾ ਆਵੇ ਅਤੇ ਸਾਰੇ ਪੰਜਾਬ ਵਿੱਚ ਹੀ ਇਵੇਂ ਹੋ ਜਾਵੇ। ਇਹ ਬਹੁਤ ਵੱਡਾ ਮਸਲਾ ਨਹੀਂ ਹੈ ਜੋ ਹੱਲ ਨਹੀਂ ਹੋ ਸਕਦਾ, ਅਗਰ ਸਰਕਾਰ ਸੁਹਿਰਦਾ ਨਾਲ ਇਸ ਵੱਲ ਧਿਆਨ ਦੇਵੇ ਤਾਂ ਇਹ ਕੋਈ ਵੱਡੀ ਗੱਲ ਨਹੀਂ ਹੋਵੇਗੀ ਜਿਸ ਨਾਲ ਬਹੁਤ ਸਾਰੀਆਂ ਜਾਨਾਂ ਅਜਾਈਂ ਜਾਣ ਤੋਂ, ਕਿਸਾਨਾਂ ਦੀਆਂ ਫਸਲਾਂ ਦਾ ਉਜਾੜਾ ਆਦਿ ਤੋਂ ਰਾਹਤ ਮਿਲੇਗੀ। ਪੰਜਾਬ ਦੀਆਂ ਸੜਕਾਂ ਤੇ ਅਵਾਰਾ ਡੰਗਰ ਪਹਿਲੀ ਸਰਸਰੀ ਨਜ਼ਰੇ ਹੀ ਝੂੰਡਾਂ ਦੇ ਰੂਪ ਵਿੱਚ ਦੇਖਣ ਨੂੰ ਮਿਲਣਗੇ। ਰੋਜ਼ਾਨਾ ਅਖਬਾਰਾਂ ਅੰਦਰ ਅਵਾਰਾ ਡੰਗਰਾਂ ਨਾਲ ਦੁਰਘਟਨਾਵਾਂ ਦਾ ਜ਼ਿਕਰ ਅਕਸਰ ਹੁੰਦਾ ਹੈ। ਦਿਨੋਂ ਦਿਨ ਪੰਜਾਬ ਅੰਦਰ ਵੱਧ ਰਹੇ ਅਵਾਰਾ ਡੰਗਰਾਂ ਤੋਂ ਲੋਕਾਂ ਦੀਆਂ ਜਾਨਾਂ ਨੂੰ ਵਧੇਰੇ ਖਤਰਾ ਹੋ ਰਿਹਾ ਹੈ।ਪਿਛਲੇ ਸਮੇਂ 'ਚ ਸੰਗਰੂਰ ਅਤੇ ਪਟਿਆਲਾ ਵਿਖੇ ਕਈ ਲੋਕ ਪੱਖੀ ਸੋਚ ਵਾਲੀਆਂ ਜਥੇਬੰਦੀਆਂ ਵਲੋਂ ਅਵਾਰਾ ਡੰਗਰਾਂ ਕਾਰਣ ਅਜਾਈਂ ਮੌਤ ਮਰਨ ਵਾਲਿਆਂ ਦੀ ਵੱਧ ਰਹੀ ਗਿਣਤੀ ਵਿਰੁੱਧ ਕੈਂਡਲ ਮਾਰਚ ਕੱਢਕੇ ਰੋਸ ਮਾਰਚ ਕੀਤੇ ਗਏ , ਸੰਗਰੂਰ 'ਚ ਤਾਂ ਪੱਕਾ ਧਰਨਾ ਵੀ ਅਵਾਰਾ ਡੰਗਰਾਂ ਦੇ ਹੱਲ ਲਈ ਸਥਾਨਕ ਜਥੇਬੰਦੀਆਂ ਦੇ ਸਹਿਯੋਗ ਨਾਲ ਵੀ ਲਾਇਆ ਗਿਆ,ਜਿਸ ਨਾਲ ਪ੍ਰਸਾਸ਼ਨ ਨੇ ਡੰਗਰਾਂ ਨੂੰ ਸਾਂਭਣ ਲਈ ਮਾੜੀ ਮੋਟੀ ਹਿੱਲਚੁੱਲ ਕੀਤੀ ਪਰ ਸਥਾਈ ਹੱਲ ਨਹੀਂ ਹੋਇਆ। ਅਗਾਂਹ ਵਧੂ ਸੋਚ ਵਾਲੀਆਂ ਜਥੇਬੰਦੀਆਂ ਨੇ ਮਾਨਸਾ ਵਿਖੇ ਪਿਛਲੇ ਸਮੇਂ ਅਵਾਰਾ ਡੰਗਰਾਂ ਦੇ ਹੱਲ ਲਈ ਸ਼ੰਘਰਸ਼ ਸ਼ੁਰੂ ਕੀਤਾ ਸੀ ਪਰ ਪ੍ਰਸਾਸ਼ਨ ਵਲੋਂ ਕੋਈ ਸਥਾਈ ਹੱਲ ਨਹੀਂ ਕੱਢਿਆ ਗਿਆ।ਸਮੇਂ ਦੀ ਲੋੜ ਹੈ ਇਸ ਤਰ੍ਹਾਂ ਹੀ ਵੱਡੇ ਪੱਧਰ ਤੇ ਸ਼ੰਘਰਸ਼ ਵਿੱਢਣ ਦੀ ਹੈ ਤਾਂ ਹੀ ਕੋਈ ਮਸਲਾ ਹੱਲ ਹੋ ਸਕਦਾ ਹੈ। ਕਈ ਥਾਵਾਂ ਤੇ ਅਵਾਰਾ ਡੰਗਰਾਂ ਨਾਲ ਮਾਰੇ ਲੋਕਾਂ ਲਈ ਸਥਾਨਕ ਪ੍ਰਸਾਸ਼ਨ ਖਿਲਾਫ ਮੁਆਵਜ਼ੇ ਲਈ ਮੁਕੱਦਮੇ ਵੀ ਦਰਜ਼ ਕਰਾਏ ਗਏ ਹਨ, ਪਿਛਲੇ ਸਾਲਾਂ ਦੌਰਾਨ ਪਟਿਆਲਾ ਸ਼ਹਿਰ ਦੇ ਹੀ ਭੂਸਰੇ ਸਾਨ੍ਹਾਂ ਵਲੋਂ ਕਈ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਪ੍ਰਸਾਸਨ ਦੀ ਅਣਗਹਿਲੀ ਖਿਲਾਫ



ਅਦਾਲਤਾਂ ਵਿੱਚ ਕਰੋੜਾਂ ਦੇ ਕਲੇਮ ਪੇਸ਼ ਕਰਕੇ ਪੀੜ੍ਹਤ ਪਰਿਵਾਰਾਂ ਵਲੋਂ ਕੇਸ ਕੀਤੇ ਗਏ ਹੋਏ ਹਨ, ਇਸ ਤਰ੍ਹਾਂ ਉਨ੍ਹਾਂ ਦੀ ਵੀ ਖਜਲਖੁਆਰੀ ਹੋ ਰਹੀ ਹੈ। ਸਾਰੇ ਸ਼ਹਿਰਾਂ ਦੀਆਂ ਲੋਕ ਹਿੱਤ 'ਚ ਕੰਮ ਕਰਨ ਵਾਲੀਆਂ ਜਥੇਬੰਦੀਆਂ ਨੂੰ ਵੀ ਅੱਗੇ ਆ ਕੇ ਇਨ੍ਹਾਂ ਅਵਾਰਾ ਡੰਗਰਾਂ ਤੋਂ ਹੋਰ ਜਾਨਾਂ ਬਚਾਉਣ ਲਈ ਸ਼ੰਘਰਸ਼ ਵਿੱਢਣ ਦੀ ਤੁਰੰਤ ਲੋੜ ਹੈ। ਪਾਣੀ ਹੁਣ ਸਿਰ ਤੋਂ ਟੱਪ ਚੁੱਕਿਆ ਹੈ ਕਿਉਂ ਕਿ ਹੁਣ ਇਹ ਅਵਾਰਾ ਡੰਗਰ ਖੂੰਖਾਰ ਜੰਗਲੀ ਬਿਰਤੀ ਦੇ ਬਣ ਚੁੱਕੇ ਹਨ ਜਿਹੜੇ ਕਿ ਸੜਕਾਂ ਤੇ ਤੁਰੇ ਜਾਂਦੇ ਰਾਹੀਆਂ ਨੂੰ ਸਿੰਗਾਂ ਤੇ ਚੁੱਕ ਪਟਕਾ ਪਟਕਾ ਮਾਰ ਰਹੇ ਹਨ।ਹਰ ਰੋਜ਼ ਕੋਈ ਨਾ ਕੋਈ ਖਬਰ ਅਵਾਰਾ ਡੰਗਰਾਂ ਨਾਲ ਦੁਰਘਟਨਾ'ਚ ਮਰਨ ਵਾਲਿਆਂ ਦੀ ਹੁੰਦੀ ਹੈ। ਇਨ੍ਹਾਂ ਡੰਗਰਾਂ ਦੇ ਝੁੰਡਾਂ ਦੇ ਝੁੰਡ ਸੜਕਾਂ ਤੇ ਫਿਰਦੇ ਅਤੇ ਬੈਠੇ ਦਿਖਾਈ ਆਮ ਦਿੰਦੇ ਹਨ। ਬਹੁਤੀਆਂ ਸੜਕਾਂ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ। ਬਾਂਦਰਾਂ ਦੀ ਗਿਣਤੀ ਵੀ ਬਹੁਤ ਵੱਧੀ ਹੋਈ ਹੈ।ਸੜਕਾਂ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ, ਬਾਂਦਰਾਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ ।ਕਈ ਜਾਨਾਂ ਵੀ ਜਾ ਚੁੱਕੀਆਂ ਹਨ। ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਨ੍ਹਾਂ ਸੜਕਾਂ ਤੋਂ ਡਰ ਡਰ ਕੇ ਲੰਘਦੇ ਹਨ। ਸਕੂਲ, ਕਾਲਜ ਟਿਊਸ਼ਨ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਥੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ। ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ। ਭੂਸਰੇ ਸਾਨ੍ਹ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ। ਇਨ੍ਹਾਂ ਅਵਾਰਾ ਡੰਗਰਾਂ ਲਈ ਚਾਰਾ ਅਕਸਰ ਹੀ ਲੋਕ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਕਈ ਵਾਰੀ ਦੂਸਰੀ ਸਾਈਡ ਤੋਂ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ। ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ 'ਚ ਵਿਘਣ ਵੀ ਪੈਂਦਾ ਹੈ। ਇਸ ਤਰ੍ਹਾਂ ਅਣਜਾਣ ਰਾਹਗੀਰਾਂ ਲਈ ਇਥੋਂ ਲੰਘਣਾ ਖਤਰੇ ਤੋਂ ਬਾਹਰ ਨਹੀਂ ਹੁੰਦਾ। ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਅਵਾਰਾ ਡੰਗਰਾਂ ਨੂੰ ਫੜ੍ਹ ਕੇ ਨੇੜੇ ਦੀਆਂ ਗਊਸ਼ਾਲਾਵਾਂ ਵਿੱਚ ਭੇਜੇ ਜਿਵੇਂ ਕਿ ਪਟਿਆਲਾ ਜਿਲ੍ਹੇ ਵਿੱਚ ਮਾਣਯੋਗ ਡੀ.ਸੀ. ਦੀ ਦੇਖਰੇਖ ਸ਼ੁਰੂਆਤ ਹੋਈ ਹੈ। ਗਊਧਨ ਨੂੰ ਸਾਂਭਣ ਲਈ ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ, 2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ, ਸਾਨ੍ਹ, ਬਲਦ, ਵੱਛੇਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸ਼ੌਂਪੀ ਗਈ ਹੈ। ਇਸ ਲਈ ਫੰਡ ਦੀ ਬਜਟ ਵਿੱਚ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਬਚਾਉਣਾ ਹੈ। ਵਧੇਰੇ ਫੰਡ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਵੀ ਲਾ ਰੱਖਿਆ ਹੈ। ਸਾਨੂੰ ਖਰੀਦਦਾਰੀ ਕਰਦੇ ਸਮੇਂ ਗਊ ਸੈੱਸ ਵੀ ਦੇਣਾ ਪੈਂਦਾ ਹੈ। ਪਰ ਗਊਧਨ ਦੀ ਸੰਭਾਲ ਲਈ ਸਰਕਾਰ ਵਲੋਂ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ। ਹਿੰਦੂ ਸੰਗਠਨ ਵੀ ਇਸ ਮਸਲੇ ਪ੍ਰਤੀ ਗੰਭੀਰ ਨਹੀਂ, ਉਨ੍ਹਾਂ ਨੂੰ ਵੀ ਹਰੇਕ ਸ਼ਹਿਰ ਵਿੱਚ ਸਰਕਾਰ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ।ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸ਼ੀਡੈਂਟਾਂ ਕਾਰਣ ਹੋਈਆਂ ਮੌਤਾਂ ਦੀਆਂ ਵੀਡੀਉਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ।

ਇਨ੍ਹਾਂ ਮੌਤਾਂ ਲਈ ਸਰਕਾਰ ਵਲੋਂ ਪਰਿਵਾਰਾਂ ਨੂੰ ਨਾ ਤਾਂ ਦੋ ਸ਼ਬਦ ਹਮਦਰਦੀ ਦੇ ਅਤੇ ਨਾ ਹੀ ਕੋਈ ਮੁਆਵਜ਼ਾ ਦਿੱਤਾ ਜਾਂਦਾ ਹੈ। ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ। ਲੋਕਤੰਤਰੀ ਸਰਕਾਰ ਦਾ ਫਰਜ ਹੈ ਕਿ ਉਹ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇ। ਜੇ ਸਰਕਾਰ ਸੁਹਿਰਦਤਾ ਨਾਲ ਲੋਕਾਂ ਦੀ ਆਵਾਜ਼ ਸੁਣੇਗੀ ਤਾਂ ਹੀ ਉਹ ਲੋਕਾਂ 'ਚ ਲੋਕਪ੍ਰਿਆ ਹੋ ਸਕਦੀ ਹੈ।ਸੋ ਇਸ ਤਰ੍ਹਾਂ ਇਨ੍ਹਾਂ ਜੰਗਲੀ ਜੀਵਾਂ ਅਤੇ ਅਵਾਰਾ ਡੰਗਰਾਂ ਦੁਆਰਾ ਆਮ ਲੋਕਾਂ ਦੇ ਜਾਨੀ-ਮਾਲੀ ਨੁਕਸਾਨ ਅਤੇ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਨੂੰ ਤੁਰੰਤ ਰੋਕਣ ਲਈ ਵੱਡੇ ਪੱਧਰ ਉੱਪਰ ਉਪਰਾਲਾ ਕਰਨਾ ਚਾਹੀਦਾ ਹੈ।

# ਸਮਾਜ ਨੂੰ ਔਰਤਾਂ ਦੇ ਹਰੇਕ ਖੇਤਰ ਵਿੱਚ ਅੱਗੇ ਆਉਣ ਤੋਂ ਸਿੱਖਣ ਦੀ ਲੋੜ

**ਮੇਜਰ ਸਿੰਘ ਨਾਭਾ**

ਔਰਤ ਨੂੰ ਬਣਦਾ ਸਤਿਕਾਰ ਦੇਣਾ ਸਾਡੇ ਸਮਾਜ ਦੀ ਜ਼ਿੰਮੇਵਾਰੀ ਹੈ ਜਿਸ ਨੇ ਇਸ ਸਮਾਜ ਨੂੰ ਜਨਮ ਦੇ ਕੇ ਹੋਂਦ 'ਚ ਲਿਆਂਦਾ ਹੈ ।ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿੱਚ ਨੀਂਵੀ ਸਮਝੀ ਜਾਣ ਵਾਲੀ ਔਰਤ ਦੇ ਸਨਮਾਨ ਵਿੱਚ ਆਖਿਆ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ '। ਮਹਾਰਾਜਿਆਂ , ਰਾਜਿਆਂ ਨੂੰ ਜਨਮ ਦੇਣ ਵਾਲੀ ਔਰਤ ਨੂੰ ਕਿਵੇਂ ਨੀਂਵਾ ਸਮਝਿਆ ਜਾ ਸਕਦਾ ਹੈ। ਪਰ ਉਸ ਸਮੇਂ ਕੁੜੀਆਂ ਨੂੰ ਜਨਮ ਸਮੇਂ ਹੀ ਮਾਰ ਦਿੱਤਾ ਜਾਂਦਾ ਸੀ ।ਅਲਟਰਾਸਾਊਂਡ ਆਉਣ ਨਾਲ ਲਿੰਗ ਪਰਖ ਕੇ ਜਨਮ ਤੋਂ ਪਹਿਲਾਂ ਹੀ ਭਰੂਣ ਹੱਤਿਆ ਦਾ ਰੁਝਾਣ 'ਚ ਵਾਧਾ ਹੋਇਆ ਪਰ ਹੁਣ ਲਿੰਗ ਨਿਰਧਾਰਨ ਟੈਸਟ ਉੱਪਰ ਪਾਬੰਦੀ ਹੋਣ ਕਾਰਨ ਇਹ ਰੁਝਾਣ ਘੱਟਣ ਲੱਗਾ ਹੈ ਕਿਉਂਕਿ ਲੜਕੀਆਂ ਨੇ ਹਰ ਖੇਤਰ ਵਿੱਚ ਮੱਲ੍ਹਾਂ ਮਾਰ ਕੇ ਮਾਪਿਆਂ ਦੀ ਸੋਚ ਨੂੰ ਬਦਲਣ ਵਿੱਚ ਵੀ ਰੋਲ ਅਦਾ ਕੀਤਾ ਹੈ। ਕੁੜੀਆਂ ਬੋਰਡ ਦੀਆਂ ਕਲਾਸਾਂ ਦੀ ਪੜ੍ਹਾਈ ਵਿੱਚ ਲੜਕਿਆਂ ਨੂੰ ਪਛਾੜ ਕੇ ਪਹਿਲੇ ਸਥਾਨਾਂ ਉੱਪਰ ਆ ਰਹੀਆਂ ਹਨ। ਉੱਚ ਅਹੁੱਦਿਆਂ ਉੱਪਰ ਜਾ ਕੇ ਔਰਤਾਂ ਨੇ ਨਾਮਣਾ ਖੱਟਿਆ ਹੈ। ਖੇਡਾਂ ਦੇ ਖੇਤਰ ਵਿੱਚ ਕੁੜੀਆਂ ਨੇ ਭਾਰਤ ਦਾ ਨਾਂ ਏਸ਼ੀਅਨ, ਉਲੰਪਿਕ ਆਦਿ ਖੇਡਾਂ ਵਿੱਚ ਵਧੇਰੇ ਗੋਲਡ ਮੈਡਲ ਪ੍ਰਾਪਤ ਕਰਕੇ ਉੱਚਾ ਕੀਤਾ ਹੈ । ਪੰਜਾਬ ਅੰਦਰ ਅੰਤਰਰਾਸਟਰੀ ਪੱਧਰ ਉੱਪਰ ਪਹਿਲੇ ਸਥਾਨ ਪ੍ਰਾਪਤ ਕਰਨ ਵਾਲੀਆਂ ਖਿਡਾਰਨਾਂ ਨੂੰ ਨਕਦ ਅਤੇ ਸਰਕਾਰੀ ਨੌਕਰੀ ਦੇ ਕੇ ਸਮੇਂ ਸਮੇਂ ਸਰਕਾਰਾਂ ਵਲੋਂ ਲੜਕੀਆਂ ਨੂੰ ਖੇਡਾਂ 'ਚ ਅੱਗੇ ਆਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਜੋ ਕਿ ਲੜਕੀਆਂ ਦਾ ਸਵੈਮਾਨ ਵਧਾਉਣ ਦਾ ਕੰਮ ਕਰੇਗਾ। ਰਾਜਨੀਤਿਕ ਖੇਤਰ ਵਿੱਚ ਦੇਸ਼ ਦੇ ਸਭ ਤੋਂ ਉੱਚੇ ਅਹੁਦੇ ਰਾਸਟਰਪਤੀ ਦੀ ਕੁਰਸੀ ਉੱਪਰ ਦੇਸ਼ ਦੀ ਪਹਿਲੀ ਮਹਿਲਾ ਰਾਸਟਰਪਤੀ ਸ੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਨੇ 25 ਜੁਲਾਈ 2007 ਨੂੰ ਬਿਰਾਜਮਾਨ ਹੋਏ । ਸ੍ਰੀਮਤੀ ਦਰੋਪਦੀ ਮਰਮੂ ਦੂਸਰੀ ਪਹਿਲੀ ਸੰਥਾਲੀ ਕਬੀਲੇ 'ਚੋਂ ਔਰਤ ਹੁਣ ਸਾਡੇ ਦੇਸ਼ ਦੀ ਰਾਸਟਰਪਤੀ ਹੈ। ਇਸੇ ਤਰ੍ਹਾਂ ਦੇਸ਼ ਦੀ ਪ੍ਰਧਾਨ ਮੰਤਰੀ ਸਵ: ਸ੍ਰੀਮਤੀ ਇੰਦਰਾ ਗਾਂਧੀ ਆਪਣੇ ਸਮੇਂ ਦੌਰਾਨ ਚਰਚਿੱਤ ਪ੍ਰਧਾਨ ਮੰਤਰੀ ਰਹੀ ਹੈ। ਸੁਚੇਤਾ ਕ੍ਰਿਪਲਾਨੀ ਪਹਿਲੀ ਔਰਤ ਮੁੱਖ ਮੰਤਰੀ (ਯੂਪੀ) ਦੀ ਬਣੀ। ਮੀਰਾ ਕੁਮਾਰ ਦੇਸ਼ ਦੀ ਲੋਕ ਸਭਾ ਦੀ ਪਹਿਲੀ ਸਪੀਕਰ ਬਣੀ। ਦੇਸ਼ ਦੀ ਪਹਿਲੀ ਔਰਤ ਸਰੋਜਨੀ ਨਾਇਡੋ ਨੂੰ ਰਾਜ ਦਾ ਗਵਰਨਰ ਬਣਨ ਦਾ ਮਾਣ ਪ੍ਰਾਪਤ ਹੈ। ਪਹਿਲੀ ਭਾਰਤ ਦੀ ਚੀਫ ਇਲੈਕਸਨ ਕਮਿਸ਼ਨਰ ਔਰਤ 1990 ਵਿੱਚ ਸ੍ਰੀਮਤੀ ਵੀ.ਐਸ.ਰਮਾਦੇਵੀ ਬਣੀ। ਭਾਵਨਾ ਕੰਠ ਨੇ 2019 ਵਿੱਚ ਪਹਿਲੀ ਔਰਤ ਫਾਈਟਰ ਪਾਇਲਟ ਬਣ ਕੇ ਏਅਰ ਫੋਰਸ ਵਿੱਚ ਸਾਮਲ ਹੋਈ। ਪੁਲਿਸ ਵਿੱਚ ਪਹਿਲੀ ਮਹਿਲਾ ਆਈ.ਪੀ.ਐਸ. ਅਧਿਕਾਰੀ ਬਣੀ। ਮਦਰ ਟਰੇਸਾ ਪਹਿਲੀ ਭਾਰਤੀ ਔਰਤ ਨੂੰ ਨੋਬਲ ਸਾਂਤੀ ਪੁਰਸਕਾਰ ਮਿਲਿਆ। ਪਹਿਲਾ 'ਨੈਸਨਲ ਸਾਹਿਤ ਅਕਾਦਮੀ ਐਵਾਰਡ' ਪੰਜਾਬੀ ਲੇਖਿਕਾ ਅੰਮ੍ਰਿਤਾ ਪ੍ਰੀਤਮ ਨੂੰ ਮਿਲਿਆ। ਔਰਤਾਂ ਲਈ ਇਹ ਮਾਣ ਵਾਲੀ ਗੱਲ ਹੈ। ਦੇਸ਼ ਦੀ ਪਹਿਲੀ ਔਰਤ ਸਰੋਜਨੀ ਨਾਇਡੋ ਨੂੰ ਗਵਰਨਰ ਬਣਨ ਦਾ ਮਾਣ ਪ੍ਰਾਪਤ ਹੈ। ਇਸੇ ਤਰ੍ਹਾਂ ਦੇਸ਼ ਦੀ ਪ੍ਰਧਾਨ ਮੰਤਰੀ ਸਵ: ਸ੍ਰੀਮਤੀ ਇੰਦਰਾ ਗਾਂਧੀ ਆਪਣੇ ਸਮੇਂ ਦੌਰਾਨ ਚਰਚਿੱਤ ਪ੍ਰਧਾਨ ਮੰਤਰੀ ਰਹੀ ਹੈ ਜੋ 1966 ਤੋਂ 1984 ਤੱਕ ਚਾਰ ਵਾਰੀ ਪਧਾਨ ਮੰਤਰੀ ਦੀ ਕੁਰਸੀ ਤੇ ਮੌਤ ਹੋਣ ਤੱਕ ਬਣੀ ਰਹੀ। ਔਰਤਾਂ ਲਈ ਇਹ ਮਾਣ ਵਾਲੀ ਗੱਲ ਹੈ। ਅੱਜ ਦੀਆਂ ਲੜਕੀਆਂ ਨੂੰ ਇਹੋ ਜਿਹੀਆਂ ਉੱਚ ਰੁਤਬੇ ਪ੍ਰਾਪਤ ਔਰਤਾਂ ਤੋਂ ਪ੍ਰੇਰਨਾ ਲੈ ਕੇ ਆਪਣੀ ਜ਼ਿੰਦਗੀ ਨੂੰ ਵੀ ਉੱਚ ਬੁਲੰਦੀਆਂ ਤੇ ਪਹੁੰਚਣ ਦੀ ਮਨ 'ਚ ਠਾਣ ਲੈਣਾ ਚਾਹੀਦਾ ਹੈ। ਅੱਜ ਵੀ ਲੜਕੀਆਂ ਨੂੰ ਸਮਾਜ ਵਿੱਚ ਕਈ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਦੇਸ਼ ਦੇ ਕਈ ਸ਼ਹਿਰਾਂ 'ਚ ਖਾਸ ਕਰਕੇ ਮਨੀਪੁਰ ਵਿੱਚ ਪਿਛਲੇ ਸਮੇਂ ਲੜਕੀਆਂ ਨਾਲ ਦਰਿੰਦਗੀ ਦੀ ਹੱਦ ਨੇ ਤਹਿਲਕਾ ਮਚਾ ਰੱਖਿਆ ਹੈ। ਇਸ ਤੋਂ ਪਹਿਲਾਂ ਵੀ ਲੜਕੀਆਂ ਨਾਲ ਬਲਾਤਕਾਰ ਅਤੇ ਬਾਅਦ 'ਚ ਮਾਰ ਦੇਣ ਦੀਆਂ ਘਟਨਾਵਾਂ ਵਾਪਰੀਆਂ ਹਨ ਜੋ ਕਿ ਧੀਆਂ ਦੇ ਮਾਪਿਆਂ ਨੂੰ ਚਿੰਤਾ ਵਿੱਚ ਜਰੂਰ ਪਾਉਂਦੀਆਂ ਹਨ ਕਿ ਉਹ ਆਪਣੀਆਂ ਧੀਆਂ ਨੂੰ ਕਿਵੇਂ ਸੁਰੱਖਿਅਤ ਰੱਖ ਸਕਣ । ਇਹੋ ਜਿਹੇ ਮਾੜੀ ਸੋਚ ਵਾਲਿਆਂ ਨੂੰ ਸਖਤ ਸ਼ਜਾ ਤੁਰੰਤ ਦੇਣੀ ਚਾਹੀਦੀ ਹੈ ਤਾਂ ਕਿ ਸਮਾਜ ਨੂੰ ਸੁਧਾਰਨ ਲਈ ਸੰਦੇਸ਼ ਜਾ ਸਕੇ । ਸਾਡੇ ਦੇਸ਼ ਵਿੱਚ ਕਾਨੂੰਨ ਦੇ ਰਾਖੇ ਵੀ ਪੱਖਪਾਤੀ ਵਤੀਰੇ ਦੇ ਸਿਕਾਰ ਹੋ ਜਾਂਦੇ ਹਨ ਜੋ ਕਿ ਲੋਕਤੰਤਰ ਲਈ ਕਲੰਕ ਲਾਉਂਦੇ ਹਨ । ਰਾਜਨੀਤਕ ਲੋਕਾਂ ਦਾ ਰੋਲ ਵੀ ਇਹੋ ਜਿਹੀਆਂ ਘਟਨਾਵਾਂ ਨੂੰ ਕਈ ਵਾਰੀ ਉਤਸ਼ਾਹਿਤ ਕਰਕੇ ਵੋਟ ਬੈਂਕ ਮਜਬੂਤ ਕਰਨ ਦਾ ਹੁੰਦਾ ਹੈ ਜੋ ਕਿ ਨਿੰਦਣਯੋਗ ਹੈ। ਸਾਡੇ ਸਮਾਜ ਵਿੱਚ ਔਰਤ ਵੀ ਕਈ ਗੱਲਾਂ ਲਈ ਆਪ ਹੀ ਜ਼ਿੰਮੇਵਾਰ ਹੁੰਦੀ ਹੈ ।ਜਿਵੇਂ ਸੱਸ ਨੂੰ ਆਮ ਤੌਰ ਤੇ ਸਤਿਕਾਰਿਤ ਰੁਤਬੇ ਨਾਲ ਨਹੀਂ ਦੇਖਿਆ ਜਾਂਦਾ। ਲੜਕੇ ਦਾ ਰਿਸਤਾ ਹੋਣ ਸਮੇਂ ਸੱਸਾਂ ਆਮ ਹੀ ਕਹਿੰਦੀਆਂ ਸੁਣੀਆਂ ਜਾ ਸਕਦੀਆਂ ਹਨ, 'ਤੁਹਾਡੀ ਕੁੜੀ ਨੂੰ ਧੀ ਬਣਾ ਕੇ ਰੱਖੂੰ' ਜੋ ਕਿ ਵਧੀਆ ਗੱਲ ਹੈ। ਵੈਸੇ ਆਪਣੀਆਂ ਨੂੰਹਾਂ ਨੂੰ ਧੀਆਂ ਬਨਾਉਣਾ ਹਰ ਇੱਕ ਔਰਤ ਦੇ ਵਸ ਦੀ ਗੱਲ ਨਹੀਂ। ਕਹਿਣਾ ਸੌਖਾ ਹੁੰਦਾ ਹੈ ਪਰ ਨਿਭਾਉਣਾ ਔਖਾ ਹੁੰਦਾ ਹੈ। ਘਰ ਆਉਣ ਤੇ ਨੂੰਹ ਵਿੱਚ ਕਈ ਸੱਸਾਂ ਨੂੰ ਨੁਕਸ ਤਾਂ ਦਿੱਖਣ ਲੱਗ ਜਾਂਦੇ ਹਨ ਪਰ ਉਸ ਦੇ ਗੁਣ ਨਹੀਂ ਦਿੱਸਦੇ, ਇਥੇ ਸੱਸਾਂ ਨੂੰ ਬੜੀ ਸਾਵਧਾਨੀ ਨਾਲ ਆਪਣੀ ਧੀ ਦੇ ਗੁਣਾਂ ਅਵਗੁਣਾਂ ਨੂੰ ਜਰੂਰ ਵਿਚਾਰ ਲੈਣਾ ਚਾਹੀਦਾ ਹੈ ਅਤੇ ਕੋਈ ਗੱਲ ਕਾਹਲ 'ਚ ਨਹੀਂ ਕਰਨੀ ਚਾਹੀਦੀ। ਆਪਣੀ ਧੀ ਨੂੰ ਮਾਂ ਹਰੇਕ ਚੀਜ਼ ਬਾਪ ਤੋਂ ਚੋਰੀ ਵੀ ਲੈ ਕੇ ਦਿੰਦੀ ਹੈ ਪਰ ਨੂੰਹ ਨੂੰ ਲੋੜੀਂਦੀਆਂ ਚੀਜ਼ਾਂ ਉਸ ਦੇ ਪੇਕਿਆਂ ਤੋਂ ਮਜਬੂਰਨ ਲਿਆਉਣ ਲਈ ਸੱਸ ਕਿਸੇ ਨਾ ਕਿਸੇ ਤਰ੍ਹਾਂ ਹੱਥ ਕੰਡੇ ਵਰਤਦੀ ਰਹਿੰਦੀ ਹੈ। ਸਾਡੇ ਸਮਾਜ ਅੰਦਰਲੀ ਔਰਤ ਦੀ ਮਾਨਸਿਕਤਾ ਐਨੀ ਗਿਰ ਚੁੱਕੀ ਹੈ ਕਿ ਉਹ ਆਪਣੀ ਧੀ ਨਾਲ ਸਹੁਰਿਆਂ ਵਲੋਂ ਕੀਤੇ ਜਾਂਦੇ ਵਿਤਕਰੇ ਤੋਂ ਦੁੱਖੀ ਤਾਂ ਰਹਿੰਦੀ ਹੈ ਪਰ ਆਪਣੀ ਸੋਚ ਨੂੰ ਬਦਲਣ ਦੀ ਬਜਾਇ ਆਪ ਵੀ ਕਿਸੇ ਦੀ ਧੀ ਨਾਲ ਉਹੀ ਵਿਤਕਰਾ ਕਰਕੇ ਇੱਕ ਹੋਰ ਮਾਂ ਨੂੰ ਠੇਸ ਪਹੁੰਚਾਉਂਦੀ ਹੈ। ਸੱਸ ਬਣੀ ਔਰਤ ਨੂੰ ਆਪਣੇ ਪਿਛੋਕੜ ਤੇ ਗੰਭੀਰਤਾ ਨਾਲ ਝਾਤ ਮਾਰ ਲੈਣੀ ਚਾਹੀਦੀ ਹੈ ਕਿ ਉਹ ਵੀ ਕਦੇ ਨੂੰਹ ਬਣੀ ਸੀ। ਇਹ ਸੱਸ ਦਾ ਰੂਪ ਬਣੀ ਮਾਂ ਨੂੰ ਆਪਣੇ ਪੁੱਤ ਦੀ ਖੁਸ਼ੀ ਲਈ ਨਜ਼ਰੀਆ ਬਦਲਣ ਦੀ ਲੋੜ ਹੁੰਦੀ ਹੈ। ਪੁੱਤ ਉੱਪਰ ਪਹਿਲਾਂ ਵਾਲਾ ਅਧਿਕਾਰ ਜਰੂਰ ਰੱਖੇ ਪਰ ਆਪਣੇ ਪਤੀ ਦੇਵ ਨਾਲ ਜਿਵੇਂ ਵਧੀਆ ਸਬੰਧ ਰੱਖਣ ਦੀ ਖਾਹਿਸ਼ ਆਪ ਰੱਖਦੀ ਹੈ ਇਸੇ ਤਰ੍ਹਾਂ ਨੂੰਹ ਦੇ ਸਬੰਧ ਵੀ ਆਪਣੇ ਬੇਟੇ ਨਾਲ ਰੱਖਣ ਦੇਣ ਦਾ ਮਾਦਾ ਰੱਖੇ। ਵਿਆਹ ਸਮੇਂ ਕਈ ਵਾਰ ਕਹਿਣ ਨੂੰ ਤਾਂ ਲੜਕੇ ਵਾਲੇ ਕਹਿਣਗੇ ਕਿ ਸਾਡੀ ਕੋਈ ਮੰਗ ਨਹੀਂ ਪਰ ਬਾਅਦ 'ਚ ਜਦੋਂ ਲੜਕੀ ਵਾਲੇ ਰਿਸ਼ਤੇਦਾਰਾਂ ਲਈ ਪੁੱਛਦੇ ਹਨ ਤਾਂ ਕਈ ਤਾਂ ਹੌਲੀ ਹੌਲੀ ਵਿਆਹ ਤੱਕ ਹੀ ਕੋਈ ਨਾ ਕੋਈ ਖਾਹਿਸ਼ ਨੂੰ ਉਜਾਗਰ ਕਰਦੇ ਰਹਿੰਦੇ ਹਨ। ਚਲੋ ਸਮਾਜ ਦੀ ਸੋਚ ਬਦਲਣ ਨੂੰ ਆਪਣੇ ਆਪ ਨੂੰ ਸਮਝਾਉਣਾ ਪਵੇਗਾ ਕਿਉਂ ਕਿ ਆਪਾਂ ਹੀ ਸਮਾਜ ਦਾ ਅੰਗ ਹਾਂ। ਵੈਸੇ ਹਰੇਕ ਸਿਆਣਾ ਮਾਪਾ ਆਪਣੀ ਧੀ ਲਈ ਵਿਆਹ ਤੋਂ ਬਾਅਦ ਆਪਣੀ ਹੈਸ਼ੀਅਤ ਮੁਤਾਬਕ ਉਸਦਾ ਬਣਦਾ ਹਿੱਸਾ ਕਿਸੇ ਨਾ ਕਿਸੇ ਰੂਪ 'ਚ ਆਪਣੀ ਧੀ ਨੂੰ ਦਿੰਦਾ ਹੈ। ਉਂਝ ਵੀ ਹਰੇਕ ਧੀ ਦਾ ਆਪਣੇ ਮਾਂ-ਬਾਪ ਦੀ ਜਾਇਦਾਦ 'ਚ ਸੰਵਿਧਾਨਿਕ ਤੌਰ ਤੇ ਵੀ ਬਰਾਬਰ ਦਾ ਹਿੱਸਾ ਹੁੰਦਾ ਹੈ ਜੋ ਕਿ ਬਹੁਤੀਆਂ ਉਹ ਲੈਣ ਨੂੰ ਤਿਆਰ ਨਹੀਂ ਹੁੰਦੀਆਂ ਸਗੋਂ ਨਿੱਘੇ ਰਿਸਤੇ ਨੂੰ ਮਾਣਨ ਲਈ ਹੀ ਆਸਵੰਦ ਹੁੰਦੀਆਂ ਹਨ।

ਸੋ, ਅੱਜ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਲੋੜ ਹੈ ਨਾ ਕਿ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਦਬਾਉਣਾ ਚਾਹੀਦਾ ਹੈ। ਇਸ ਤਰ੍ਹਾਂ ਆਪਣੇ ਬੱਚਿਆਂ ਦੀਆਂ ਖੁਸ਼ੀਆਂ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਧੀਆਂ ਨੂੰ ਵੀ ਸਹੁਰੇ ਘਰ ਜਾ ਕੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਐਵੇਂ ਹੀ ਜਲਦਬਾਜ਼ੀ 'ਚ ਦਰਕਿਨਾਰ ਨਹੀਂ ਕਰ ਦੇਣਾ ਚਾਹੀਦਾ। ਇਸ ਲਈ ਲੜਕੀਆਂ,ਮਾਵਾਂ ਅਤੇ ਸੱਸਾਂ ਨੂੰ ਪਹਿਲੇ ਪਹਿਲੇ ਹਰ ਕਦਮ ਸੋਚ ਸਮਝ ਕੇ ਚੁੱਕਣਾ ਚਾਹੀਦਾ ਹੈ ਕਿ ਰਿਸਤਿਆਂ 'ਚ ਤਰੇੜਾਂ ਨਹੀਂ ਸਗੋਂ ਪਿਆਰ ਵਾਲੀ ਮਿਠਾਸ ਪੈਦਾ ਹੋਵੇ ਜਿਸ ਨਾਲ ਘਰ ਦਾ ਮਾਹੌਲ ਸੁਖਾਵਾਂ ਬਣਿਆ ਰਹੇ।

ਕੋਈ ਵੀ ਮਾਂ-ਬਾਪ ਆਪਣੇ ਬੱਚਿਆਂ ਦੀ ਵਿਆਹੁਤਾ ਜ਼ਿੰਦਗੀ 'ਚ ਤ੍ਰੇੜਾਂ ਪਾਉਣਾ ਨਹੀਂ ਚਾਹੁੰਦਾ ਹੁੰਦਾ ਪਰ ਕਈ ਵਾਰੀ ਨਿੱਕੀ ਜਿਹੀ ਗੱਲ ਤੋਂ ਇਹ ਵੱਧ ਕੇ ਕਲੇਸ਼ ਦਾ ਰੂਪ ਧਾਰਨ ਕਰ ਲੈਂਦਾ ਹੈ ਜਿਸ ਨੂੰ ਦੋਵੇਂ ਪਾਸੇ ਦੇ ਮਾਪਿਆਂ ਨੂੰ ਬੜੀ ਸਮਝਦਾਰੀ ਤੋਂ ਪਹਿਲਾਂ ਹੀ ਕੰਮ ਲੈਣਾ ਚਾਹੀਦਾ ਹੈ। ਅੱਜਕਲ੍ਹ ਤਾਂ ਬਹੁਤੇ ਪਰਿਵਾਰ ਵੀ ਇੱਕ ਜਾਂ ਦੋ ਬੱਚਿਆਂ ਵਾਲੇ ਹੀ ਹਨ। ਕਈ ਪਰਿਵਾਰਾਂ 'ਚ ਧੀਆਂ ਹੀ ਨਹੀਂ ਹਨ, ਉਨ੍ਹਾਂ ਨੂੰ ਧੀਆਂ ਦੀਆਂ ਭਾਵਨਾਵਾਂ ਦੀ ਸਮਝ ਜਰੂਰ ਹੋਣੀ ਚਾਹੀਦੀ ਹੈ।ਮੇਰੇ ਕਈ ਦੋਸਤਾਂ ਦੇ ਇੱਕ ਜਾਂ ਦੋ ਬੇਟੀਆਂ ਹੀ ਹਨ ਜੋ ਕਿ ਬੜੇ ਫਖਰ ਨਾਲ ਬੇਟਿਆਂ ਵਾਂਗ ਉਨ੍ਹਾਂ ਦਾ ਪਾਲਣ-ਪੌਸ਼ਣ ਕਰ ਰਹੇ ਹਨ। ਬਾਹਰਲੇ ਦੇਸ਼ਾਂ 'ਚ ਨੌਜਵਾਨੀ ਦੇ ਤੇਜ਼ੀ ਨਾਲ ਜਾਣ ਦੇ ਰੁਝਾਣ ਕਾਰਨ ਬਹੁਤੇ ਮਾਪੇ ਪੰਜਾਬ ਅੰਦਰ ਇਕੱਲੇ ਰਹਿ ਰਹੇ ਹਨ ਬੇਟਿਆਂ ਦਾ ਸਹਾਰਾ ਉਨ੍ਹਾਂ ਨੂੰ ਨਸੀਬ ਨਹੀਂ। ਕਈ ਮਾਪੇ ਧੀਆਂ ਕੋਲ ਰਹਿਣ ਲਈ ਮਜਬੂਰ ਹਨ, ਧੀਆਂ ਵੀ ਪੁੱਤਰਾਂ ਨਾਲੋਂ ਵੱਧ ਮਾਪਿਆਂ ਦਾ ਖਿਆਲ ਰੱਖਦੀਆਂ ਹਨ। ਸੋ ਸਾਨੂੰ ਲੜਕੀਆਂ ਪ੍ਰਤੀ ਆਪਣੀ ਸੋਚ ਨੂੰ ਸਾਰਥਕ ਰੂਪ 'ਚ ਰੱਖ ਕੇ ਸਮਾਜ ਚੋਂ ਘਿਨਾਉਣੇ ਵਤੀਰੇ ਨੂੰ ਖਤਮ ਕਰਨ ਵੱਲ ਕਦਮ ਉਠਾਉਣੇ ਚਾਹੀਦੇ ਹਨ ਤਾਂ ਕਿ ਆਪਣੇ ਬੱਚਿਆਂ ਦੀ ਜ਼ਿੰਦਗੀ ਨੂੰ ਖੁਸ਼ਗਵਾਰ ਬਣਾ ਸਕੀਏ।

# ਲਿੰਗਕ ਨਾ-ਬਰਾਬਰੀ ਦਾ ਸ਼ਿਕਾਰ ਭਾਰਤੀ ਨਾਰੀ



ਗੁਰਮੀਤ ਪਲਾਹੀ
91-98158-02070

ਵਿਸ਼ਵ ਲਿੰਗਕ ਨਾ-ਬਰਾਬਰੀ ਰਿਪੋਰਟ-2022 ਅਨੁਸਾਰ ਭਾਰਤ ਵਿਸ਼ਵ ਦੇ 146 ਦੇਸ਼ਾਂ ਵਿਚੋਂ 48 ਵੇਂ ਦਰਜੇ 'ਤੇ ਹੈ, ਜਦਕਿ ਸਾਡੇ ਗੁਆਂਢੀ ਮੁਲਕ ਬੰਗਲਾ ਦੇਸ਼ ਦਾ ਰੈਂਕ 9ਵਾਂ ਹੈ। ਦੇਸ਼ ਭਾਰਤ, ਵਿਸ਼ਵ ਦੀ ਤੀਜੀ ਵੱਡੀ ਅਰਥ ਵਿਵਸਥਾ ਬਨਣ ਦੇ ਗੇੜ ਵਿੱਚ ਹੈ, ਪਰ ਦੇਸ਼ 'ਚ ਗਰੀਬ-ਅਮੀਰ ਦਾ ਪਾੜਾ ਵਧ ਰਿਹਾ ਹੈ ਅਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਪ੍ਰਾਪਤ ਕਰਨ 'ਚ ਦੇਸ਼ ਲਗਾਤਾਰ ਪੱਛੜ ਰਿਹਾ ਹੈ।

ਆਰਥਿਕ ਤੇ ਸਿਆਸੀ ਤੌਰ 'ਤੇ ਹੀ ਨਹੀਂ, ਸਮਾਜਿਕ ਤੌਰ 'ਤੇ ਵੀ ਦੇਸ਼ ਭਾਰਤ 'ਚ ਲਿੰਗਕ ਅਸਮਾਨਤਾ ਹੈ। ਦੇਸ਼ 'ਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਮਜ਼ਦੂਰੀ ਨਹੀਂ ਮਿਲਦੀ, ਸਮਾਜਿਕ ਤੌਰ 'ਤੇ ਤ੍ਰਿਸਕਾਰ ਇੰਨਾ ਕਿ ਹਾਲੇ ਵੀ ਦੇਸ਼ ਦੇ ਕੁਝ ਖੇਤਰਾਂ 'ਚ ਉਸ ਨਾਲ ਹੱਦੋਂ ਵੱਧ ਭੈੜਾ ਸਲੂਕ ਹੁੰਦਾ ਹੈ। ਉਹਨਾਂ ਨੂੰ ਡੈਣ ਤੱਕ ਕਿਹਾ ਜਾਂਦਾ ਹੈ। ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਦੀ ਪਾਲਣ-ਪੋਸ਼ਣ ਅਤੇ ਸਿੱਖਿਆ ਨਹੀਂ। ਖਾਣ-ਪੀਣ 'ਚ ਵੀ ਘਰਾਂ 'ਚ ਦਰੇਗ ਹੁੰਦਾ ਹੈ ਅਤੇ ਕਈ ਥਾਈਂ ਤਾਂ ਹਾਲਤ ਇਹੋ ਜਿਹੇ ਹਨ ਕਿ ਉਹਨਾਂ ਦੇ ਜੰਮਣ 'ਤੇ ਵੀ ਪਾਬੰਦੀ ਹੈ, ਭਾਵ ਕੁੱਖਾਂ ਵਿੱਚ ਹੀ ਉਸ ਨੂੰ ਮਾਰ ਦਿੱਤਾ ਜਾਂਦਾ ਹੈ। ਸਿੱਟਾ ਦੇਸ਼ ਵਿੱਚ ਇਸ ਵੇਲੇ ਮਰਦ ਔਰਤ, ਅਨੁਪਾਤ 1000 ਮਰਦਾਂ ਪਿੱਛੇ 952 ਔਰਤਾਂ ਹਨ।

ਭਾਰਤ ਦੇਸ਼ ਵਿੱਚ ਲਿੰਗ ਭੇਦ ਭਾਵ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਅਤੇ ਮਜ਼ਬੂਤ ਹਨ। ਲਿੰਗਕ ਨਾ-ਬਰਾਬਰੀ ਦੇਸ਼ ਵਿੱਚ ਇਸ ਕਦਰ ਪੈਰ ਪਸਾਰ ਚੁੱਕੀ ਹੈ ਕਿ ਅਕਸਰ ਵੇਖਣ ਨੂੰ ਮਿਲਦਾ ਹੈ ਕਿ ਘਰ ਵਿੱਚ ਲਏ ਫ਼ੈਸਲਿਆਂ 'ਚ ਔਰਤਾਂ ਦੀ ਕੋਈ ਭੂਮਿਕਾ ਹੀ ਨਹੀਂ। ਇਥੇ ਹੀ ਬੱਸ ਨਹੀਂ ਸਮਾਜਿਕ ਸੰਗਠਨਾਂ 'ਚ ਵੀ ਔਰਤਾਂ ਦੀ ਭੂਮਿਕਾ ਨਾ ਮਾਤਰ ਹੈ। ਸਿਆਸੀ ਖੇਤਰ 'ਚ ਤਾਂ ਉਹ ਹੱਦੋਂ ਵੱਧ ਪਿੱਛੇ ਧੱਕੀਆਂ ਗਈਆਂ ਹੋਈਆਂ ਹਨ। ਦੇਸ਼ ਦੀ ਪਹਿਲੀ ਲੋਕ ਸਭਾ 'ਚ ਸਿਰਫ਼ 5 ਫ਼ੀਸਦੀ ਔਰਤਾਂ ਹੀ ਦੇਸ਼ ਦੀ ਪਾਰਲੀਮੈਂਟ ਵਿੱਚ ਬੈਠ ਸਕੀਆਂ ਸਨ। ਇੰਜ ਦੇਸ਼ ਦੇ ਨੀਤੀ ਨਿਰਧਾਰਨ 'ਚ ਖ਼ਾਸ ਕਰਕੇ ਔਰਤਾਂ ਪ੍ਰਤੀ ਨੀਤੀਆਂ ਘੜਨ 'ਚ ਉਹਨਾ ਦੀ ਭੂਮਿਕਾ ਨਾ ਮਾਤਰ ਹੀ ਰਹੀ ਹੈ।

ਭਾਰਤੀ ਨਾਰੀ, ਜਿਥੇ ਮਰਦ ਪ੍ਰਧਾਨ ਸਮਾਜ 'ਚ ਮਾਨਸਿਕ ਪੀੜਾਂ ਵਿਚੋਂ ਲੰਘ ਰਹੀ ਹੈ, ਉਥੇ ਜਿਸਮਾਨੀ ਤੌਰ 'ਤੇ ਵੀ ਉਸਦਾ ਬੇਹੱਦ ਸੋਸ਼ਣ ਹੁੰਦਾ ਹੈ। ਘਰੇਲੂ ਕਿਰਤ ਤੋਂ ਬਿਨ੍ਹਾਂ ਪਰਿਵਾਰ ਦੇ ਪਾਲਣ ਪੋਸ਼ਣ ਲਈ ਉਸਦੀ ਜਿਸਮਾਨੀ ਮਿਹਨਤ ਦਾ ਉਸਨੂੰ ਇਵਜ਼ਾਨਾ ਨਹੀਂ ਮਿਲਦਾ। ਦੇਸ਼ ਦੀ ਖੇਤੀਬਾੜੀ ਵਿੱਚ ਔਰਤਾਂ ਦੀ ਕਿਰਤ ਦਾ ਹਿੱਸਾ 6219 ਫ਼ੀਸਦੀ ਹੈ, ਪਰ ਉਹਨੂੰ ਤਾਂ ਕਈ ਹਾਲਤਾਂ ਵਿੱਚ ਢਿੱਡ ਭਰਕੇ ਰੋਟੀ ਵੀ ਨਸੀਬ ਨਹੀਂ ਹੁੰਦੀ। ਕਿੱਡਾ ਵੱਡਾ ਤ੍ਰਿਸਕਾਰ ਅਤੇ ਵਿਤਕਰਾ ਹੈ ਇਹ!

ਦੇਸ਼ ਦੀ ਆਜ਼ਾਦੀ ਦੀ ਪੌਣੀ ਸਦੀ ਬੀਤਣ ਅਤੇ ਭਾਰਤੀ ਸੰਵਿਧਾਨ ਵਿੱਚ ਬਰਾਬਰ ਦੇ ਹੱਕ ਪ੍ਰਦਾਨ ਕੀਤੇ ਜਾਣ ਦੇ ਬਾਵਜੂਦ ਵੀ ਭਾਰਤੀ ਨਾਰੀ ਦੇ ਦੇਸ਼ ਵਿੱਚ ਹਾਲਾਤ ਸੁਖਾਵੇਂ ਨਹੀਂ। ਭਾਵੇਂ ਦੇਸ਼ ਦੇ ਕੁਝ ਖ਼ਿੱਤਿਆਂ 'ਚ ਉਸਨੂੰ ਸਨਮਾਨਜਨਕ ਹੱਕ ਮਿਲੇ ਹਨ, ਸਿੱਖਿਆ ਪਰਾਪਤੀ ਅਤੇ ਮੁੜ ਨੌਕਰੀਆਂ 'ਚ ਵੀ ਉਸਨੂੰ ਕੁਝ ਹਿੱਸਾ ਮਿਲਿਆ ਹੈ, ਪਰ ਦੇਸ਼ ਦੀ ਆਬਾਦੀ ਦਾ ਲਗਭਗ 'ਅੱਧ' ਹੋਣ 'ਤੇ ਵੀ ਉਸਨੂੰ ਬਹੁਤੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਹੁਣੇ ਜਿਹੇ ਭਾਰਤ ਦੀ 17ਵੀਂ ਪਾਰਲੀਮੈਂਟ ਵਿੱਚ 106 ਵੀਂ ਸੋਧ ਔਰਤਾਂ ਅਤੇ ਮਰਦਾਂ 'ਚ ਅਸਮਾਨਤਾ ਦਾ ਖੱਪਾ ਪੂਰਿਆਂ ਕਰਨ ਲਈ ਕੀਤੀ ਗਈ ਹੈ, ਜਿਸ ਅਨੁਸਾਰ ਲੋਕ ਸਭਾ, ਦੇਸ਼ ਦੀਆਂ ਸਾਰੀਆਂ ਵਿਧਾਨ ਸਭਾਵਾਂ, ਦਿੱਲੀ ਅਸੰਬਲੀ ਵਿੱਚ ਕੁੱਲ ਸੀਟਾਂ ਦਾ ਤੀਜਾ ਹਿੱਸਾ ਔਰਤਾਂ ਲਈ ਰਾਖਵਾਂ ਕੀਤਾ ਗਿਆ ਹੈ। ਮੌਜੂਦਾ ਲੋਕ ਸਭਾ (2019-2024) ਵਿੱਚ ਔਰਤਾਂ ਦੀ ਗਿਣਤੀ ਮਸਾਂ 15 ਫ਼ੀਸਦੀ ਹੈ ਅਤੇ ਵਿਧਾਨ ਸਭਾਵਾਂ 'ਚ ਇਹਨਾ ਦੀ ਗਿਣਤੀ ਮਸਾਂ 9 ਫ਼ੀਸਦੀ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਇਹ ਕਾਨੂੰਨ ਉਸ ਵੇਲੇ ਲਾਗੂ ਗਿਣਿਆ ਜਾਏਗਾ, ਜਦੋਂ ਭਾਰਤ ਵਿੱਚ ਮਰਦਮਸ਼ੁਮਾਰੀ ਹੋਣ ਉਪਰੰਤ ਉਸਦੇ ਅੰਕੜੇ ਛਪਣਗੇ। 2021 'ਚ ਹੋਣ ਵਾਲੀ ਮਰਦਮਸ਼ੁਮਾਰੀ ਕਰੋਨਾ ਦੀ ਭੇਟ ਚੜ੍ਹ ਗਈ ਸੀ। ਅਤੇ ਹਾਲੇ ਨੇੜ ਭਵਿੱਖ 'ਚ ਇਹ ਮਰਦਮਸ਼ੁਮਾਰੀ ਹੋਣ ਦੀ ਸੰਭਾਵਨਾ ਨਹੀਂ। ਜੇਕਰ 2025 ਜਾਂ 2026 'ਚ ਮਰਦਮਸ਼ੁਮਾਰੀ ਹੋ ਜਾਂਦੀ ਹੈ ਤਦ ਵੀ ਅੰਕੜੇ ਛਾਪਣ ਲਈ ਘੱਟੋ-ਘੱਟ ਦੋ ਸਾਲ ਲਗਦੇ ਹਨ। ਜਿਸਦਾ ਸਿੱਧਾ ਅਰਥ ਅਤੇ ਅੰਦਾਜ਼ਾ ਇਹ ਹੈ ਕਿ ਇਹ ਕਾਨੂੰਨ 2029 ਦੀਆਂ ਚੋਣਾਂ 'ਚ ਸ਼ਾਇਦ ਹੀ ਲਾਗੂ ਹੋ ਸਕੇ। ਉਂਜ ਇਹ ਕਾਨੂੰਨ ਲਾਗੂ ਹੋਣ ਤੋਂ ਬਾਅਦ 15 ਸਾਲਾਂ ਲਈ ਗਿਣਿਆ ਜਾਏਗਾ।



ਅਸਲ ਵਿੱਚ ਦੇਸ਼ ਦੇ ਹਾਕਮ ਸਮੇਂ-ਸਮੇਂ 'ਤੇ ਔਰਤਾਂ ਦੀਆਂ ਵੋਟਾਂ ਹਥਿਆਉਣ ਲਈ ਨਵੇਂ ਕਾਨੂੰਨ ਬਨਾਉਣ ਦੇ ਦਮਗਜੇ ਮਾਰਦੇ ਰਹੇ, ਪਰ ਇਹ ਪਾਰਲੀਮੈਂਟ 'ਚ ਪੇਸ਼ ਕੀਤੇ ਬਿੱਲ ਔਰਤਾਂ ਨੂੰ ਲੋਕ ਸਭਾ, ਵਿਧਾਨ ਸਭਾਵਾਂ 'ਚ ਸੀਟਾਂ ਰਾਖਵੀਆਂ ਕਰਨ ਲਈ ਪੇਸ਼ ਬਿੱਲ, ਕਾਨੂੰਨ ਨਾ ਬਣ ਸਕੇ। 1979, 1996, 1998, 1999 'ਚ ਪੇਸ਼ ਇਹ ਬਿੱਲ ਕਿਸੇ ਸਿਰੇ ਨਾ ਲੱਗੇ। ਫਿਰ 2008 'ਚ ਇਹ ਬਿੱਲ ਰਾਜ ਸਭਾ 'ਚ ਡਿੱਗ ਪਿਆ ਸੀ । ਦੇਸ਼ ਦੀ ਹਰੇਕ ਪਾਰਟੀ ਨੇ ਔਰਤਾਂ ਨਾਲ ਦਰੇਗ ਕੀਤਾ ਅਤੇ ਇਹ ਹੁਣ ਵੀ ਜਾਰੀ ਹੈ। ਦੇਸ਼ ਦੀਆਂ ਸਿਆਸੀ ਪਾਰਟੀਆਂ ਮੌਜੂਦਾ ਦੌਰ 'ਚ ਆਪਣੀਆਂ ਲੋਕ ਸਭਾ, ਵਿਧਾਨ ਸਭਾ ਸੀਟਾਂ 'ਤੇ ਬਹੁਤ ਘੱਟ ਔਰਤ ਉਮੀਦਵਾਰਾਂ ਨੂੰ ਟਿਕਟਾਂ ਦਿੰਦੀਆਂ ਹਨ ਅਤੇ ਉਹਨਾ ਨੂੰ ਵਜ਼ਾਰਤ ਵਿੱਚ ਬਹੁਤ ਘੱਟ ਗਿਣਤੀ 'ਚ ਸ਼ਾਮਲ ਕਰਦੀਆਂ ਹਨ।

ਦੇਸ਼ ਦੀ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ 'ਚ ਰਾਖਵੇਂਕਰਨ ਦੇ ਨਾਲ-ਨਾਲ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ, ਮਿਊਂਸਪਲ ਕਮੇਟੀਆਂ ਆਦਿ ਵਿੱਚ ਸੰਵਿਧਾਨ 'ਚ ਸੋਧ ਕਰਕੇ ਔਰਤਾਂ ਨੂੰ 33 ਫ਼ੀਸਦੀ ਰਾਖਵਾਂਕਰਨ ਦਿੱਤਾ ਗਿਆ। ਪਰ ਜ਼ਮੀਨੀ ਹਕੀਕਤ ਇਹ ਹੈ ਕਿ ਪਿੰਡਾਂ, ਸ਼ਹਿਰਾਂ ਦੀਆਂ ਸਥਾਨਕ ਸਰਕਾਰਾਂ 'ਚ ਚੁਣੀਆਂ ਸਰਪੰਚ, ਪੰਚ ਜਾਂ ਮੈਂਬਰਾਨ ਦੀ ਥਾਂ ਉਹਨਾ ਦੇ ਪਤੀ, ਭਰਾ, ਪਿਓ ਜਾਂ ਕੋਈ ਹੋਰ ਨਜ਼ਦੀਕੀ ਰਿਸ਼ਤੇਦਾਰ ਕੰਮ ਕਰਦੇ ਵੇਖੇ ਜਾਂਦੇ ਹਨ ਭਾਵ ਉਹਨਾ ਨੂੰ ਆਪਣੇ ਹੱਕ ਵਰਤਨ ਦਾ ਮੌਕਾ ਹੀ ਨਹੀਂ ਮਿਲਦਾ।

ਨੀਤੀ ਨਿਰਮਾਣ ਖੇਤਰ (ਭਾਵ ਪਾਰਲੀਮੈਂਟ ਆਦਿ) 'ਚ ਹੀ ਨਹੀਂ, ਔਰਤਾਂ ਨੂੰ ਦੇਸ਼ ਦੀ ਗਵਰਨੈਂਸ 'ਚ ਵੀ ਬਰਾਬਰ ਹੱਕ ਕਦੇ ਨਹੀਂ ਮਿਲੇ। ਹੁਣ ਤੱਕ ਦੇਸ਼ ਵਿੱਚ ਸਿਰਫ਼ ਇੱਕ ਔਰਤ ਹੀ ਪ੍ਰਧਾਨ ਮੰਤਰੀ ਬਣੀ, ਸਿਰਫ਼ ਦੋ ਔਰਤਾਂ ਰਾਸ਼ਟਰਪਤੀ ਦਾ ਅਹੁਦਾ ਪ੍ਰਾਪਤ ਕਰ ਸਕੀਆਂ ਅਤੇ ਸਿਰਫ਼ 15 ਔਰਤਾਂ ਮੁੱਖ ਮੰਤਰੀ ਦੇ ਅਹੁਦੇ ਉਤੇ ਪੁੱਜ ਸਕੀਆਂ। ਇਥੇ ਹੀ ਬੱਸ ਨਹੀਂ ਦੇਸ਼ ਦੀ ਸੁਪਰੀਮ ਕੋਰਟ ਦੀ ਕੋਈ ਵੀ ਔਰਤ ਜੱਜ, ਮੁੱਖ ਜੱਜ ਦੇ ਅਹੁਦੇ ਤੱਕ ਨਹੀਂ ਪੁੱਜ ਸਕੀ।

ਭਾਵੇਂ ਭਾਰਤ ਵਿੱਚ ਅੱਜ ਵੀ ਵਿਹਾਰਿਕ ਤੌਰ 'ਤੇ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਅਤੇ ਸਾਡੇ ਦੇਸ਼ ਦੇ ਸੰਵਿਧਾਨ ਦੀ ਮਨਸ਼ਾ ਅਨੁਸਾਰ ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਜਾਇਦਾਦ ਵਿੱਚ ਹੱਕ ਹਨ, ਪਰ ਅਸਲ ਸੱਚਾਈ ਕੁਝ ਹੋਰ ਹੀ ਹੈ। ਔਰਤ ਨਾਲ ਜਾਇਦਾਦ ਦੇ ਹੱਕ ਵਿੱਚ ਭੇਦ ਭਾਵ ਹੈ। ਪ੍ਰੰਪਰਾਗਤ ਰੂਪ ਵਿੱਚ ਸਮਾਜ ਵਿੱਚ ਔਰਤਾਂ ਨੂੰ ਕਮਜ਼ੋਰ ਵਰਗ ਵਜੋਂ ਦੇਖਿਆ ਜਾਂਦਾ ਹੈ। ਉਸ ਨਾਲ ਘਰ ਅਤੇ ਸਮਾਜ ਦੋਵੇਂ ਥਾਵਾਂ 'ਤੇ ਸੋਸ਼ਣ, ਅਪਮਾਨ ਅਤੇ ਭੇਦ ਭਾਵ ਹੁੰਦਾ ਹੈ। ਪ੍ਰਸਿੱਧ ਸਮਾਜ ਸ਼ਾਸਤਰੀ ਸਿਲਵਿਆ ਵਾਲਵੇ ਅਨੁਸਾਰ "ਪਿਤਾ ਪੁਰਖੀ ਸਮਾਜਿਕ ਬਣਤਰ 'ਚ ਇਹੋ ਜਿਹੀ ਪ੍ਰਕਿਰਿਆ ਅਤੇ ਵਿਵਸਥਾ ਹੈ, ਜਿਸ ਵਿੱਚ ਆਦਮੀ ਔਰਤ ਉਤੇ ਆਪਣੀ ਧੌਂਸ ਜਮਾਉਂਦਾ ਹੈ, ਉਸ ਉਤੇ ਰੋਹਬ ਪਾਉਂਦਾ ਹੈ ਅਤੇ ਉਸਦਾ ਸੋਸ਼ਣ ਕਰਦਾ ਹੈ"। ਜੇਕਰ ਇੰਜ ਨਾ ਹੁੰਦਾ ਤਾਂ ਔਰਤਾਂ ਨੂੰ ਦਾਜ ਦੀ ਬਲੀ ਨਾ ਚੜ੍ਹਾਇਆ ਜਾਂਦਾ, ਉਸ ਉਤੇ ਘਰੇਲੂ ਹਿੰਸਾ ਨਾ ਹੁੰਦੀ। ਸਾਲ 2023 ਵਿੱਚ, ਨੈਸ਼ਨਲ ਕਮਿਸ਼ਨ ਫਾਰ ਵੂਮੈਨ ਕੋਲ 28811 ਸ਼ਿਕਾਇਤਾਂ ਔਰਤਾਂ ਵਲੋਂ ਘਰੇਲੂ ਹਿੰਸਾ ਸਬੰਧੀ ਦਰਜ਼ ਕਰਵਾਈਆਂ ਗਈਆਂ। ਇੱਕ ਰਿਪੋਰਟ ਅਨੁਸਾਰ ਦੇਸ਼ ਦੀਆਂ 32 ਫ਼ੀਸਦੀ ਵਿਆਹੀਆਂ ਔਰਤਾਂ ਆਪਣੇ ਪਤੀ ਦੀ ਜਿਸਮਾਨੀ ਅਤੇ ਮਾਨਸਿਕ ਹਿੰਸਾ ਸਹਿੰਦੀਆਂ ਹਨ।

ਔਰਤਾਂ ਨਾਲ ਭੇਦ ਭਾਵ, ਔਰਤਾਂ ਉਤੇ ਹਿੰਸਾ ਦੀਆਂ ਜੜ੍ਹਾਂ ਬੇਹੱਦ ਡੂੰਘੀਆਂ ਹਨ। ਫੈਡਰਿਕ ਐਂਗਲਜ਼ ਆਪਣੀ ਪੁਸਤਕ ਪਰਿਵਾਰ, ਪ੍ਰਾਈਵੇਟ ਜਾਇਦਾਦ ਅਤੇ ਰਾਜ ਵਿੱਚ ਲਿਖਦੇ ਹਨ ਕਿ ਖੇਤੀ ਉਤਪਾਦਕਾਂ ਦੇ ਵਾਧੇ ਨਾਲ ਮਨੁੱਖੀ ਮਨ 'ਚ ਪ੍ਰਾਈਵੇਟ ਜਾਇਦਾਦ ਦੀ ਭਾਵਨਾ ਪੈਦਾ ਹੋਈ, ਜਿਸ ਨਾਲ ਸੁਸਾਇਟੀ 'ਚ ਟੋਹਰ ਟੱਪੇ ਦੀ ਭਾਵਨਾ ਪ੍ਰਬਲ ਹੋਈ। ਸਿੱਟਾ ਕਬਜ਼ੇ ਦੀ ਭਾਵਨਾ ਨਾਲ ਰਾਜ ਕਰਨਾ ਆਰੰਭਿਆ ਅਤੇ ਔਰਤ ਨੂੰ ਵੀ ਮਰਦ ਨੇ ਆਪਣੀ ਜਾਇਦਾਦ ਸਮਝਣਾ ਸ਼ੁਰੂ ਕੀਤਾ। ਇਥੋਂ ਹੀ ਮਰਦ ਦੀ ਪ੍ਰਧਾਨਤਾ ਨੇ ਕੰਮ ਕੀਤਾ। ਇਹ ਪ੍ਰਧਾਨਤਾ ਰਾਜ ਭਾਗ ਵਿੱਚ ਵੀ ਪ੍ਰਵਾਨੀ ਗਈ ਅਤੇ ਮਰਦਾਂ ਦਾ ਔਰਤ ਉਤੇ ਰਾਜ ਅਤੇ ਔਰਤਾਂ ਦਾ ਸੋਸ਼ਣ ਆਰੰਭ ਹੋਇਆ।

ਵੱਖੋ-ਵੱਖਰੀਆਂ ਸਭਿਆਤਾਵਾਂ, ਦੇਸ਼ਾਂ ਵਿੱਚ ਮਰਦ, ਔਰਤਾਂ ਦੇ ਸਬੰਧਾਂ ਵਿੱਚ ਧਰਮ ਨੇ ਵੱਡਾ ਰੋਲ ਨਿਭਾਇਆ। ਬਹੁਤ ਘੱਟ ਧਰਮਾਂ ਵਿੱਚ, ਔਰਤ ਦੀਆਂ ਬਹੁਤੀਆਂ ਤਾਰੀਫ਼ਾਂ ਨਹੀਂ ਮਿਲਦੀਆਂ। ਭਾਰਤ ਵਿੱਚ ਤਾਂ ਔਰਤਾਂ ਦਾ ਸੋਸ਼ਣ ਭਾਰਤੀ ਸਮਾਜ ਵਿੱਚ ਸਦੀਆਂ ਪੁਰਾਣੀ ਸੰਸਕ੍ਰਿਤਕ ਘਟਨਾ ਹੈ। ਹਿੰਦੂ, ਮੁਸਲਿਮ ਧਰਮਾਂ 'ਚ ਮਰਦ ਪ੍ਰਧਾਨਤਾ ਵੇਖਣ ਨੂੰ ਮਿਲਦੀ ਹੈ। ਉਦਾਹਰਨ ਦੇ ਤੌਰ 'ਤੇ ਭਾਰਤੀ ਪ੍ਰਾਚੀਨ ਹਿੰਦੂ ਕਾਨੂੰਨ ਦੇ ਨਿਰਮਾਤਾ ਮਨੂ ਸਮ੍ਰਿਤੀ ਦੇ ਅਨੁਸਾਰ, "ਇਹ ਮੰਨਿਆ ਜਾਂਦਾ ਹੈ ਕਿ ਔਰਤ ਨੂੰ ਆਪਣੇ ਬਚਪਨ 'ਚ ਪਿਤਾ ਅਧੀਨ, ਵਿਆਹ ਤੋਂ ਬਾਅਦ ਆਪਣੇ ਪਤੀ ਦੇ ਅਧੀਨ ਅਤੇ ਬੁਢਾਪੇ ਜਾਂ ਵਿਧਵਾ ਹੋਣ ਤੋਂ ਬਾਅਦ ਆਪਣੇ ਪੁੱਤਰ ਦੇ ਅਧੀਨ ਰਹਿਣਾ ਚਾਹੀਦਾ ਹੈ। ਕਿਸੇ ਵੀ ਹਾਲਤ ਵਿੱਚ ਉਸਨੂੰ ਖ਼ੁਦ ਨੂੰ ਆਜ਼ਾਦ ਰਹਿਣ ਦੀ ਆਗਿਆ ਨਹੀਂ ਹੈ"।

ਇੰਜ ਧਾਰਮਿਕ ਮਾਨਤਾਵਾਂ ਵਿੱਚ ਵੀ ਔਰਤਾਂ ਨਾਲ ਇੱਕ ਕਿਸਮ ਦਾ ਵਿਤਕਰਾ ਹੋ ਰਿਹਾ ਹੈ। ਉਸ ਦੇ ਸਮਾਜ ਵਿੱਚ ਹੇਠਲੇ ਪੱਧਰ ਹੋਣ ਦਾ ਕਾਰਨ ਗਰੀਬੀ ਅਤੇ ਸਿੱਖਿਆ 'ਚ ਘਾਟ ਹੈ। ਇਸ ਸਥਿਤੀ ਵਿੱਚ ਔਰਤਾਂ ਨੂੰ ਬਹੁਤ ਹੀ ਘੱਟ ਵੇਤਨ ਮਿਲਦਾ ਹੈ, ਉਹ ਘਰੇਲੂ ਨੌਕਰ ਜਾਂ ਤੁਛ ਜਿਹੀਆਂ ਨੌਕਰੀਆਂ ਕਰਨ ਲਈ ਮਜ਼ਬੂਰ ਹੋ ਜਾਂਦੀਆਂ ਹਨ ਤਾਂ ਕਿ ਆਪਣੇ ਬੱਚਿਆਂ ਦਾ ਪੇਟ ਪਾਲ ਸਕਣ ਅਤੇ ਕਈ ਵੇਰ ਤਾਂ ਉਹਨਾ ਨੂੰ ਵੇਸਵਾ ਵਿਰਤੀ ਵੱਲ ਵੀ ਧੱਕ ਦਿੱਤਾ ਜਾਂਦਾ ਹੈ।

ਭਾਰਤ ਦੇ ਸੰਵਿਧਾਨ ਦੀ ਧਾਰਾ 15 ਅਧੀਨ ਲਿੰਗ, ਧਰਮ, ਜਾਤੀ ਅਤੇ ਜਨਮ ਸਥਾਨ ਵੱਖਰਾ ਹੋਣ 'ਤੇ ਕੀਤੇ ਕਿਸੇ ਵੀ ਭੇਦ ਭਾਵ ਦੀ ਮਨਾਹੀ ਕਰਦੀ ਹੈ। ਇਸੇ ਅਧਾਰ ਉਤੇ ਔਰਤਾਂ ਲਈ ਸੰਵਿਧਾਨਿਕ ਸੁਰੱਖਿਆ ਲਈ ਪ੍ਰਬੰਧ ਹਨ ਪਰ ਜ਼ਮੀਨੀ ਹਕੀਕਤ ਵੱਖਰੀ ਹੈ। ਇਹਨਾ ਸਾਰੇ ਪ੍ਰਾਵਧਾਨਾਂ ਦੇ ਬਾਵਜੂਦ ਔਰਤਾਂ ਨਾਲ ਅੱਜ ਵੀ ਦੂਜੀ ਸ਼੍ਰੇਣੀ ਦੇ ਨਾਗਰਿਕ ਜਿਹਾ ਵਰਤਾਓ ਕੀਤਾ ਜਾਂਦਾ ਹੈ। ਮਰਦ ਉਹਨਾ ਨੂੰ ਸਿਰਫ਼ ਆਪਣੀ ਕਾਮੁਕ ਇੱਛਾ ਦੀ ਪੂਰਤੀ ਕਰਨ ਦਾ ਮਾਧਿਅਮ ਹੀ ਨਹੀਂ ਮੰਨਦਾ ਸਗੋਂ ਔਰਤਾਂ ਉਤੇ ਅਤਿਆਚਾਰ ਕਰਨ ਤੋਂ ਵੀ ਦਰੇਗ ਨਹੀਂ ਕਰਦਾ।

ਬਿਨ੍ਹਾਂ ਸ਼ੱਕ ਔਰਤਾਂ 'ਚ ਆਪਣੇ ਹੱਕਾਂ ਪ੍ਰਤੀ ਚੇਤਨਤਾ ਵਧ ਰਹੀ ਹੈ। ਪਰ ਲਿੰਗਕ ਨਾ-ਬਰਾਬਰੀ ਦੂਰ ਕਰਨ ਲਈ ਕਾਨੂੰਨੀ ਪ੍ਰਾਵਧਾਨ ਦੇ ਇਲਾਵਾ ਉਹਨਾ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਸਰਕਾਰ ਤੇ ਸਮਾਜ ਨੂੰ ਅੱਗੇ ਆਉਣਾ ਪਵੇਗਾ। ਸਿਰਫ਼ ਵੋਟ ਪ੍ਰਾਪਤੀ ਲਈ ਕੀਤੇ ਐਲਾਨ ਉਹਨਾ ਦਾ ਕੁਝ ਵੀ ਸੁਆਰ ਨਹੀਂ ਸਕਣਗੇ।

# ਚਾਰ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਭਰ 'ਚ ਜ਼ਿਲ੍ਹਾ ਪੱਧਰੀ ਰੋਸ ਮਾਰਚ



**ਚੰਡੀਗੜ੍ਹ, (ਦਲਜੀਤ ਕੌਰ)** ਭਾਕਿਯੂ (ਏਕਤਾ-ਉਗਰਾਹਾਂ), ਭਾਕਿਯੂ ਏਕਤਾ ਡਕੌਂਦਾ (ਧਨੇਰ), ਕ੍ਰਾਂਤੀਕਾਰੀ ਕਿਸਾਨ ਯੂਨੀਅਨ ਭਾਰਤ ਅਤੇ ਕਿਰਤੀ ਕਿਸਾਨ ਯੂਨੀਅਨ ਦੀ ਹਮਾਇਤ ਨਾਲ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਲਾਗੂ ਕਰਵਾਉਣ ਲਈ, ਰਹਿੰਦੀਆਂ ਮੰਗਾਂ ਮੰਨਵਾਉਣ ਲਈ ਅਤੇ ਇਹਨਾਂ ਮੰਗਾਂ ਲਈ ਦਿੱਲੀ ਜਾਣ ਵਾਲੀਆਂ ਜਥੇਬੰਦੀਆਂ ਦਾ ਜਨਤਕ ਸੰਘਰਸ਼ ਦਾ ਸੰਵਿਧਾਨਕ ਜਮਹੂਰੀ ਹੱਕ ਖੋਹਣ ਖ਼ਿਲਾਫ਼, ਅੱਜ ਪੰਜਾਬ ਭਰ ਦੇ ਜ਼ਿਲ੍ਹਾ/ਸਬ ਡਵੀਜ਼ਨ ਕੇਂਦਰਾਂ 'ਤੇ ਭਾਜਪਾ ਸਰਕਾਰ ਵਿਰੁੱਧ ਵਿਸ਼ਾਲ ਧਰਨੇ ਦੇਣ ਉਪਰੰਤ ਸ਼ਹਿਰੀ ਬਾਜ਼ਾਰਾਂ ਵਿੱਚ ਰੋਸ ਮਾਰਚ ਕੀਤੇ ਗਏ। ਇਸ ਸਬੰਧੀ ਅੱਜ ਇੱਥੇ ਪ੍ਰੈਸ ਦੇ ਨਾਂ ਸਾਂਝਾ ਬਿਆਨ ਜਾਰੀ ਕਰਦਿਆਂ ਜਥੇਬੰਦੀਆਂ ਦੇ ਪ੍ਰਧਾਨਾਂ ਜੋਗਿੰਦਰ ਸਿੰਘ ਉਗਰਾਹਾਂ, ਮਨਜੀਤ ਸਿੰਘ ਧਨੇਰ, ਡਾ: ਦਰਸ਼ਨਪਾਲ ਅਤੇ ਨਿਰਭੈ ਸਿੰਘ ਢੁੱਡੀਕੇ ਨੇ ਦੱਸਿਆ ਕਿ ਇਹਨਾਂ ਰੋਸ ਪ੍ਰਦਰਸ਼ਨਾਂ ਦੀਆਂ ਮੁੱਖ ਮੰਗਾਂ ਵਿਚ ਦਸੰਬਰ '21 ਦੇ ਲਿਖਤੀ ਸਰਕਾਰੀ ਵਾਅਦੇ ਵਾਲੀਆਂ ਮੰਗਾਂ ਜਿਵੇਂ ਸਭ ਫਸਲਾਂ ਦੀ ਐਮ ਐਸ ਪੀ ਦੀ ਕਾਨੂੰਨੀ ਗਰੰਟੀ, ਕਿਸਾਨਾਂ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ ਤੇ ਬੁਢਾਪਾ ਪੈਨਸ਼ਨ, ਸਰਵਜਨਿਕ ਜਨਤਕ ਵੰਡ ਪ੍ਰਣਾਲੀ ਲਾਗੂ ਕਰਨ ਅਤੇ ਲਖੀਮਪੁਰ ਖੀਰੀ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਪੂਰਾ ਇਨਸਾਫ਼ ਦੇਣ ਵਰਗੀਆਂ ਲਟਕਦੀਆਂ ਮੰਗਾਂ ਤੋਂ ਇਲਾਵਾ ਭਾਰਤ ਨੂੰ ਡਬਲਯੂ ਟੀ ਓ ਤੋਂ ਬਾਹਰ ਲਿਆਉਣ, ਸ਼ੁਭਕਰਨ ਸਿੰਘ ਦੇ ਕਤਲ ਅਤੇ ਪ੍ਰੀਤਪਾਲ ਸਿੰਘ ਦੀਆਂ ਲੱਤਾਂ/ਜਬਾੜ੍ਹੇ ਤੋੜਨ ਲਈ ਜ਼ਿੰਮੇਵਾਰ ਕੇਂਦਰ ਤੇ ਹਰਿਆਣਾ ਦੇ ਗ੍ਰਹਿ ਮੰਤਰੀਆਂ ਸਮੇਤ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਵਿਰੁੱਧ ਕਤਲ ਕੇਸ ਦਰਜ ਕਰ ਕੇ ਬਰਖ਼ਾਸਤ ਕਰਨ, ਦਿੱਲੀ ਘੋਲ ਦੇ ਅਤੇ ਮੌਜੂਦਾ ਪੰਜਾਬ/ਹਰਿਆਣਾ ਬਾਡਰਾਂ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਪੂਰਾ ਇਨਸਾਫ਼ ਦੇਣ ਅਤੇ ਰਾਜਧਾਨੀ ਦਿੱਲੀ ਵਿਚ ਕਿਸਾਨਾਂ ਦਾ ਜਨਤਕ ਸੰਘਰਸ਼ ਕਰਨ ਦਾ ਸੰਵਿਧਾਨਕ ਜਮਹੂਰੀ ਹੱਕ ਬਹਾਲ ਕਰਨ ਵਰਗੀਆਂ ਭਖਦੀਆਂ ਮੰਗਾਂ ਸ਼ਾਮਲ ਹਨ।

ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਇਨ੍ਹਾਂ ਮੰਗਾਂ ਦੀ ਪੂਰਤੀ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ 14 ਮਾਰਚ ਨੂੰ ਦਿੱਲੀ ਦੇ ਰਾਮਲੀਲਾ ਗਰਾਊਂਡ ਵਿਖੇ ਕਿਸਾਨ ਮਜ਼ਦੂਰ ਮਹਾਂਪੰਚਾਇਤ ਕੀਤੀ ਜਾ ਰਹੀ ਹੈ। ਅੱਜ ਦੇ ਰੋਸ ਪ੍ਰਦਰਸ਼ਨ ਇਸ ਮਹਾਂ ਪੰਚਾਇਤ ਦੀ ਤਿਆਰੀ ਲਈ ਮਾਹੌਲ ਸਿਰਜਣਗੇ। ਇਤਿਹਾਸਕ ਦਿੱਲੀ ਕਿਸਾਨ ਘੋਲ ਵਾਂਗ ਸਮੂਹ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦੀ ਘੱਟੋ ਘੱਟ ਪ੍ਰੋਗਰਾਮ 'ਤੇ ਇੱਕਜੁਟਤਾ ਅਤੇ ਵਿਸ਼ਾਲ ਲਾਮਬੰਦੀ ਹੀ ਕਿਸਾਨਾਂ ਦੇ ਹਿੱਤਾਂ ਦੀ ਗਰੰਟੀ ਕਰ ਸਕਦੀ ਹੈ। ਅੱਜ ਦੇ ਧਰਨਿਆਂ ਨੂੰ ਬਿਆਨ ਜਾਰੀ ਕਰਤਾਵਾਂ ਤੋਂ ਇਲਾਵਾ ਸੁਖਦੇਵ ਸਿੰਘ ਕੋਕਰੀ ਕਲਾਂ, ਹਰਨੇਕ ਸਿੰਘ ਮਹਿਮਾ, ਗੁਰਮੀਤ ਸਿੰਘ ਮਹਿਮਾ, ਰਮਿੰਦਰ ਪਟਿਆਲਾ, ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਅਵਤਾਰ ਸਿੰਘ ਮਹਿਮਾ, ਗੁਰਦੀਪ ਸਿੰਘ ਰਾਮਪੁਰਾ, ਹਰਿੰਦਰ ਕੌਰ ਬਿੰਦੂ, ਅੰਮ੍ਰਿਤਪਾਲ ਕੌਰ ਅਤੇ ਸ਼ਿੰਗਾਰਾ ਸਿੰਘ ਮਾਨ ਤੋਂ ਇਲਾਵਾ ਜ਼ਿਲ੍ਹਿਆਂ ਦੇ ਆਗੂਆਂ ਨੇ ਵੀ ਸੰਬੋਧਨ ਕੀਤਾ

# ਪੁਸਤਕ ਸਮੀਖਿਆ

**ਪੰਖ ਵਿਹੂਣੀ ਉਡਾਨ**
**ਰਿਵਿਊਕਾਰ : ਬਲਜਿੰਦਰ ਮਾਨ 9850 18947**
**ਲੇਖਕ: ਡਾਕਟਰ ਧਰਮਪਾਲ ਸਾਹਿਲ ਅਤੇ ਪ੍ਰਿੰ. ਪ੍ਰੋਮਿਲਾ ਅਰੋੜਾ**
**ਪ੍ਰਕਾਸ਼ਕ : ਪੰਜ ਆਬ ਪ੍ਰਕਾਸ਼ਨ ਜਲੰਧਰ, ਮੁੱਲ 120 ਰੁਪਏ, ਪੰਨੇ 96**
**ਪੁਸਤਕ 'ਪੰਖ ਵਿਹੂਣੀ ਉਡਾਨ'**

ਪੰਜਾਬੀ ਅਤੇ ਹਿੰਦੀ ਵਿੱਚ ਡਾ. ਧਰਮਪਾਲ ਸਾਹਿਲ ਅਤੇ ਪ੍ਰਿੰਸੀਪਲ ਪ੍ਰੋਮਿਲਾ ਅਰੋੜਾ ਦੁਆਰਾ ਲਿਖੀ ਗਈ ਪੁਸਤਕ ਹੈ ਜਿਸਦੀ ਰਚਨਾ ਬੜੀ ਮਿਹਨਤ ਅਤੇ ਲਗਨ ਨਾਲ ਕੀਤੀ ਗਈ ਹੈ। ਪਿਛਲੇ 40 ਸਾਲ ਤੋਂ ਮੰਜੇ ਨਾਲ ਮੰਜਾ ਹੋਏ ਸੁਭਾਸ਼ ਪਾਰਸ ਦੇ ਦਰਦਾਂ ਦੀ ਇਹ ਇੱਕ ਦਰਦੀਲੀ ਦਾਸਤਾਨ ਹੈ। ਪੁਸਤਕ ਦੇ ਪੰਨੇ ਪਰਤਦਿਆਂ ਜਿੱਥੇ ਸਾਨੂੰ ਸੁਭਾਸ਼ ਦੇ ਦਰਦ ਭਰੇ ਜੀਵਨ ਦੇ ਬਹੁਤ ਦੁੱਖਦਾਈ ਦ੍ਰਿਸ਼ਾਂ ਦੇ ਦਰਸ਼ਨ ਹੁੰਦੇ ਹਨ ਉੱਥੇ ਜੀਵਨ ਵਿੱਚ ਦੁਸ਼ਵਾਰੀਆਂ ਦੇਣ ਵਾਲੇ ਆਪਣੇ ਅਤੇ ਪਰਾਇਆਂ ਦੀ ਵਾਕਫੀਅਤ ਵੀ ਹੁੰਦੀ ਹੈ। ਬਚਪਨ ਵਿੱਚ ਹੀ ਇੱਕ ਭੈੜੀ ਬਿਮਾਰੀ ਦਾ ਸ਼ਿਕਾਰ ਹੋ ਕੇ ਉਹ ਮੰਜੇ ਨਾਲ ਲੱਗ ਗਿਆ। ਸਕੇ ਭਰਾ ਨੇ ਪੁੱਛਿਆ ਤੱਕ ਨਹੀਂ। ਸਕੇ ਸਬੰਧੀ ਵੀ ਸਾਥ ਛੱਡ ਗਏ। ਪਰਿਵਾਰਕ ਗਰੀਬੀ ਨੇ ਇਲਾਜ ਨਹੀਂ ਹੋਣ ਦਿੱਤਾ। ਭੈਣ ਸਰੋਜ ਨੂੰ ਸਹੁਰਿਆਂ ਨੇ ਅੱਗ ਲਾ ਕੇ ਮਾਰ ਦਿੱਤਾ।ਦੂਜੀ ਭੈਣ ਨੀਲਮ ਨੂੰ ਨਸ਼ੇੜੀ ਪਤੀ, ਪੁੱਤਰ ਅਤੇ ਸਹੁਰਿਆਂ ਨੇ ਕੱਟ ਮਾਰ ਘਰੋਂ ਕੱਢ ਦਿੱਤਾ। ਨੀਲਮ ਦਾ ਪਤੀ ਅਤੇ ਪੁੱਤਰ ਨਸ਼ੇੜੀ ਬਣਕੇ ਸਮਾਜ ਲਈ ਭਾਰ ਬਣ ਗਏ ਤੇ ਆਪਣਿਆਂ ਲਈ ਦੁੱਖਾਂ ਦੀ ਪੰਡ। ਸੁਭਾਸ਼ ਮੰਜੇ ਤੇ ਪਿਆ ਇਹ ਸਾਰੇ ਦੁੱਖ ਦਰਦ ਸਹਿੰਦਾ ਰਿਹਾ। ਉਸਨੂੰ ਝੂਠੇ ਕੇਸਾਂ ਵਿੱਚ ਵੀ ਫਸਾਇਆ ਗਿਆ। ਪੁਸਤਕ ਦਾ ਪਾਠ ਕਰਦਿਆਂ ਪਾਠਕ ਦਾ ਰੋਣ ਨਿਕਲ ਜਾਂਦਾ ਹੈ ਅਤੇ ਦਿਲ ਵਲੂੰਧਰਿਆ ਜਾਂਦਾ ਹੈ। ਉਹ ਆਪ ਮੁਹਾਰਾ ਹੀ ਕੂਕ ਉੱਠਦਾ ਹੈ ਤੇ ਮਾਲਕ ਅੱਗੇ ਅਰਦਾਸ ਕਰਦਾ ਹੈ ਕਿ ਨੇਕ ਇਨਸਾਨਾਂ ਨੂੰ ਅਜਿਹੀ ਸਜ਼ਾ ਕਿਉਂ ਦਿੱਤੀ ਜਾਂਦੀ ਹੈ?




ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀ ਲੋਕਾਂ ਦੇ ਉਹ ਨਜ਼ਰੀ ਕਿਉਂ ਨਹੀਂ ਪਿਆ। ਉਸਦੀ ਹਿੰਮਤ ਅਤੇ ਲਗਨ ਨੂੰ ਸਲਾਮ ਕਰਨੀ ਬਣਦੀ ਹੈ।

ਪ੍ਰਸ਼ਾਸਨ ਅਤੇ ਸ਼ਾਸਨ ਕਿਵੇਂ ਚਲਦੇ ਨੇ ਇਸ ਬਾਰੇ ਵੀ ਇਹ ਪੁਸਤਕ ਬਹੁਤ ਕੁਝ ਸਪਸ਼ਟ ਕਰਦੀ ਹੈ। ਲੋੜਵੰਦ ਨੂੰ ਕੁਝ ਨਹੀਂ ਮਿਲਦਾ ਅਤੇ ਭਰੇ ਖਜ਼ਾਨਿਆਂ ਵਾਲੇ ਹੋਰ ਭਰਪੂਰ ਹੁੰਦੇ ਜਾਂਦੇ ਨੇ। ਇਨਸਾਨੀਅਤ ਖਤਮ ਹੋ ਚੁੱਕੀ ਹੈ। ਜੇਕਰ ਕੁਝ ਇਨਸਾਨ ਜਿਉਂਦੇ ਹਨ ਤਦ ਹੀ ਇਹ ਸਮਾਜ ਚੱਲ ਰਿਹਾ ਹੈ ।ਮੰਜੇ ਤੇ ਪਏ ਪਾਰਸ ਨੂੰ ਕਿਸੇ ਸੱਜਣ ਪੁਰਸ਼ ਨੇ ਧਾਰਮਿਕ ਪੁਸਤਕਾਂ ਮੁਹਈਆ ਕੀਤੀਆਂ ਤਾਂ ਉਸ ਦਾ ਜੀਵਨ ਹੀ ਪਲਟ ਗਿਆ। ਉਸ ਅੰਦਰ ਅੰਦਰੂਨੀ ਰੌਸ਼ਨੀ ਨੇ ਨਵੀਆਂ ਕਿਰਨਾਂ ਭਰ ਦਿੱਤੀਆਂ। ਇਹਨਾਂ ਕਿਰਨਾਂ ਦੇ ਆਸਰੇ ਉਹ ਪੰਜਾਬੀ, ਹਿੰਦੀ ਤੇ ਉਰਦੂ ਸਿੱਖ ਗਿਆ। ਫਿਰ ਕਵਿਤਾ ਲਿਖਣ ਲੱਗ ਪਿਆ।

ਪੰਜਾਬੀ ਹਿੰਦੀ ਵਿੱਚ ਲਿਖੀਆਂ ਕਵਿਤਾਵਾਂ ਦੇਸ਼ ਵਿਦੇਸ਼ ਵਿੱਚ ਆਨਲਾਈਨ ਪੜ੍ਹੀਆਂ ਜਾਣ ਲੱਗੀਆਂ ਤਾਂ ਉਸ ਦੀ ਚਰਚਾ ਹੋਣ ਲੱਗੀ ।ਹਮਦਰਦ ਸੱਜਣਾ ਨੇ ਉਸ ਦਾ ਮਾਣ ਸਨਮਾਨ ਕਰਨਾ ਆਰੰਭ ਕੀਤਾ। ਦੇਸ਼ ਵਿਦੇਸ਼ ਦੇ ਇਨਾਮ ਸਨਮਾਨ ਪ੍ਰਾਪਤ ਕਰਕੇ ਵੀ ਉਹ ਬੈਡ ਤੇ ਪਿਆ ਸਰਬੱਤ ਦੇ ਭਲੇ ਦੀਆਂ ਅਰਦਾਸਾਂ ਕਰਦਾ ਹੈ। ਗਰੀਬੀ ਅਤੇ ਬਿਮਾਰੀ ਨਾਲ ਜੂਝਦੇ ਇਸ ਇਨਸਾਨ ਤੋਂ ਸਾਨੂੰ ਪ੍ਰੇਰਨਾ ਮਿਲਦੀ ਹੈ ਕਿ ਬੰਦਾ ਚਾਹੇ ਤਾਂ ਕੁਝ ਵੀ ਕਰ ਸਕਦਾ ਹੈ। ਉਸਦੇ ਦੁੱਖ ਦਰਦ ਬਿਆਨਣ ਵਿੱਚ ਡਾ. ਧਰਮਪਾਲ ਸਾਹਿਲ ਅਤੇ ਪ੍ਰਿੰ. ਪ੍ਰੋਮਿਲਾ ਅਰੋੜਾ ਨੇ ਕੋਈ ਕਸਰ ਨਹੀਂ ਛੱਡੀ। ਪੁਸਤਕ ਵਿੱਚ ਛਪੀਆਂ ਉਸਦੀਆਂ ਰਚਨਾਵਾਂ ਉਸ ਦੇ ਉੱਚ ਪਾਏ ਦੀ ਸਿਰਜਣਾ ਦੀ ਗਵਾਹੀ ਭਰਦੀਆਂ ਹਨ। ਸ਼ਬਦ ਸਾਧਨਾ ਨਾਲ ਪਈ ਸਾਂਝ ਨੇ ਉਸ ਅੰਦਰ ਨਵੀਂ ਰੂਹ ਭਰ ਦਿੱਤੀ ਹੈ। ਉੱਤਰਾਖੰਡ ਤੋਂ ਪ੍ਰੇਮ ਸਾਹਿਲ ਕੈਨੇਡਾ ਤੋਂ ਸੁੱਖੀ ਬਾਠ ਅਤੇ ਸਿਰਜਣਾ ਕੇਂਦਰ ਕਪੂਰਥਲਾ ਦੇ ਮੈਂਬਰ ਉਸ ਦਾ ਘਰ ਜਾ ਕੇ ਮਾਣ ਸਨਮਾਨ ਕਰ ਚੁੱਕੇ ਹਨ। ਉਸ ਦੁਆਰਾ ਸਿਰਜੀਆਂ ਪੁਸਤਕਾਂ 'ਰਿਸ਼ਤੇ, ਫਰਿਸ਼ਤੇ ਅਤੇ ਸਰੋਜ-ਇੱਕ ਦਾਸਤਾਨ' ਨੂੰ ਵੀ ਸਨਮਾਨ ਮਿਲ ਚੁੱਕੇ ਹਨ। ਹਥਲੀ ਪੁਸਤਕ 'ਪੰਖ ਵਿਹੂਣੀ ਉਡਾਨ' ਰਾਹੀਂ ਅਸੀਂ ਸਮੁੱਚੇ ਸਮਾਜਿਕ ਵਰਤਾਰੇ ਦੇ ਦਰਸ਼ਨ ਕਰ ਸਕਦੇ ਹਾਂ। ਡਾ. ਧਰਮਪਾਲ ਸਾਹਿਲ ਅਤੇ ਪ੍ਰਿੰ. ਅਰੋੜਾ ਵੱਲੋਂ ਸਿਰਜੀ ਇਹ ਪੁਸਤਕ ਇੱਕ ਨਿਵੇਕਲੀ ਕਿਰਤ ਹੈ ਜੋ ਹਰ ਇਨਸਾਨ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਪ੍ਰੇਰਨਾ ਦਿੰਦੀ ਹੈ।




# ਬਾ ਕਮਾਲ ਸੀ ਪੁਰੇਵਾਲ ਭਰਾਵਾਂ ਦੀਆਂ ਪੇਂਡੂ ਮਿੰਨੀ ਹਕੀਮਪੁਰ ਓਲੰਪਿਕ ਖੇਡਾਂ

## ਇਰਾਨ ਦੇ ਪਹਿਲਵਾਨ ਮਿਰਜ਼ਾ ਨੇ ਜਿੱਤਿਆ ਸ਼ੇਰੇ ਹਿੰਦ ਖਿਤਾਬ





ਲੰਬੇ ਅਰਸੇ ਬਾਅਦ ਪੂਰੇਵਾਲ ਭਰਾਵਾਂ ਦੀਆਂ ਪੇਂਡੂ ਮਿੰਨੀ ਓਲੰਪਿਕ ਹਕੀਮਪੁਰ ਖੇਡਾਂ ਵੇਖਣ ਦਾ ਮੁੱਖ ਮੌਕਾ ਮਿਲਿਆ । 2 ਮਾਰਚ ਨੂੰ ਮੌਸਮ ਬੜਾ ਬੇਈਮਾਨ ਸੀ ਪਰ ਵਫਾਦਾਰ ਵੀ ਸੀ ਕਿਉਂਕਿ ਕਿਵੇਂ ਨਾ ਕਿਵੇਂ ਠੰਡੇ ਮੌਸਮ ਅਤੇ ਬਰਸਾਤੀ ਮੌਸਮ ਦੇ ਜਰੀਏ ਖੇਡਾਂ ਸਫਲਤਾ ਪੂਰਵ ਨੇਪਰੇ ਚੜ ਗਈਆਂ।

ਗੁਰਜੀਤ ਸਿੰਘ ਪੂਰੇਵਾਲ ਸਾਹਿਬ ਦਾ ਖੇਡਾਂ ਤੇ ਆਉਣ ਲਈ ਸੱਦਾ ਸੀ ਮੈਂ ਆਪਣੇ ਪਰਮ ਮਿੱਤਰ ਹਰਦੀਪ ਸਿੰਘ ਸੈਣੀ ਅਤੇ ਮਨਜਿੰਦਰ ਸਿੰਘ ਇਆਲੀ ਦੇ ਨਾਲ ਹਕੀਮਪੁਰ ਪੁੱਜਿਆ ਮੌਸਮ ਬਹੁਤ ਹੀ ਠੰਡਕ ਵਾਲਾ ਅਤੇ ਬਰਸਾਤ ਸਿਰ ਤੇ ਖੜੀ ਸੀ । ਸਟੇਜ ਤੇ ਸੱਜੇ ਪਾਸੇ ਬਹੁਤ ਹੀ ਵਧੀਆ ਅੰਤਰਰਾਸ਼ਟਰੀ ਪੱਧਰ ਦੀਆਂ ਕੁਸ਼ਤੀਆਂ ਹੋ ਰਹੀਆਂ ਸਨ, ਸਾਹਮਣੇ ਨੌਰਥ ਇੰਡੀਆ ਕਬੱਡੀ ਫੈਡਰੇਸ਼ਨ ਦੀਆਂ ਟੀਮਾਂ ਦੇ ਕਬੱਡੀ ਦੇ ਫਸਵੇਂ ਮੁਕਾਬਲੇ ਹੋ ਰਹੇ ਸਨ ਅਤੇ ਗੁਰੂ ਦੀ ਲਾਡਲੀਆਂ ਫੌਜਾਂ ਟਰੈਕ ਦੇ ਵਿੱਚ ਆਪਣੇ ਘੋੜ ਸਵਾਰੀ ਦੇ ਜੋਹਰ ਵਿਖਾ ਰਹੇ ਸਨ। ਖੇਡਾਂ ਦਾ ਮਾਹੌਲ ਬਹੁਤ ਹੀ ਸੁਹਾਵਣਾ ਸੀ। ਮਾਸਟਰ ਜੋਗਾ ਸਿੰਘ ਨੇ ਸਾਡੀ ਵਧੀਆ ਆਓ ਭਗਤ ਕੀਤੀ ਅਤੇ ਸੰਤੋਖ ਮੰਡੇਰ ਨੇ ਪਹਿਲਾਂ ਦੀ ਤਰ੍ਹਾਂ ਸਾਡੀਆ ਕਈ ਫੋਟੋ ਖਿੱਚੀਆਂ ਪਰ ਆਮ ਤੌਰ ਤੇ ਮੰਡੇਰ ਸਾਹਿਬ ਦੀਆਂ ਫੋਟੋਆਂ ਮਿਲਦੀਆਂ ਘੱਟ ਹੀ ਹੁੰਦੀਆਂ ਹਨ। ਹੋ ਸਕਦਾ ਐਤਕੀ ਫੇਸ ਬੁੱਕ ਤੇ ਦੇਖਣ ਨੂੰ ਮਿਲ ਜਾਣ। ਸਟੇਜ ਤੋਂ ਪ੍ਰੋਫੈਸਰ ਮੱਖਣ ਸਿੰਘ ਹਕੀਮਪੁਰ ਆਪਣੇ ਵਧੀਆ ਅੰਦਾਜ਼ ਵਿੱਚ ਕਮੈਂਟਰੀ ਕਰ ਰਿਹਾ ਸੀ ਜਦ ਕਿ ਕਬੱਡੀ ਦੇ ਮੈਦਾਨ ਵਿੱਚ ਗੁਰਪ੍ਰੀਤ ਬੇਰਕਲਾਂ ਅਤੇ ਕੁਸ਼ਤੀਆਂ ਦੇ ਮੈਦਾਨ ਵਿੱਚ ਪੀਆਰ ਸੌਂਧੀ ਦੀ ਆਵਾਜ਼ ਟਣਕ ਦੀ ਸੀ । ਕੁਸ਼ਤੀਆਂ ਦੇ ਮੁਕਾਬਲਿਆਂ ਨੂੰ ਅਸੀਂ ਸਟੇਜ ਤੋਂ ਬੜਾ ਨੇੜੇ ਹੋ ਕੇ ਤੱਕਿਆ ਅਤੇ ਕੁਸ਼ਤੀਆਂ ਦੇਖਣ ਦਾ ਸਵਾਦ ਵੀ ਬੜਾ ਆਇਆ। ਸ਼ੇਰੇ ਹਿੰਦ ਖਿਤਾਬ ਲਈ ਇਕ ਲੱਖ ਰੁਪਏ ਦੀ ਇਨਾਮੀ ਰਾਸ਼ੀ ਵਾਲੇ ਮੁਕਾਬਲੇ ਵਿੱਚ ਇਰਾਨ ਦੇ ਮਿਰਜਾ ਨੇ ਭਾਰਤੀ ਨੇਵੀ ਦੇ ਦੀਪਕ ਪੂਣੀਆਂ ਨੂੰ ਚਿੱਤ ਕੀਤਾ ਜਦ ਕਿ ਕੁੜੀਆਂ ਦੇ ਵਿੱਚ ਇੱਕ ਵੱਡਾ ਉਲਟ ਫੇਰ ਕਰਦਿਆਂ ਮਹਾਂਭਾਰਤ ਕੇਸਰੀ ਖਿਤਾਬ ਲਈ ਹਰਿਆਣਾ ਦੀ ਕਾਜਲ ਨੇ ਦਿਵਿਆ ਕਕਰਾਨ ਨੂੰ ਹਰਾ ਕੇ 51000 ਹਜਾਰ ਦੀ ਇਨਾਮੀ ਰਾਸ਼ੀ ਵਾਲਾ ਖਿਤਾਬ ਜਿੱਤਿਆ ਇਸੇ ਤਰ੍ਹਾਂ ਭਾਰਤ ਕੁਮਾਰੀ ਖਿਤਾਬ ਲਈ ਹਰਿਆਣਾ ਦੀ ਪੁਸ਼ਪਾ ਨੇ ਪੰਜਾਬ ਦੀ ਸਪਨਾ ਨੂੰ ਹਰਾਇਆ। ਦੂਜੇ ਪਾਸੇ ਕਬੱਡੀ ਦਾ ਇੱਕ ਸੈਮੀਫਾਈਨਲ ਤਾ ਨੇਪੜੇ ਚੜ ਗਿਆ ਸੀ ਬਾਕੀ ਸਾਰਾ ਮੇਲਾ ਮੀਂਹ ਦੀ ਭੇਟ ਹੀ ਚੜ ਗਿਆ। ਕਬੱਡੀ ਦੇਖਣ ਦਾ ਸਵਾਦ ਕਬੱਡੀ ਪ੍ਰੇਮੀਆਂ ਦਾ ਕਿਰਕਰਾ ਹੀ ਹੋ ਗਿਆ। ਬਾਅਦ 'ਚ ਪਤਾ ਲੱਗਿਆ ਕਿ ਡੀਏਵੀ ਜਲੰਧਰ ਨੂੰ ਕਬੱਡੀ ਦੇ ਵਿੱਚ ਪਹਿਲਾ ਇਨਾਮ ਮਿਲਿਆ ਤੇ ਹਰਜੀਤ ਕਬੱਡੀ ਕਲੱਬ ਸਰੀ ਅਤੇ ਰੋਇਲ ਕਿੰਗ ਯੂਐਸਏ ਨੂੰ ਦੂਜੇ ਨੰਬਰ ਤੇ ਐਲਾਨਿਆ ਗਿਆ। 22, 23 ਸ਼ਖਸੀਅਤਾਂ ਦਾ ਸਨਮਾਨ ਵੀ ਹੋਣਾ ਸੀ ਜਿਨਾਂ ਵਿੱਚ ਮੈਂ ਵੀ ਸੀ ਪਰ ਮੇਰੇ ਮੌਕੇ ਤੋਂ ਕਬੱਡੀ ਦੇ ਵੱਡੇ ਮਹਾਰਥੀ ਤਾਰਾ ਸਿੰਘ ਘਣਗਸ਼, ਖੇਡ ਲੇਖਕ ਸਰਬਾ ਦਿਉਲ ਦਾ ਸਨਮਾਨ ਹੋਇਆ ਸੀ। ਆਸ ਕਰਦੇ ਹਾਂ ਕਿ ਬਾਕੀ ਸ਼ਖਸੀਅਤਾਂ ਦਾ ਵੀ ਵਧੀਆ ਅਤੇ ਨਿਵੇਕਲਾ ਸਨਮਾਨ ਹੋਇਆ ਹੋਵੇਗਾ।

ਬਾਕੀ ਕਬਡੀ ਦੇ ਨਤੀਜੇ ਇਸ ਤਰਾਂ ਸਨ । ਫਸਟ ਟੀਮ - ਖੀਰਾਂਵਾਲ +ਸੂਸਾ 81,000
ਸੈਕਿੰਡ ਟੀਮ- ਲਿੱਤਰਾਂ 61,000
ਬੈਸਟ ਰੇਡਰ ਫਰਿਆਦ ਭਗਵਾਨਪੁਰ 12 ਕਬੱਡੀਆਂ 12 ਅੰਕ
ਬੈਸਟ ਜਾਫੀ- ਜਾਮਾ ਦੇਸਲਾ 09 ਟੱਚ 04 ਜੱਫ਼ੇ
ਬੈਸਟਾ ਨੂੰ 11000-11000 ਸੀ

ਕੁਮੈਟਰੀ ਪ੍ਰੋ ਮੱਖਣ ਸਿੰਘ, ਮਨਜੀਤ ਸਿੰਘ ਕੰਗ ਕਰਮਦੀਨ ਚੱਕ ਸਾਬੂ, ਬਲਜਿੰਦਰ ਘੁੰਮਣ, ਬੀਰਾ ਰੈਲਮਾਜਰਾ, ਰੱਸ਼ਾਕਸੀ ਵਿੱਚ ਬੁਰਜ ਦੋਨਾ ਪਹਿਲੇ ਸਥਾਨ ਤੇ, ਸ਼ੰਕਰ ਦੂਜੇ ਨੰਬਰ ਤੇ ਰਿਹਾ। ਬਾਕੀ ਖੇਡਾਂ ਦੀ ਕਾਮਯਾਬੀ ਦਾ ਮੁੱਖ ਧੁਰਾ ਗੁਰਜੀਤ ਸਿੰਘ ਪੁਰੇਵਾਲ ਭਾਜੀ ਸਨ।

ਪ੍ਰਿੰਸੀਪਲ ਸਰਵਨ ਸਿੰਘ ਢੁੱਡੀਕੇ ਹੋਰਾਂ ਦੀ ਗੈਰ ਹਾਜ਼ਰੀ ਕਾਫੀ ਰੜਕ ਰਹੀ ਸੀ। ਇਸ ਤੋਂ ਇਲਾਵਾ ਮਾਸਟਰ ਜੋਗਾ ਸਿੰਘ, ਸੁਖਵਿੰਦਰ ਸਿੰਘ ਸ਼ੇਰ ਗਿੱਲ ਅਮਰੀਕਾ ਵਾਲੇ, ਕੁਲਦੀਪ ਸਿੰਘ ਸ਼ੇਰ ਗਿੱਲ, ਅਮਨ ਸਿੰਘ ਟਿਵਾਣਾ, ਬਲਕਾਰ ਸਿੰਘ ਜੋਹਲ ਰਵਿੰਦਰ ਸਿੰਘ ਚਾਹਲ, ਮੇਜਰ ਸਿੰਘ ਨੱਤ, ਸੁਰਜੀਤ ਸਿੰਘ ਨੱਤ, ਟੁੱਟ ਬਰਦਰਜ ਅਮਰੀਕਾ ਵਾਲੇ, ਕਲਤਾਰ ਸਿੰਘ ਪੁਰੇਵਾਲ ਅਵਤਾਰ ਸਿੰਘ ਪੁਰੇਵਾਲ ਅਤੇ ਹੋਰ ਦੋਸਤ ਮਿੱਤਰ ਵੱਡੇ ਸਹਿਯੋਗੀ ਜਿਨਾਂ ਦੀ ਸੂਚੀ ਕਾਫੀ ਲੰਬੀ ਆ, ਸਾਰਿਆਂ ਨੇ ਹੀ ਤਨ ਮਨ ਧਨ ਨਾਲ ਪੁਰੇਵਾਲ ਖੇਡਾਂ ਨੂੰ ਕਾਮਯਾਬ ਕਰਨ ਆਪਣਾ ਰੋਲ ਨਿਭਾਇਆ। ਪੂਰੇਵਾਲ ਪੇਂਡੂ ਮਿਨੀ ਓਲੰਪਿਕ ਹਕੀਮਪੁਰ ਖੇਡਾਂ ਤੇ ਬਹੁਤ ਹੀ ਪੈਸਾ ਖਰਚ ਹੋਇਆ ਅਤੇ ਬਹੁਤ ਹੀ ਨਾਮੀ ਪੱਧਰ ਤੇ ਖਿਡਾਰੀ ਆਏ ਪਰ ਜੋ ਵੱਡੀ ਘਾਟ ਇਹ ਸੀ ਕਿ ਕੌਮੀ ਅਤੇ ਅੰਤਰਰਾਸ਼ਟਰੀ ਮੀਡੀਏ ਕੋਈ ਵੀ ਪੱਤਰਕਾਰ ਕਵਰੇਜ ਕਰਨ ਨਹੀਂ ਆਇਆ। ਕਿਉਂਕਿ ਇਸ ਤਰ੍ਹਾਂ ਦੇ ਟੂਰਨਾਮੈਂਟ ਦੀ ਨੈਸ਼ਨਲ ਪੱਧਰ ਤੇ ਮੀਡੀਆ ਕਵਰੇਜ ਬਹੁਤ ਜਰੂਰੀ ਹੈ। ਸਟੇਡੀਅਮ ਵਿੱਚ ਰੰਗ ਰੋਗਨ ਦੀ ਵੀ ਘਾਟ ਦਿਸੀ।

ਬਾਕੀ ਅਨਸਾਸਨ ਦੀਆਂ ਤਾਂ ਸਾਰੇ ਹੀ ਪੇਂਡੂ ਖੇਡ ਮੇਲਿਆਂ ਤੇ ਧੱਜੀਆਂ ਉੱਡੀਆਂ ਹੁੰਦੀਆਂ ਹਨ। ਸਾਡੇ ਰਾਜਸੀ ਆਗੂਆਂ ਨੂੰ ਪਤਾ ਨਹੀਂ ਕੀ ਸੱਪ ਸੁੰਘ ਜਾਂਦਾ ਕਿ ਉਹ ਇਦਾਂ ਦੇ ਮਹਾਨ ਖੇਡ ਮੇਲਿਆਂ ਤੇ ਵੀ ਨਹੀਂ ਪਹੁੰਚਦੇ ਹਨ। ਕੁੱਲ ਮਿਲਾ ਕੇ ਪੁਰੇਵਾਲ ਹਕੀਮਪੁਰ ਓਲੰਪਿਕ ਖੇਡਾਂ ਇੱਕ ਨਵਾਂ ਸੁਨੇਹਾ ਅਤੇ ਇੱਕ ਨਵੀਂ ਸੇਧ ਦਿੰਦੀਆਂ ਹੋਈਆਂ ਬਰਸਾਤੀ ਮੌਸਮ ਵਿੱਚ ਵੀ ਧੂਮ ਧੜੱਕੇ ਨਾਲ ਸਮਾਪਤ ਹੋਈਆਂ। ਗੁਰਜੀਤ ਸਿੰਘ ਪੁਰੇਵਾਲ ਅਤੇ ਪੁਰੇਵਾਲ ਪਰਿਵਾਰ ਇਹਨਾਂ ਖੇਡਾਂ ਦੀ ਸਫਲਤਾ ਬਦਲੇ ਵਧਾਈ ਦਾ ਹੱਕਦਾਰ ਹੈ। ਗੁੱਡ ਲੱਕ ਪਰਮਾਤਮਾ ਪੂਰੇਵਾਲ ਖੇਡਾਂ ਨੂੰ ਹਮੇਸ਼ਾ ਚੜਦੀ ਕਲਾ ਵਿੱਚ ਰੱਖੇ ਅਤੇ ਵੱਡੀਆਂ ਤਰੱਕੀਆਂ ਦੇਵੇ। ਮੇਰੀ ਤਾਂ ਇਹੋ ਦੁਆ ਹੈ। ਰੱਬ ਰਾਖਾ !

**ਜਗਰੂਪ ਸਿੰਘ ਜਰਖੜ 9814300722**

# ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਵਿੱਚ ਅੱਜ ਭੌਰਾ ਦੀ ਫੁੱਟਬਾਲ ਟੀਮ ਜੇਤੂ ਰਹੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸ੍ਰੀ ਮਾਨ ਸੰਤ ਕਨਿਯਾ ਜੀ ਪਿੰਡ ਪਠਲਾਵਾ ਵੱਲੋਂ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਗੋਬਿੰਦ ਪੁਰ, ਪੱਦੀ ਮੱਟਵਾਲੀ, ਉੱਚਾ ਲਧਾਣਾ, ਸਲੋਹ, ਭੌਰਾ, ਪਦਰਾਣਾ, ਮਾਹਿਲ ਗਹਿਲਾਂ, ਝਿੱਕਾ, ਪੱਲੀ ਝਿੱਕੀ, ਭੂਤਾਂ ਆਦਿ ਪਿੰਡਾਂ ਦੀਆਂ ਫੁੱਟਬਾਲ ਦੀਆਂ ਟੀਮਾਂ ਨੇ ਭਾਗ ਲਿਆ ਹੈ। ਅੱਜ ਉੱਚਾ ਤੇ ਸਲੋਹ ਟੀਮਾਂ ਵਿਚਕਾਰ ਮੁਕਾਬਲਾ ਹੋਇਆ ਜਿਸ ਵਿੱਚ ਸਲੋਹ ਦੀ ਟੀਮ ਜੇਤੂ ਹੋ ਗਈ। ਬਾਆਦ ਵਿੱਚ ਮੌਸਮ ਖਰਾਬ ਹੋ ਗਿਆ ਪਰ ਖਰਾਬ ਮੌਸਮ ਹੋਣ ਦੇ ਬਾਵਜੂਦ ਭੌਰੇ ਦੀ ਟੀਮ ਨੇ ਦੋ ਗੋਲ ਕਰ ਦਿੱਤੈ। ਜਦੋ ਕਿ ਹਵਾ ਬਿਲਕੁਲ ਉਲਟ ਦਿਸ਼ਾ ਵਿੱਚ ਚਲ ਰਹੀ ਸੀ। ਫਿਰ ਬਾਅਦ ਵਿੱਚ ਇੱਕ ਗੋਲ ਪਦਰਾਣੇ ਨੇ ਵੀ ਕੀਤਾ। ਪਰ ਉਸ ਵੇਲੇ ਉਹਨਾਂ ਦੀ ਕੋਈ ਨਹੀਂ ਚੱਲੀ ਜਦੋਂ ਭੌਰੇ ਵਾਲਿਆਂ ਨੇ ਇੱਕ ਗੋਲ ਹੋਰ ਕਰਕੇ ਆਪਣੀ ਜਿੱਤ ਪੱਕੀ ਕਰ ਲਈ ਇਸ ਤਰ੍ਹਾਂ ਭੌਰੇ ਦੀ ਫੁੱਟਬਾਲ ਟੀਮ ਨੇ ਅੱਜ ਦਾ ਮੈਚ ਆਪਣੇ ਨਾਂ ਕਰ ਲਿਆ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਸੰਘਰਸ਼?



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

**ਰਸ਼ਪਾਲ ਸਿੰਘ ਭਾਰਦਵਾਜ**
778-866-7755

ਸ੍ਰੀ ਗੁਰੂ ਰਵਿਦਾਸ ਜੀ ਸੰਤ ਸ਼੍ਰੋਮਣੀ, ਰੱਬ ਦੀ ਭਗਤੀ ਕਰਨੇ ਵਾਲੇ, ਸਤਿਗੁਰੂ ਰਵਿਦਾਸ, ਜਗਤ ਗੁਰੂ ਜੀ, ਚਮਾਰਵੰਸ਼ ਦੇ ਪਹਿਲੇ ਅਧਿਆਤਮਕ ਗੁਰੂ ਹੋਏ ਹਨ। ਉਨ੍ਹਾਂ ਦਾ ਕੋਈ ਅਧਿਆਤਮਕ ਗੁਰੂ ਨਹੀਂ ਸੀ। ਉਨ੍ਹਾਂ ਦਾ ਗਿਆਨ ਮਹਾਤਮਾ ਬੁੱਧ ਦੇ ਆਤਮ-ਬੋਧ, ਦੀ ਤਰ੍ਹਾਂ ਹੀ ਆਤਮ -ਬੋਧ ਪ੍ਰਾਪਤ ਹੋਇਆ ਸੀ। ਗੁਰੂ ਜੀ ਦੁਨਿਆਵੀ ਪੁਰਸ਼ ਦੀ ਤਰ੍ਹਾਂ ਧਰਤੀ ਉਪਰ ਆਏ, ਗੁਰੂ ਜੀ, ਪਾਰਬ੍ਰਹਮ ਦੇ ਰੂਪ ਵਿੱਚ ਸਮਾਏ ਹੋਏ ਸਨ। ਸ੍ਰੀ ਗੁਰੂ ਰਵਿਦਾਸ ਜੀ, ਸਿੱਖ ਧਰਮ ਦੀ ਨੀਂਹ ਰੱਖਣ ਵਾਲੇ ਪਹਿਲੇ ਸੰਤ ਹੋਏ ਹਨ। ਸ੍ਰੀ ਗੁਰੂ ਰਵਿਦਾਸ ਜੀ ਨੇ 94000 ਸਤਸੰਗ ਆਪਣੀਆਂ ਅੱਠ ਉਦਾਸੀਆਂ (ਯਾਤਰਾਵਾਂ) ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨ ਵਾਸਤੇ ਕੀਤੀਆਂ। ਉਨ੍ਹਾਂ ਦਾ ਸੰਦੇਸ਼ ਸੀ ਕਿ ਸਾਰੇ ਪ੍ਰਾਣੀ ਪ੍ਰਮਾਤਮਾ ਦੇ ਅੰਸ਼ ਹਨ। ਪ੍ਰਮਾਤਮਾ ਹੀ ਸਾਰੇ ਜਗਤ ਦਾ ਪਾਲਣਹਾਰਾ ਹੈ। ਜਾਤ-ਪਾਤ ਦੀਆਂ ਕੰਧਾਂ ਤਾਂ ਮਾਨੂੰਖ ਨੇ ਹੀ ਖੜੀਆਂ ਕੀਤੀਆਂ ਹੋਈਆ ਹਨ। ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ, ਸਮਾਂ, ਅਧਿਆਤਮਕ ਗੁਰੂ ਅਤੇ ਉਨ੍ਹਾਂ ਦੀ ਜਾਤੀ ਗੋਤ ਉਪਰ, ਅੱਜ ਦੇ ਇਤਿਹਾਸਕਾਰਾਂ ਵਿੱਚ ਅਨੇਕਾਂ ਮਤਭੇਦਾਂ ਵਾਲੇ ਵਿਚਾਰ ਹਨ। ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਭਾਰਤ ਦੇ ਪ੍ਰਾਂਤ ਉੱਤਰ ਪ੍ਰਦੇਸ਼, ਬਨਾਰਸ ਦੇ ਨੇੜੇ ਪਿੰਡ, ਮੰਡੂਆਡੀਂਹ ਵਿੱਚ, ਮਾਤਾ ਕਰਮੀ ਦੇਵੀ ਜੀ ਤੇ ਪਿਤਾ ਸ੍ਰੀ ਰਘੂਨੰਦ ਜਾਂ ਰਘੂ ਦੇ ਘਰ, ਮਾਘ ਸੁਦੀ ਪੰਦਰਾਸ ਬਿਕਰਮੀ ਸੰਮਤ 1471 ਅਤੇ ਈਸਵੀ 1414 ਦਿਨ ਸ਼ੁੱਕਰਵਾਰ ਨੂੰ ਹੋਇਆ ਸੀ ਜੋ ਅੱਜ ਦੇ ਇਤਿਹਾਸਕਾਰ ਮੰਨਦੇ ਹਨ। ਸ੍ਰੀਰਗਵਰਦਨਪੁਰ ਉਨ੍ਹਾਂ ਦੀ ਕਰਮ ਭੂਮੀ ਮੰਨੀ ਗਈ ਹੈ ਤੇ ਅੱਜ ਦੇ ਸਮੇਂ ਵਿੱਚ ਇਹ ਸਥਾਨ ਸ੍ਰੀ ਸੰਤ108 ਡੇਰਾ ਬੱਲਾਂ ਦੇ ਅਧੀਨ ਹੈ।

ਬ੍ਰਿਟਿਸ਼ ਲੇਖਕ ਡਬਲਯੂ ਬਰਿਗਜ ਦੀ ਲਿਖੀ ਹੋਈ ਕਿਤਾਬ 'ਚਮਾਰਜ਼' ਅਨੁਸਾਰ ਚਮਾਰਾਂ ਦੀ ਜਾਤੀਆਂ ਵਿੱਚ ਜੈਸਵਾਰ ਤੇ ਜਾਟਵ ਜਾਤੀਆਂ ਉੱਤਰ- ਪ੍ਰਦੇਸ਼ ਵਿੱਚ ਸਰਵ ਸ੍ਰੇਸ਼ਟ ਵਜੋਂ ਜਾਣੀਆਂ ਜਾਂਦੀਆਂ ਹਨ। ਇਤਿਹਾਸਕਾਰ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਜੈਸਵਾਰ ਜਾਤੀ ਵਿੱਚ ਹੋਇਆ ਮੰਨਦੇ ਹਨ। ਪੰਜਾਬ ਦੇ ਰਿਟਾਇਰਡ ਪ੍ਰਿੰਸੀਪਲ ਰੂਪ ਲਾਲ ਰੂਪ, ਦਾ ਲਿਖਿਆ ਹੋਇਆ ਗ੍ਰੰਥ 'ਗੁਰੂ ਰਵਿਦਾਸ ਪ੍ਰਗਾਸ਼ ਦੀ ਖੋਜ' ਨਵੀਂ ਖੋਜ ਵਿਸਥਾਰ ਸਹਿਤ ਲਿਖਿਆ ਹੈ। ਜਿਸਦੀ ਸਾਰੇ ਸੰਸਾਰ ਵਿੱਚ ਚਰਚਾ ਹੋ ਰਹੀ ਹੈ। ਪੰਜਾਬ ਸਰਕਾਰ ਵਲੋਂ ਰੂਪ ਲਾਲ ਰੂਪ ਜੀ ਨੂੰ ਸਟੇਟ ਅਵਾਰਡ ਦੇ ਕੇ ਉਨ੍ਹਾਂ ਨੂੰ ਸਨਮਾਨਿਆ ਗਿਆ ਹੈ, ਅਤੇ ਹੋਰ ਬਹੁਤ ਸਾਰੀਆਂ ਯੂਨੀਵ੍ਰਸਟੀਆਂ ਵਲੋਂ ਇਸ ਨਵੀਂ ਖੋਜ ਦੀ ਸਰਾਹਨਾ ਕੀਤੀ ਜਾ ਰਹੀ ਹੈ।

ਨਵੀਂ ਦਿੱਲੀ ਦੇ ਲਾਲ ਕਿਲੇ ਤੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਨ ਉਪਰ 1940 ਤੋਂ ਨਗਰ ਕੀਰਤਨ ਵਿੱਚ ਬਹੁਤ ਸਾਰੀਆਂ ਝਾਕੀਆਂ ਕੱਢੀਆਂ ਜਾਂਦੀਆਂ ਹਨ, 1955 ਤੱਕ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਸਾਹਿਬ ਜੀ, ਇਸ ਨਗਰ ਕੀਰਤਨ ਦੇ ਮੁੱਖ-ਮਹਿਮਾਨ ਹੁੰਦੇ ਸਨ। ਇਥੇ ਇਹ ਦੱਸਣਾ ਬਣਦਾ ਹੈ ਕਿ ਬਾਬਾ ਸਾਹਿਬ ਜੀ ਨੇ ਆਪਣੀ ਇੱਕ ਪੁਸਤਕ "Who was the Shudaras" ਸਮਾਜ ਦੇ ਸੰਤਾਂ ਚੋਖਾ ਮੱਲ, ਸ੍ਰੀ ਗੁਰੂ ਕਬੀਰ ਸਾਹਿਬ ਅਤੇ ਸ੍ਰੀ ਗੁਰੂ ਰਵਿਦਾਸ ਜੀ, ਇਨ੍ਹਾਂ ਸੰਤਾਂ ਦੇ ਨਾਮਾ ਤੇ ਭੇਂਟ ਕੀਤੀ ਸੀ।

ਸ੍ਰੀ ਗੁਰੂ ਰਵਿਦਾਸ ਜੀ ਨੇ ਰਾਜਾ ਨਾਗਰ ਮਲ ਦੇ ਦਰਬਾਰ ਵਿੱਚ ਇਹ ਸ਼ਬਦ ਉਚਾਰਨ ਕੀਤਾ ਸੀ ਕਿ 'ਨਾਗਰ - ਰਾਜਨ ਮੇਰੀ ਜਾਤਿ ਬਿਖਿਆਤ ਚੰਮਾਰ - ਜੈਸਵਾਰ ਗੋਤ ਜੋ ਵਿਸ਼ੇਸ਼ ਖੂਨੀ ਰਿਸ਼ਤੇ ਦੇ ਵਿਰਾਸਤੀ ਦੇ ਗੁਣਾਂ ਨੂੰ ਦਰਸਾਉਂਦਾ ਹੈ।

ਸ੍ਰੀ ਗੁਰੂ ਰਵਿਦਾਸ ਜੀ ਦੇ ਸ਼ਰਧਾਲੂ ਸਾਰੇ ਸੰਸਾਰ ਭਰ ਵਿੱਚ ਉਨ੍ਹਾਂ ਨੂੰ ਬਹੁਤ ਸਾਰੇ ਨਾਮਾ ਨਾਲ ਸੰਬੋਧਨ ਕਰਦੇ ਹਨ ਜਿਵੇਂ: ਉਤਰ ਪ੍ਰਦੇਸ਼ ਵਿੱਚ ਰੈਦਾਸ-ਰਾਮਦਾਸ ਤੇ ਰਵਿਦਾਸ, ਬੰਗਾਲ ਵਿੱਚ ਰੁਈਦਾਸ, ਰਾਜਸਥਾਨ ਵਿੱਚ ਰੈਦਾਸ-ਰਈਦਾਸ, ਹਰਿਆਣਾ ਵਿੱਚ ਰਵਿਦਾਸ ਤੇ ਰਹਿਦਾਸ-ਪੰਜਾਬ ਵਿੱਚ ਰਵਿਦਾਸ ਰਮਿਦਾਸ, ਉੜੀਸਾ ਵਿੱਚ ਮੋਚੀ ਰਮਦਾਸ, ਮਹਾਰਾਸ਼ਟਰ ਵਿੱਚ ਰੂਹੀਦਾਸ ਤੇ ਰਇਦਾਸ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ ਸ੍ਰੀ ਗੁਰੂ ਰਵਿਦਾਸ ਜੀ ਬਚਪਨ ਤੋਂ ਪਾਰਬ੍ਰਹਮ ਦੀ ਜੋਤ ਵਿੱਚ ਸਦਾ ਹੀ ਲੀਨ ਰਹਿੰਦੇ ਸਨ ਅਤੇ ਨਾਲ-ਨਾਲ ਕਰਮ ਵੀ ਕਰਦੇ ਸਨ। ਉਨ੍ਹਾਂ ਦੀਆਂ ਕਈ ਬਾਲ-ਲ਼ੀਲਾ ਕਰਨ ਦੀਆਂ ਅਨੇਕਾਂ ਗਥਾਵਾਂ ਹਨ ਜਿਵੇਂ: ਇੱਕ ਬਜ਼ੁਰਗ ਮਾਤਾ ਜੋ ਅੱਖਾਂ ਤੋਂ ਦੇਖ ਨਹੀਂ ਸਕਦੀ ਸੀ ਜੋ ਚਰਖਾ ਕੱਤਦੀ ਹੁੰਦੀ ਸੀ, ਇੱਕ ਦਿਨ ਬਾਲ-ਗੁਰੂ ਰਵਿਦਾਸ ਜੀ ਨੇ ਇਸ ਬਜ਼ੁਰਗ ਮਾਤਾ ਦੀ ਅੱਖਾਂ ਠੀਕ ਕਰ ਦਿੱਤੀਆਂ ਸਨ। ਦੁਨਿਆਵੀ ਸੰਸਕਾਰਾਂ ਅਧੀਨ ਗੁਰੂ ਜੀ ਦਾ ਵਿਆਹ ਬਨਾਰਸ ਤੋਂ 12 ਕਿਲੋ ਮੀਟਰ ਦੂਰ ਮਿਰਜ਼ਾਪੁਰ ਵਿੱਚ ਪੈਦਾ ਹੋਈ, ਮਾਤਾ ਲੋਨਾ ਜੀ ਨਾਲ ਹੋਇਆ ਸੀ। ਮਾਤਾ ਜੀ ਉਸ ਸਮੇਂ 13 ਸਾਲ ਦੇ ਸਨ। ਮਾਤਾ ਲੋਨਾ ਜੀ ਦਾ ਮੌਜੂਦਾ ਸਮੇਂ, ਮਿਰਜ਼ਾਪੁਰ 'ਚੋਂ ਮੰਦਰ ਸਥਾਪਿਤ ਹੈ।

1453 ਈ: ਸ੍ਰੀ ਗੁਰੂ ਰਵਿਦਾਸ ਜੀ ਦੇ ਮਾਤਾ ਪਿਤਾ ਜੀ ਪ੍ਰਲੋਕ ਸੁਧਾਰ ਗਏ ਸਨ। ਉਨ੍ਹਾਂ ਦਾ ਅੰਤਮ ਇਸ਼ਨਾਨ, ਅੰਤਮ ਅਰਦਾਸ ਗੰਗਾ-ਘਾਟ ਉਪਰ ਕੀਤੀਆਂ ਗਈਆਂ ਸਨ। ਪਰ ਸ੍ਰੀ ਗੁਰੂ ਰਵਿਦਾਸ ਜੀ ਨੇ ਬ੍ਰਾਹਮਣਵਾਦੀ ਕਰਮ-ਕਾਂਡ ਨਹੀਂ ਕੀਤੇ ਸਨ। ਬਿਪਰਾਂ ਦੇ ਸਿਧਾਂਤ ਦੇ ਉਲਟ ਗਰੀਬ ਲੋਕਾਂ ਨੂੰ ਦਾਨ ਦਿੱਤਾ ਸੀ, ਪਰ ਬਿਪਰਾਂ ਨੂੰ ਦਾਨ ਨਹੀਂ ਦਿੱਤਾ ਸੀ। ਇਥੇ ਦੱਸਣਾ ਬਣਦਾ ਹੀ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰੀਵਾਰ ਗਰੀਬ ਨਹੀਂ ਸੀ ਆਪਣੇ ਪੇਸ਼ੇ ਦੇ ਵਪਾਰੀ ਸਨ। ਜੇ ਕਰ ਸ੍ਰੀ ਗੁਰੂ ਰਵਿਦਾਸ ਜੀ ਦੇ ਬੰਸਾਵਲੀਨਾਮਾ ਨੂੰ ਦੇਖੀਏ ਤਾਂ ਉਨ੍ਹਾਂ ਦਾ ਪਰਿਵਾਰ ਦੀ ਪੀੜੀ ਸ੍ਰੀ ਹਰਿਨੰਦ ਦੇ ਪੁੱਤਰ ਰਘੂ ਜਾਂ ਰਾਹੂ ਜੀ ਸਨ ਸ੍ਰੀ ਰਘੂ ਦੇ ਸਪੁੱਤਰ ਸ੍ਰੀ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਅਤੇ ਉਨ੍ਹਾਂ ਦੇ ਪੁੱਤਰ ਵਿਜਯਦਾਸ ਸਨ, ਇਨ੍ਹਾਂ ਦੇ ਪੁੱਤਰ ਵਿਨਯਦਾਸ ਸਨ, ਵਿਨਜਦਾਸ ਦੇ ਪੁੱਤਰ ਰਾਮਦਾਸ ਸਨ ਅਤੇ ਉਨ੍ਹਾਂ ਦੇ, ਦੋ ਪੁੱਤਰ ਉਦਯਦਾਸ ਤੇ ਗੁਪਾਲਦਾਸ ਹੋਏ ਹਨ, ਗੋਪਾਲ ਦਾਸ ਦੇ ਪੁੱਤਰ ਸੰਤਦਾਸ ਤੇ ਜੋਗੀਦਾਸ ਸਨ, ਸੰਤਦਾਸ ਜਾਂ ਸੰਤ ਕੁਮਾਰ ਦੇ ਪੁੱਤਰ ਵੀਰਭਾਨ ਸਨ ਜਿਨ੍ਹਾਂ ਦੇ ਪੁੱਤਰ, ਕਰਮਦਾਸ/ਧਰਮਦਾਸ ਸਨ।

ਇਤਿਹਾਸਕਾਰਾਂ ਦੇ ਅਨੁਸਾਰ, ਭਾਈ ਧਰਮ ਸਿੰਘ ਸ੍ਰੀ ਗੁਰੂ ਰਵਿਦਾਸ ਜੀ ਦੇ ਪੜ੍ਹ-ਪੋਤਰੇ ਸੰਤਾਨ ਵਿਚੋਂ ਸਨ। ਸ੍ਰੀ ਗੋਬਿਦ ਸਿੰਘ ਜੀ ਨੇ ਜਦੋਂ ਖਾਲਸਾ ਪੰਥ ਦੀ ਸਿਰਜਣਾ ਕੀਤੀ ਤਾਂ, ਉਨ੍ਹਾਂ ਦੇ ਸਾਜੇ ਹੋਏ ਪੰਜ ਪਿਆਰਿਆਂ ਵਿਚੋਂ, ਭਾਈ ਧਰਮਦਾਸ ਸਿੰਘ ਸਜੇ ਸਨ। ਮਨੂੰਵਾਦੀ ਲੋਕਾਂ ਨੇ ਇਸ ਇਤਿਹਾਸ ਨੂੰ ਜੱਗ ਜ਼ਾਹਿਰ ਨਹੀਂ ਹੋਣ ਦਿੱਤਾ।

ਸ੍ਰੀ ਗੁਰੂ ਰਵਿਦਾਸ ਜੀ ਦੀ ਰਚੀ ਹੋਈ ਬਾਣੀ ਅਨ-ਤਦਾਸ ਦੇ ਗ੍ਰੰਥਾਂ ਦੇ, ਕਵੀ-ਸੰਗ੍ਰਹਿਾਂ ਤੋਂ 1645 ਈ: ਚੋ ਪ੍ਰਾਪਤ ਕੀਤੀ ਗਈ ਸੀ ਅਤੇ ਗੁਰੂ ਜੀ ਦੀ, ਹੋਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਦਰਜ ਕੀਤੀ ਗਈ ਸੀ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕ੍ਰਮਵਾਰ ਵੱਖਰੇ-ਵੱਖਰੇ ਅੰਗਾਂ ਵਿੱਚ ਲਿਖਵਾਈ, ਕਿਉਂਕਿ ਗੁਰੂ ਜੀ ਜਾਣਦੇ ਸਨ ਕਿ ਜਾਤ ਦੇ ਹੰਕਾਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਕੱਢਣ ਦੀ ਕੋਸ਼ਿਸ਼ ਕਰਨਗੇ, ਸੋ ਉਨ੍ਹਾਂ ਦੀ ਸੋਚ ਸਹੀ ਸਾਬਤ ਵੀ ਹੋਈ ਸੀ ਜਦੋਂ ਕੁਝ ਅਘ੍ਰਿਤ- ਘਣਾਂ ਵਲੋਂ ਬਾਣੀ ਨੂੰ ਨਿਖੇੜਨ ਦੀ ਕੋਸ਼ਿਸ਼ ਕੀਤੀ ਗਈ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਹੱਥੀ ਲਿਖ ਦਿੱਤਾ ਸੀ ਕਿ ਭਗਤ -ਭਗਤ ਵਜ਼ਿਆ 'ਚੋਂਹ ਚੱਕਾਂ ਵਿੱਚ ਚਮਰੇਟਾ, ਪਾਣਾ ਗੰਢੇ ਰਾਹ ਵਿੱਚ 'ਕਿਹ ਰਵਿਦਾਸ ਚਮਾਰਾ' ਇਸ ਬਾਣੀ ਤੋਂ ਪੰਜਾਬ ਦੇ ਚਮਾਰਾਂ ਨੂੰ ਪਤਾ ਲੱਗਿਆ ਸੀ ਕਿ ਸ੍ਰੀ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਸਾਡੇ ਗੁਰੂ ਦੀ ਹੈ। ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਤੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਅਰਦਾਸ ਤੋਂ ਹਰ ਘੰਟੇ ਬਾਅਦ ਸਿਮਰਨ ਕਰਵਾਈ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 40 ਸ਼ਬਦਾਂ ਤੇ ਇੱਕ ਆਰਤੀ, 16 ਰਾਗਾਂ ਵਿੱਚ ਦਰਜ਼ ਹਨ ਜੋ ਮਾਨਵਤਾ ਨੂੰ ਪ੍ਰੇਮ ਭਗਤੀ 'ਚੋਂ ਉਪਜਿਆਂ ਸੱਚ ਦਾ ਮਾਰਗ ਦੱਸਦੀ ਹੈ ਜੋ ਮਾਨਵਤਾ ਦੇ ਪੰਜ- ਤਤਵਾਂ ਦੇ ਦੋਸ਼ਾਂ ਤੋ ਮੁਕਤੀ ਦਿਵਾਉਂਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਉਚਾਰੀ ਹੋਈ ਬਾਣੀ 16 ਰਾਗ ਜਿਵੇਂ: ਸ੍ਰੀ ਰਾਗੁ, ਰਾਗ ਗਾਉੜੀ, ਰਾਗੁ ਆਸਾ, ਰਾਗੁ ਗੁਜਰੀ, ਰਾਗੁ ਸੋਰਿਠ, ਰਾਗੁ ਧਨਾਸਰੀ, ਰਾਗੁ ਜੈਤਸਰੀ, ਰਾਗੁ ਸੂਹੀ, ਰਾਗੁ ਬਿਲਾਵਲੁ, ਰਾਗੁ ਗੌਂਡ, ਰਾਗੁ ਰਾਮ ਕਲੀ, ਰਾਗੁ ਮਾਰੂ,ਰਾਗੁ ਕੇਂਦਾਰਾ, ਰਾਗੁ ਭੈਰਊਂ, ਰਾਗੁ ਬਸੰਤ, ਰਾਗ ਮਲਾਰ ਵਿੱਚ ਉਚਾਰੇ ਜਾਂਦੇ ਹਨ। ਸ੍ਰੀ ਗੁਰੂ ਰਵਿਦਾਸ ਜੀ ਨੇ ਪੰਜਾਬੀ ਭਾਸ਼ਾ ਨੂੰ ਜਨਮ ਦਿੱਤਾ, ਕਿਉਂਕਿ ਉਸ ਸਮੇਂ ਵਿੱਚ ਦੇਵ ਭਾਸ਼ਾਵਾਂ (ਹਿੰਦੀ, ਸੰਸਕ੍ਰਿਤ) ਹੁੰਦੀਆਂ ਸਨ ਜੋ ਦਲਿਤਾਂ (ਅਛੂਤਾਂ) ਤੇ ਸ਼ੂਦਰਾਂ ਨੂੰ ਪੜਨ-ਲ਼ਿਖਣ ਦੀ ਬ੍ਰਾਹਮਣਾਂ ਵਲੋਂ ਮਨਾਹੀ ਸੀ। ਸ੍ਰੀ ਗੁਰੂ ਰਵਿਦਾਸ ਜੀ ਦੇ ਸਮਕਾਲ ਸਮੇਂ ਚੋ, ਭਾਰਤ ਵਿੱਚ ਇਸਲਾਮਿਕ ਰਾਜਿਆਂ ਦਾ ਰਾਜ ਸੀ ਜਿਵੇਂ: ਖਿਲਜ਼ੀ ਵੰਸ਼, ਤੁਗਲਕ ਵੰਸ਼, ਸਅੀਦ ਵੰਸ਼, ਲੋਧੀ ਵੰਸ਼ ਅਤੇ ਮੁਗਲ ਵੰਸ਼ ਬਾਦਸ਼ਾਹ ਸਿਕੰਦਰ ਲੋਧੀ ਬਹੁਤ ਹੀ ਖੂੰਖਾਰ ਜ਼ਾਲਮ ਰਾਜੇ ਵਜੋਂ ਜਾਣਿਆ ਜਾਂਦਾ ਸੀ ਜਿਸਨੇ ਹਿੰਦੂਆਂ ਦੇ 4,32000 ਲੋਕਾਂ ਨੂੰ ਮੁਸਲਮਾਨ ਬਣਾਇਆ ਸੀ ਅਤੇ 2,63000 ਹਿੰਦੂਆਂ ਦਾ ਕਤਲ ਕਰਨੇ ਦਾ ਜ਼ੁਲਮ ਕੀਤਾ ਸੀ। ਪਰ ਸ੍ਰੀ ਗੁਰੂ ਰਵਿਦਾਸ ਜੀ ਦੇ ਚਰਨਾਂ ਵਿੱਚ ਡਹਿ ਢੇਰੀ ਹੋ ਗਿਆ ਸੀ ਕਿਉਂਕਿ ਕੇ ਸਿਕੰਦਰ ਲੋਧੀ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੁਸਲਮਾਨ ਧਰਮ ਵਿਚ ਤਬਦੀਲ ਕਰਨ ਦੇ ਅਨੇਕਾਂ ਯਤਨਾਂ ਤੋਂ ਅਸਫਲ ਰਹਿਣ ਕਰਕੇ ਸਿੰਕਦਰ ਲੋਧੀ, ਸ੍ਰੀ ਗੁਰੂ ਰਵਿਦਾਸ ਜੀ ਦੇ ਸੇਵਕ ਬਣ ਗਏ ਸਨ। ਸਿੰਕਦਰ ਲੋਧੀ ਨੇ 700 ਬਿਘੇ ਜਮੀਨ ਤੁਗਲਕਾਬਾਦ, ਦਿਲ਼ੀ ਵਿਖੇ ਗੁਰੂ ਜੀ ਨੂੰ ਸੰਤ-ਸੰਗ ਕਰਨ ਵਾਸਤੇ ਦਿੱਤੀ ਸੀ। ਮੌਜੂਦਾ ਮੋਦੀ ਸਰਕਾਰ ਨੇ ਸਾਡੇ ਡੇਰਿਆਂ ਦੇ ਮੁਖੀਆਂ ਦੀ ਛੋਟੀ-ਸੋਚ ਦੇ ਕਾਰਨ ਕਰਕੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ।

ਪਹਿਲੀ ਯਾਤਰਾ1436 ਤੋਂ 1448 ਈਸਵੀ: ਇਨ੍ਹਾਂ ਅੱਠ ਉਦਾਸੀਆਂ (ਯਾਤਰਾਵਾਂ) ਦੀ ਖੋਜ ਰਿਟਾਇਰਡ ਪ੍ਰਿੰਸੀਪਲ ਰਪੂ ਲਾਲ ਰੂਪ ਸਟੇਟ ਅਵਾਰਡੀ ਵਲੋਂ ਕੀਤੀ ਗਈ ਹੈ।

ਸ੍ਰੀ ਗੁਰੂ ਰਵਿਦਾਸ ਜੀ ਅਤੇ ਉਨ੍ਹਾਂ ਦੀ ਭਜਨ ਮੰਡਲੀ ਸੰਤ- ਸੰਗ ਕਰਨ ਵਾਸਤੇ ਬਨਾਰਸ ਦੇ ਸ਼ਹਿਰ ਕਾਂਸ਼ੀ ਤੋ ਗੁਜਰਾਤ ਦੇ ਅਨੇਕਾਂ ਪਿੰਡ ਵਿੱਚੋਂ ਹੁੰਦੇ ਹੋਏ - ਅਲਾਹਾਬਾਦ, ਸਤਨਾ, ਦਮੋਹ, ਸਾਗਰ, ਮੰਦਸੋਰਾ, ਗਧਿਰਾ, ਬੜੌਦਾ, ਭਰੂਚ, ਭਾਵਨਗਰ ਤੋ ਅਮੈਲੀ ਅਕਤੂਬਰ ਮਹੀਨੇ 1436 ਨੂੰ ਰਿਆਸਤ ਜ਼ੂਨਾਗੜ੍ਹ ਦੇ ਪਿੰਡ ਸਰਸਈ ਪਹੁੰਚੇ। ਸਰਸਈ ਦੇ ਨੇੜੇ ਹੀ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਮ ਉਪਰ ਰੇਲਵੇ ਸਟੇਸ਼ਨ ਦਾ ਨਾਮ 'ਚਵੰਡ ਰੇਲਵੇ ਸਟੇਸ਼ਨ' ਹੈ ਸਰਸਈ ਵਿਖੇ ਗੁਰੂ ਜੀ ਨੇ ਸੱਤ ਕੁਡਾਂ ਦਾ ਨਿਰਮਾਣ ਕਰਵਾਇਆ, ਕਰਮਵਾਰ ਉਨ੍ਹਾਂ ਦੇ ਨਾਮ- ਸ਼ਾਲ, ਹਿਮਾਲਾ, ਚਰਮ, ਹਾਂਡਗੜੋ, ਸਨਾਨਘਾਟ, ਅਮਰ ਅਤੇ ਸ਼ਿਵਘਾਟ ਹਨ। ਇਨ੍ਹਾਂ ਕੁਡਾਂ ਵਿੱਚ 3-4 ਅੱਜ ਵੀ ਮਾਯੂਦ ਹਨ ਤੇ ਇਥੇ ਬਾਜ਼ਰੇ ਦੀ ਰੋਟੀ ਅਤੇ ਚਾਟੀ ਦੀ ਲਸੀ ਵਰਤਾਈ ਜਾਂਦੀ ਹੈ। ਇਸ ਯਾਤਰਾ ਵਿੱਚ ਇੱਕ ਅਜੀਵ ਜਿਹੀ ਘਟਨਾ ਵਾਪਰੀ ਸੀ ਕਿ ਜ਼ੂਨਾ-ਗੜ੍ਹ ਵਿੱਚ ਕਸ਼ਮੀਰ ਦਾ ਮੁਸਲਮਾਨ ਰਾਜਾ ਗਿਆਸ-ਉਸ-ਉਦ-ਦੀਨ-ਜੈਨ-ਉਲ-ਅਬਦੀਨ, ਸੁਲਤਾਨ ਅਹਿਮਦ ਸ਼ਾਹ ਜੂਨਾ ਗੜ੍ਹ ਰਾਜੇ ਦੇ ਘਰ ਆਇਆ ਹੋਇਆ ਸੀ। ਰਾਜੇ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਵਚਨ ਸੁਣ ਨਾਲ, ਉਸਦਾ ਮੰਨ ਬਦਲ ਗਿਆ ਸੀ ਜੋ ਪਹਿਲਾਂ ਕਸ਼ਮੀਰੀ ਹਿੰਦੂਆ ਉਪਰ ਬਹੁਤ ਜ਼ੁਲਮ ਕਰਿਆ ਕਰਦਾ ਸੀ।ਸ੍ਰੀ ਗੁਰੂ ਰਵਿਦਾਸ ਜੀ ਸੇਵਕ ਬਣਨ ਤੋਂ ਬਾਅਦ ਹਿੰਦੂਆਂ ਉਪਰ ਸਾਰੇ ਜ਼ੁਲਮ ਬੰਦ ਕਰ ਕੇ ਹਿੰਦੂਆਂ ਨੂੰ ਦੁਵਾਰ ਆਪਣੇ ਧਰਮ ਵਿੱਚ ਜਾਣ ਦੀ ਆਗਿਆ ਕਸ਼ਮੀਰ ਦੇ ਰਾਜੇ ਵਲੋ ਦੇ ਦਿੱਤੀ ਗਈ ਸੀ, ਸਗੋ ਕਸ਼ਮੀਰੀ ਲੋਕਾਂ ਨੂੰ ਕਲਾਕ-ਾਰੀ ਸਿਖਾਈ ਅਤੇ ਲੋਕਾਂ ਨੂੰ ਖੁਸ਼ਿਆਲ ਜਿੰਦਗੀ ਜਿਊਣ ਦਾ ਮੌਕਾ ਦਿੱਤਾ।

ਦੁਆਰਕਾ ਨਗਰੀ ਵਿੱਚ ਪੰਡਤਾਂ ਵਲੋਂ ਸ਼ੂਦਰਾਂ ਤੇ ਅਛੂਤ ਲੋਕਾਂ ਨੂੰ ਮੰਦਰ ਵਿੱਚ ਜਾਣ ਦੀ ਮਨਾਹੀ ਸੀ। ਸ੍ਰੀ ਗੁਰੂ ਰਵਿਦਾਸ ਜੀ ਨੇ ਪੰਡਤਾਂ ਦਾ ਘੁਮੰਡ ਤੋੜ ਕੇ ਪਿੰਡ ਉਖਾ ਤੋਂ ਪਾਕਿਸਤਾਨ ਦੇ ਸ਼ਹਿਰ ਚੰਦਕਾ (ਲੜਕਾਣਾ) ਨੂੰ ਚਲੇ ਗਏ। ਲ਼ੜਕਾਣਾ ਤੋਂ ਖੈਰਪੁਰ, ਸ਼ੁਕੂਰ, ਸ਼ਿਕਾਰਪੁਰ, ਕੰਦਕੋਟ, ਤੰਗਵਾਨੀ, ਜੈਕਵਾਵਾਦ, ਕਾਸ਼ਮੋਰ ਤੇ ਬਲੋਚਸਥਾਨ ਵਿੱਚ ਹਿੰਗੋਲ ਨਦੀ ਦੇ ਪਾਸ ਹਿੰਗਲਾਜ ਮਾਤਾ ਜਾਂ ਹਿੰਗਲਾਜ ਦੇਵੀ ਮੰਦਰ ਗਏ। ਇਹ ਉਹ ਸੰਥਾਨ ਹੈ ਜਿਥੇ ਮਾਤਾ ਕਾਲੀ ਦਾ ਸਿਰ ਡਿਗਿਆ ਸੀ। ਸ੍ਰੀ ਗੁਰੂ ਰਵਿਦਾਸ ਜੀ ਕੋਂਇਟਾ ਤੋਂ ਅਫਗਾਨਸਤਾਨ, ਕੰਧਾਰ, ਸ਼ਿਰਾਜ ਤੇ ਬਸਰਾ ਹੁੰਦੇ ਹੋਏ ਅਬਦਾਨ ਪਹੁੰਚ ਗਏ ਜੋ ਇਰਾਨ ਦਾ ਬਹੁਤ ਸੁੰਦਰ ਸ਼ਹਿਰ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਇਸ ਸ਼ਹਿਰਾ ਦੇ ਕੈਦੇ- ਕਾਨੂੰਨ ਨੂੰ ਦਿਲ ਵਿੱਚ ਵਸਾਉਂਦੇ ਹੋਏ 'ਬੇਗਮਪੁਰ ਸ਼ਹਿਰ ਕਾ ਨਾਉ' ਸ਼ਬਦ ਉਜਾਗਰ ਕੀਤਾ ਸੀ ਜੋ ਹਮੇਸ਼ਾ ਲਈ ਅਮਰ ਹੋ ਗਿਆ। ਸ੍ਰੀ ਗੁਰੂ ਰਵਿਦਾਸ ਜੀ, ਇਰਾਕ ਦੇ ਸ਼ਹਿਰ ਰਾਜਧਾਨੀ ਬਗਦਾਦ ਵਿਖੇ ਗਏ, ਜੋ ਪ੍ਰਚੀਨ ਸਮੇਂ ਵਿੱਚ ਏਸ਼ੀਆਂ ਦਾ ਵੱਡਾ ਵਪਾਰਕ ਕੇਂਦਰ ਸੀ। ਉਸ ਸਮੇਂ ਦਾ ਬਾਦਸ਼ਾਹ ਜੀਹਾਨ ਆਪਣੀ ਤਾਕਤ ਦਾ ਦੱਬ-ਦਵਾ ਰੱਖਦਾ ਸੀ, ਇਸ ਕਰਕੇ ਰਾਜੇ ਵਲੋਂ ਸ਼ੀ ਗੁਰੂ ਰਵਿਦਾਸ ਜੀ ਨੂੰ ਸ਼ਹਿਰ ਵਿੱਚ ਅੰਦਰ ਆਉਣ ਤੇ ਪਬੰਦੀ ਲਗਾ ਦਿੱਤੀ ਸੀ। ਜਿਸਦੇ ਕਾਰਣ ਬਾਦਸ਼ਾਹ ਜੀਹਾਨ ਬਿਮਾਰ ਰਹਿਣ ਲੱਗ ਪਿਆ ਸੀ। ਰਾਜ -ਪ੍ਰਬੰਧ ਦੇ ਨਿਯੂਮੀਆਂ ਵਲੋਂ ਰਾਜੇ ਨੂੰ ਉਨ੍ਹਾਂ ਦੀ ਬਿਮਾਰੀ ਦਾ ਕਾਰਣ ਦੱਸਿਆ ਤਾਂ ਰਾਜੇ ਜੀਹਾਨ ਨੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਬਹੁਤ ਸਤਿਕਾਰ ਸਹਿਤ, ਅਰਬੀ ਘੋੜਿਆਂ ਨਾਲ ਸ਼ਿਗਾਰੇ ਹੋਏ, ਰੱਥ ਵਿੱਚ ਬਿਠਾਹ ਕੇ, ਗੁਰੂ ਜੀ ਨੂੰ ਆਪਣੇ ਰਾਜ-ਮਹਿਲ ਵਿਚ ਲਿਆਦਾ ਗਿਆ ਸੀ। ਸ੍ਰੀ ਗੁਰੂ ਰਵਿਦਾਸ ਜੀ ਇਥੇ 40 ਦਿਨ ਰਹੇ। ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਦੇ ਰਹੇ, ਇਥੋਂ ਸ੍ਰੀ ਗੁਰੂ ਰਵਿਦਾਸ ਜੀ ਈਰਾਨ ਦੇ ਸ਼ਹਿਰ ਤਹਿਰਾਨ, ਅਫਗਨਸਤਾਨ -ਕਾਬੁਲ, ਜਲਾਲਬਾਦ ਗਏ। ਇਹ ਸੰਥਾਨ ਬੋਧੀ ਤੇ ਹਿੰਦੂ ਸੰਸਕ੍ਰਿਤੀ ਦੇ ਗੜ੍ਹ ਜਾਣੇ ਜਾਂਦੇ ਸਨ। ਜਲਾਲਾਬਾਦ ਤੋਂ ਗੁਰੂ ਜੀ ਮੁਲਤਾਨ ਵਿਖੇ ਗਏ, ਮੁਲਤਾਨ ਦਾ ਨਾਮ ਅਸਲ ਵਿੱਚ ਮੂਲਾਅਸਥਾਨਾ ਸੀ, ਜਿਥੇ ਉਨ੍ਹਾਂ ਦੇ ਸੇਵਕ ਰਾਜਾ ਭੋਜ਼ ਅਤੇ ਊਨਾਂ ਦੀ ਪਤਨੀ ਬੀਬੀ ਭਾਨਮਤੀ ਉਨ੍ਹਾਂ ਨੂੰ ਅਕਸਰ ਯਾਦ ਕਰਿਆਂ ਕਰਦੇ ਸਨ। ਰਾਜਾ ਭੋਜ਼ ਤੇ ਬੀਬੀ ਭਾਨਮਤੀ ਨੇ ਮੂਰਤੀ ਪੂਜਾ ਛੱਡ ਕੇ ਨਿਰਾਕਾਰ ਦੀ ਭਗਤੀ ਦਾ ਮਾਰਗ ਚੁਣ ਲਿਆ ਸੀ ਇਸੇ ਹੀ ਭਗਤੀ ਕਾਰਣ ਬੀਬੀ ਭਾਨਮਤੀ ਨੇ ਗੁਰੂ ਗੋਰਖ ਨਾਥ ਦੀ ਸ਼ਕਤੀ ਤੇ ਵਿਜੇ ਪਰਾਪਤ ਕੀਤੀ ਸੀ।

ਇਕ ਦਿਨ ਬੀਬੀ ਭਾਨਮਤੀ ਦੀ ਸਹੇਲੀ, ਕਹਿਣ ਲੱਗੀ, ਜੇ ਤੇਰਾ ਗੁਰੂ ਇਥੇ ਆਵੇ ਤਾਂ ਮੈ ਜਾਣੂਗੀ ਸੋ ਇੱਕ ਰਾਤ ਇਸ ਬੀਬੀ ਨੇ ਆਪਣੇ ਸੱਚੇ ਮਨ ਨਾਲ ਰਾਤ ਨੂੰ ਗੁਰੂ ਜੀ ਨੂੰ ਯਾਦ ਕਰਕੇ ਸੋ ਗਈ। ਗੁਰੂ ਜੀ ਨੇ ਸੁਪਨੇ ਵਿੱਚ ਆ ਕੇ ਇਸ ਬੀਬੀ ਨੂੰ ਦਰਸ਼ਨ ਦਿੱਤੇ ਤੇ ਗੁਰੂ ਜੀ ਅਮ੍ਰਿਤ ਵੇਲੇ ਮੁਲਤਾਨ ਆ ਗਏ। ਇਥੇ ਗੁਰੂ ਜੀ ਨੇ ਸੰਤਾਂ ਅਤੇ ਨਾਥਾਂ ਨਾਲ ਵਿਚਾਰ ਗੋਸ਼ਟੀਆਂ ਕੀਤੀਆਂ ਸਨ। ਮੁਲਤਾਨ ਤੋ ਗੁਰੂ ਜੀ ਬਹਾਵਲਪੁਰ, ਜੈਸਲਮੇਰ, ਬਾੜਮੇਰ, ਚਿਤੌੜ, ਅਜਮੇਰ, ਪੁਸ਼ਕਰ, ਜੈਪੁਰ ਤੋਂ 1446 ਚੋ ਵਾਪਿਸ ਆਪਣੇ ਅਸ਼ਰਮ ਸਿਰਸਈ ਪਹੁੰਚ ਗਏ। ਜਿਥੇ ਉਨ੍ਹਾਂ ਦੀਆਂ ਸੰਗਤਾਂ ਨੇ ਉਨ੍ਹਾਂ ਦਾ ਨਿਘ੍ਹਾ ਸਵਾਗਤ ਕੀਤਾ, ਸ਼ੀ ਗੁਰੂ ਰਵਿਦਾਸ ਜੀ ਨੇ ਕਾਸ਼ੀ ਵਿੱਚ ਆਪਣਾ ਮੰਦਰ ਜਿਸਦਾ ਨਾਲ 'ਗੁਪਾਲ ਮੰਦਰ' ਬਣਵਾਇਆ। ਇਹ ਉਨ੍ਹਾਂ ਦਾ ਜਨਮ ਸਥਾਨ ਸੀ ਤੇ ਇਸ ਮੰਦਰ ਦੇ ਤਹਿ-ਖਾਨੇ ਨੂੰ ਤੁਲਸੀ ਗੁਫਾ ਕਿਹਾ ਜਾਂਦਾ ਹੈ। ਅਸਲ ਵਿੱਚ ਇਹ ਰੱਬ ਦਾ ਘਰ ਸੀ। ਸ੍ਰੀ ਗੁਰੂ ਰਵਿਦਾਸ ਜੀ ਦਾ ਹੱਥੀ ਕਿਰਤ ਕਰਨ ਦਾ ਕੋਈ ਪੇਸ਼ਾ ਨਹ੍ਹੀ ਸੀ ਪਰ ਲੋਕਾਈ ਨੂੰ ਕੰਮ ਕਰਨ ਦਾ ਸੰਦੇਸ਼ ਸੀ ਕਿ ਹੱਥੀ ਕਿਰਤ ਸੁਨਿਹਰੇ ਭਵਿੱਖ ਦਾ ਜ਼ਾਮਨ ਹੈ।

ਛੇਵੀਂ ਉਦਾਸੀ 17, ਜੁਲਾਈ 1489 ਨੂੰ ਸਿਕੰਦਰ ਲੋਧੀ ਭਾਰਤ ਉਪਰ ਰਾਜ ਕਰ ਰਿਹਾ ਸੀ ਜੋ ਬਹੁਤ ਹੀ ਜ਼ਾਲਮ ਰਾਜਾ ਸੀ। ਸ੍ਰੀ ਗੁਰੂ ਰਵਿਦਾਸ ਅਤੇ ਕਬੀਰ ਸਾਹਿਬ ਜੀ ਸਮਕਾਲੀ ਕ੍ਰਾਂਤੀਕਾਰੀ ਸੰਤ ਸਨ। ਦੋਵੇਂ ਸੰਤਾਂ ਦਾ ਆਪਸ ਵਿੱਚ ਭਾਈਚਾਰੇ ਵਾਲਾ ਸਤਿਕਾਰ ਕਰਦੇ ਸਨ। ਸ੍ਰੀ ਗੁਰੂ ਕਬੀਰ ਸਾਹਿਬ ਜੀ ਨੇ, ਬ੍ਰਾਹਮਣਬਾਦ ਦੇ ਖਿਲਾਫ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਕਰੀਬਨ 630 ਅੰਗਾਂ 'ਚੋਂ ਕ੍ਰਾਂਤੀਕਾਰੀ ਬਾਣੀ ਦਰਜ਼ ਹੈ।ਜੋ ਬ੍ਰਾਹਮਣਵਾਦ ਦੀ ਵਿਚਾਰਧਾਰਾਂ ਨੂੰ ਨਿਕਾਰਦੀ ਹੈ।ਛੇਵੀਂ ਉਦਾਸੀ ਤੱਕ ਸ੍ਰੀ ਗੁਰੂ ਰਵਿਦਾਸ ਜੀ ਦੀ ਆਰਤੀ, ਫੂਲ ਮਾਲਾ, ਕੇਸਰ, ਚੰਦਨ, ਤੇਲ ਦੀਵਾ, ਧੂਪ, ਆਦ ਵਸਤੂਆ ਦੀ ਵਰਤੋਂ ਕੀਤੀ ਜਾਂਦੀ ਸੀ, ਗੁਰੂ ਜੀ ਨੇ ਇਨ੍ਹਾਂ ਕਰਮ ਕਾਡਾਂ ਨੂੰ ਨਿਕਾਰਦੇ ਹੋਏ 'ਨਾਮ ਤੇਰੋ ਅਰਤੀ' ਦਾ ਸੰਖਨਾਦ ਕਰ ਦਿੱਤਾ ਸੀ। ਸ੍ਰੀ ਗੁਰੂ ਰਵਿਦਾਸ ਜੀ ਤੇ ਸ੍ਰੀ ਗੁਰੂ ਕਬੀਰ ਸਾਹਿਬ ਜੀ, ਨੇ ਆਪਣੀ ਭੱਜਨ ਮੰਡਲੀ ਨਾਲ ਛੇਵੀਂ ਉਦਾਸੀ ਬਨਾਰਸ, ਫਰੂਕਾਬਾਦ, ਬਦਾਊ, ਅਮਰੋਹ, ਮੇਰਠ ਤੋਂ ਕੁਰਕਸ਼ੇਤਰ ਗਏ। ਸ੍ਰੀ ਗੁਰੂ ਰਵਿਦਾਸ ਜੀ ਨੇ ਕਰਮਕਾਡਾਂ- ਢਾਂਚੇ ਦੇ ਵਿਰੋਧ ਵਿੱਚ, ਦੂਰ-ਦੁਰਾਡੇ ਤੱਕ ਆਪਣਾ ਸੰਦੇਸ਼ ਪਹੁੰਚਾਣ ਵਾਸਤੇ 1496 ਈ: ਨੂੰ ਪੰਜਾਬ ਦੀ ਧਰਤੀ, ਕੁਰਕਸ਼ੇਤਰ ਵਿੱਚ ਪਹੁੰਚੇ। ਇਹ ਪਾਵਨ ਧਰਤੀ ਉਪਰ ਕ੍ਰਿਸ਼ਨ ਜੀ ਵਲੋ ਗੀਤਾ ਦਾ ਉਪਦੇਸ਼ ਦਿਤਾ ਗਿਆ ਸੀ ਇਹ ਧਰਤੀ ਕਰੂ ਸਮਰਾਟ ਕਰਕੇ ਇਸਦਾ ਨਾਮ ਕੁਰਕਸ਼ੇਤਰ ਹੈ ਇਥੇ ਕੋਰਵਾਂ ਅਤੇ ਪਾਡਵਾਂ ਦਾ ਵਡੇਰਾ ਰਹਿਦਾ ਸੀ। ਸ੍ਰੀ ਗੁਰੂ ਰਵਿਦਾਸ ਜੀ ਇਥੇ ਦੋ ਹਫਤੇ ਸੰਗਤਾਂ ਨੂੰ ਪਾਰਬ੍ਰਹਮ ਨਾਲ ਜੋੜ ਕੇ, ਬਾਅਦ ਵਿਚ ਸੰਤ ਮੰਢਲੀ ਅਕਤੂਬਰ 1496 ਨੂੰ ਸਰਹੰਦ, ਲੁਧਿਆਣਾ, ਫਿਲੌਰ, ਨਕੋਦਰ ਜਾਂਦੇ ਹੋਏ ਸੁਲਤਾਨਪੁਰ ਲੋਧੀ ਪਹੁੰਚ ਗਏ, ਇਥੇ ਕਾਲੀ ਬੇਈ ਵਿਖੇ ਗੁਰੂ ਨਾਨਕ ਜੀ ਨੂੰ ਉਪਦੇਸ਼ ਦਿੱਤਾ ਗਿਆ ਸੀ। ਇਸ ਸਥਾਨ ਨੂੰ ਸੰਤ ਘਾਟ ਵਜੋਂ ਜਾਣਿਆ ਜਾਂਦਾ ਹੈ। ਕਾਲੀ ਬੇਈਂ ਵਿਖੇ ਗੁਰੂ ਜੀ ਨੇ ਮੂਲ ਮੰਤਰ ਦਾ ਉਚਾਰਣ ਕੀਤਾ ਗਿਆ ਸੀ। ਇਤਿਹਾਸਕਰ ਵਲੋਂ ਦੱਸਿਆ ਗਿਆ ਹੈ ਕਿ ਸ਼੍ਰੀ ਗੁਰੂ ਰਵਿਦਾਸ ਜੀ ਤੇ ਸ੍ਰੀ ਗੁਰੂ ਨਾਨਕ ਜੀ ਨਾਲ ਪਹਿਲੀ- ਮਿਲਣੀ ਚੂਹੜਕਾਣਾ, ਕਾਲੀ ਬੇਈ ਅਤੇ ਬਨਾਰਸ ਵਿੱਚ ਹੋਈ ਸੀ। ਬਨਾਰਸ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਨੇ ਪੌਥੀ ਸਾਹਿਬ ਸ੍ਰੀ ਗੁਰੂ ਨਾਨਕ ਜੀ ਨੂੰ ਪ੍ਰਚਾਰ ਕਰਨ ਵਾਸਤੇ ਦਿੱਤੀ ਸੀ ਅਤੇ ਸ੍ਰੀ ਗੁਰੂ ਨਾਨਕ ਜੀ ਇਸ ਪੋਥੀ ਤੋਂ ਕੀਰਤਨ ਕਰਿਆ ਕਰਦੇ ਸਨ, ਸੋ ਇਹ ਪੋਥੀ ਅੱਜ ਵੀ ਕਰਤਾਰ ਪੁਰ ਸਾਹਿਬ ਵਿਖੇ ਮੌਜੂਦ ਹੈ। ਪਰ

**(ਬਾਕੀ ਅਗਲੇ ਸਫੇ 'ਤੇ)**

# ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਸੰਘਰਸ਼?

(ਸਫਾ 30 ਦੀ ਬਾਕੀ)

ਇਸਦੇ ਸੰਗਤਾਂ ਨੂੰ ਦਰਸ਼ਨ ਕਰਨ ਨਹੀਂ ਦਿੱਤੇ ਜਾਂਦੇ। ਸ੍ਰੀ ਗੁਰੂ ਰਵਿਦਾਸ ਜੀ ਕਾਲੀ ਬੇਈਂ ਤੋਂ ਗੁਰੂ ਜੀ ਬਟਾਲਾ, ਗੁਰਦਾਸਪੁਰ, ਪਠਾਨਕੋਟ ਹੁੰਦੇ ਹੋਏ ਜੰਮੂ ਕਸ਼ਮੀਰ ਗਏ।ਇਹ ਸਥਾਨ ਹਿੰਦੂਆਂ ਤੇ ਬੌਧੀਆਂ ਦਾ ਧਾਰਮੀਕ ਗਤੀਵਿਧਾਂ ਦਾ ਕੇਂਦਰ ਸੀ। ਸ੍ਰੀ ਗੁਰੂ ਰਵਿਦਾਸ ਜੀ ਪ੍ਰਚਾਰ ਕਰਨ ਤੋਂ ਬਾਅਦ ਹਿਮਾਚਲ ਦੀ ਚੰਬਾ- ਵੈਲੀ ਵੱਲ ਗਏ, ਜਿਥੇ ਗੁਰੂ ਜੀ ਨੇ ਸ੍ਰੀ ਚਰਪਟਨਾਥ ਨਾਲ ਵਿਚਾਰ ਗੋਸ਼ਟੀ ਕੀਤੀ। ਇਤਿਹਸਕਾਰ ਦੱਸਦੇ ਹਨ ਕਿ ਗੋਰਖਨਾਥ ਜੀ ਦੇ ਮੱਤ ਅਧੀਨ ਜਾਤ-ਪਾਤ ਦੇ ਸਾਰੇ ਬੰਦਨ ਤੋੜ ਦਿੱਤੇ ਗਏ ਸਨ। ਗੋਰਖਨਾਥ ਜੀ ਚਮਾਰ ਜਾਤੀ ਨਾਲ ਸਬੰਧਤ ਸਨ ਪਰ ਬ੍ਰਾਹਮਣਾਂ ਨੇ ਓਨਾਂ ਜਾਤੀ ਜੁਲਾਹਾ ਜਾਂ ਬ੍ਰਾਹਮਣ ਦੱਸੀ ਹੈ ਚੰਬਾ ਤੋ ਸ੍ਰੀ ਗੁਰੂ ਰਵਿਦਾਸ ਜੀ ਸੰਤ ਮੰਡਲੀ ਸਹਿਤ ਪਠਾਨਕੋਟ, ਕਮਾਹੀ-ਦੇਵੀ, ਢੋਲਵਾਹਾ ਜਨਕਾਪੁਰੀ (ਜਨੌੜੀ) ਜਿਲਾ ਹੁਸ਼ਿਆਰਪੁਰ ਪਹੁੰਚੇ ਤੇ ਜਨੌੜੀ ਦੇ ਰਾਜਪੂਤਾਂ ਨੇ ਚਮਾਰ ਜਾਤੀ ਦੇ ਲੋਕਾਂ ਦਾ ਜੀਵਣ ਦੂਬਰ ਕੀਤਾ ਹੋਇਆ ਸੀ। ਸ੍ਰੀ ਗੁਰੂ ਰਵਿਦਾਸ ਜੀ ਨੇ ਬੋਹੜ ਤੇ ਪਿਪਲ ਦੇ ਬ੍ਰਿਸ਼ਾ ਦੀ ਸੰਘਣੀ ਛਾਂ ਹੇਠ ਡੇਰਾ ਲਾਇਆ ਅਤੇ ਲੋਕਾਂ ਦੇ ਦੁਖ ਸੁਣੇ। ਇਸ ਇਲਾਕੇ ਨੂੰ ਅੱਜ ਵੀ ਚਮਾਰ ਛੱਪੜੀ ਵਜੋਂ ਜਾਣਿਆ ਜਾਂਦਾ ਹੈ। ਥੋੜੇ ਹੀ ਸਮੇਂ ਪਹਿਲਾ ਇਸ ਪਿੰਡ ਅਤੇ ਸਕੂਲ ਦਾ ਨਾਮ ਚਮਾਰ-ਛੱਪੜੀ ਤੋਂ ਬਦਲ ਕੇ ਰਾਮ ਨਗਰ ਕਰ ਦਿੱਤਾ ਗਿਅ ਹੈ। ਜੋ ਇਤਿਹਾਸ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸਥਾਨ ਤੇ ਪਿਪਲ ਅੱਜ ਵੀ ਮਾਯੂਦ ਹੈ ਇਸ ਵਿਰਾਸਤ ਨੂੰ ਸਾਂਭਣ ਦੀ ਲੋੜ ਹੈ ਇਥੇ ਸ੍ਰੀ ਡੋਗਰ ਮੱਲ ਨੇ ਖੂਹ ਲਗਵਾਇਆ ਸੀ ਜੋ ਅੱਜ ਵੀ ਮੌਜੂਦ ਹੈ। ਜਨੌੜੀ ਤੋਂ ਗੁਰੂ ਜੀ ਖੁਰਾਲਗੜ 1496-1500 ਵਿੱਚ ਆਏ ਸਨ। ਖੁਰਾਲ ਗੜ ਤੋ ਚੱਲ ਕੇ ਗੁਰੂ ਜੀ ਰੋਪੜ, ਪਿੰਜੌਰ, ਪਾਂਉਟਾ ਸਾਹਿਬ, ਰਿਸ਼ੀਕੇਸ਼ ਹੁੰਦੇ ਹੋਏ 1500 ਵਿੱਚ ਹਰਿਦਵਾਰ ਪਹੁੰਚ ਗਏ। ਇਥੇ ਹਰਿ ਕੀ ਪੌੜੀ ਦੇ ਨਜ਼ਦੀਕ ਆਸਣ ਲਗਾਇਆਂ ਤੇ ਸੰਗਤ ਨੂੰ 15 ਦਿਨ ਤੱਕ ਪਾਰਬ੍ਰਹਮ ਦੀ ਬਾਣੀ ਨਾਲ ਜੋੜਿਆ। ਇਥੇ ਬ੍ਰਹਮਣਾਂ ਨੇ ਵੀ ਗੁਰੂ ਜੀ ਦਾ ਪੂਰਾ ਸਤਿਕਾਰ ਕੀਤਾ। ਇਸ ਸਥਾਨ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੀ ਯਾਦ ਵਿੱਚ ਛੋਟਾ ਜਿਹਾ ਮੰਦਰ ਵਿਖੇ ਸ਼ਿਲਾ-ਲੇਖ ਲੱਗੀ ਹੋਈ ਹੈ।

ਸ੍ਰੀ ਗੁਰੂ ਰਵਿਦਾਸ ਜੀ ਹਰਿਦਵਾਰ ਤੋਂ ਮੁਰਾਦਾਬਾਦ, ਸੀਤਾਪੁਰ, ਬਾਰਾਬੰਕੀ, ਫੈਜ਼ਾਵਾਦ ਤੋਂ ਵਾਪਿਸ ਬਨਾਰਸ ਪਹੁੰਚ ਗਏ ਸਨ। ਗੁਰੂ ਜੀ ਦੀ ਸੰਗਤ ਵਲੋਂ ਬੇਗਮ ਸ਼ਹਿਰ ਕਾ ਨਾਊਂ ਦਾ ਉਚਾਰਣ ਕਰਣ ਲੱਗ ਪਏ ਸਨ। ਸ੍ਰੀ ਗੁਰੂ ਰਵਿਦਾਸ ਜੀ ਨਾ ਆਪਣੇ ਜੀਵਨ ਵਿੱਚ ਅਨੇਕਾਂ ਸੰਘਰਸ਼ ਮਾਨਵਤਾ ਨੂੰ ਅਜ਼ਾਦ ਕਰਵਾਉਣ ਵਾਸਤੇ ਕੀਤੇ, ਸ੍ਰੀ ਗੁਰੂ ਰਵਿਦਾਸ ਜੀ ਨੇ ਸੰਦੇਸ਼ ਦਿੱਤਾ ਸੀ ਕਿ ਸਾਰੇ ਮਾਨੂੰਖ ਕੁਦਰਤ ਦੇ ਨਿਯਮ ਅਨੁਸਾਰ ਜੰਮਦੇ-ਮਰਦੇ ਹਨ, ਕੁਦਰਤ ਨੇ ਸਾਰੇ ਪ੍ਰਾਣੀਆਂ ਨੂੰ ਹਵਾ, ਪਾਣੀ, ਧੁਪ, ਛਾਂ, ਅੱਗ ਅਤੇ ਜੀਵਨ ਜਿਉਣ ਵਾਸਤੇ ਇਕੋ ਜਿਹੇ ਸਰੋਤ ਦਿਤੇ ਹਨ ਤੇ ਕੁਦਰਤ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦੀ।

ਬਹੁਤ ਸਾਰੇ ਲੋਕ ਜੋ ਜਾਤ-ਪਾਤ ਦੇ ਹੰਕਾਰ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਨੂੰ ਭਗਤ ਕਹਿ ਸੰਬੋਧਨ ਕਰਦੇ ਹਨ। ਉਨ੍ਹਾਂ ਨੂੰ ਆਪਣੇ -ਆਪ ਨੂੰ ਘੋਖਣ ਦੀ ਲੋੜ੍ਹ ਹੈ ਕਿ ਸਤਿ ਗੁਰੂ ਰਵਿਦਾਸ ਜੀ ਨੇ ਪਾਰਬ੍ਰਾਹਮ ਦੀ ਭਗਤੀ ਕੀਤੀ ਸੀ ਜੋ ਇਕ ਭਗਤੀ ਅੰਦੋਲਨ ਸੀ। ਸ੍ਰੀ ਗੁਰੂ ਰਵਿਦਾਸ ਜੀ, ਪਾਰਬ੍ਰਾਹਮਾ ਨੂੰ ਦੱਸਣਾ ਚਾਹੁੰਦੇ ਸਨ ਕਿ ਕੋਈ ਵੀ ਇਨਸਾਨ ਭਗਤੀ ਕਰਕੇ ਪਾਰਬ੍ਰਾਹਮ ਨੂੰ ਪਾ ਸਕਦੇ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਸੱਭ ਤੋਂ ਪਹਿਲਾਂ ਔਰਤਾਂ ਨੂੰ ਜਬਰ-ਦਸਤੀ ਦੇਵ-ਦਾਸੀ ਬਣਾਉਣ ਦੀ ਪ੍ਰਥਾਂ ਨੂੰ ਰੋਕਿਆ, ਸਿੰਕਦਰ ਲੋਧੀ ਦੇ ਰਾਜ ਨੂੰ ਵੰਗਾਰਿਆਂ, ਅੱਠ ਉਦਾਸੀਆਂ ਸਮਾਜ -ਸੁਧਾਰ ਵਾਸਤੇ ਕੀਤੀਆਂ, ਪਹਿਲੀ ਲੰਗਰ-ਪ੍ਰਥਾ ਚਲਾਈ, ਸ਼ੂਦਰਾਂ ਨੂੰ ਬਰਾਬਰ ਦੇ ਹੱਕ ਦਿਵਾਉਣ ਵਾਸਤੇ ਸੰਘਰਸ਼ ਕੀਤੇ। ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1470 ਅੰਗ ਉਪਰ ਗੁਰੂ ਰਵਿਦਾਸ ਜੀ ਨੂੰ, ਸਤਿਗੁਰੂ ਦੀ ਉਪਾਦੀ ਦਿੱਤੀ ਹੈ। ਸ੍ਰੀ ਗੁਰੂ ਰਵਿਦਾਸ ਜੀ ਸਿਖ ਲਹਿਰ ਨੂੰ ਪੈਦਾ ਕਰਨ ਵਾਲੇ, ਪਹਿਲੇ ਮੋਢੀਆਂ ਵਿੱ'ਚੋਂ ਸੰਤ ਸਿਪਾਹੀ ਸਨ।

ਦਾਸ ਦੀ ਸੋਚ ਹੈ, ਕਿ ਗਰੀਬੀ ਜਾਂ ਕਿਸੇ ਦੇ ਜ਼ੁਲਮ ਦੇ ਸ਼ਿਕਾਰ ਹੋਣਾ, ਮਾਨੂੱਖ ਦੀ ਆਪਣੀ ਕਮਜ਼ੋਰੀ ਹੈ, ਕਿਓਕਿ ਆਪਣੇ ਭੇਅ੍ਹ ਵਿੱਚ ਰਹਿ ਕੇ ਇੰਨਸਾਨ ਖੂਦ ਹੀ ਆਪਣੀ ਤਾਕਤ ਤੋਂ ਗਿਰ ਜਾਂਦਾ ਹੈ। ਜਿਸ ਤਰ੍ਹਾਂ ਸਾਡੇ ਧਾਰਮਿਕ ਡੇਰਿਆਂ ਦੇ ਮੋਢੀ, ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਛੱਡ ਕੇ 108 ਦੀ ਵਿਚਾਰਧਾਰਾ ਨਾਲ ਚੱਲਦੇ ਹਨ। ਜੋ ਸਮਾਜ ਨੂੰ ਗੁਮਰਾਹ ਕਰਦੇ ਹਨ। ਆਊ ਸੰਗਤ ਜੀ, ਸ੍ਰੀ ਗੁਰੂ ਰਵਿਦਾਸ ਜੀ ਦੀ, ਵਿਚਾਰਧਾਰਾ ਨੂੰ ਅਪਣਾਈਏ ਅਤੇ ਅਪਣੇ-ਆਪਣੇ ਡੇਰਿਆਂ ਦੇ ਗੁਰੂਆਂ ਨੂੰ ਪੂਛੀਏ ਕਿ ਸਾਡੇ ਤਾਂ ਗੁਰੂ ਜਗਤ ਗੁਰੂ ਤੇ ਵਿਦਵਾਨ ਹੋਏ ਹਨ ਪਰ ਸਾਨੂੰ ਨਾਮਦਾਨ ਸੋਂਹ-ਨਿਰਾਕਾਰ ਦੀ ਜਗਾ ਤੇ ਦੂਜੇ ਨਾਮ-ਦਾਨ ਕਿਉਂ ਦਿੱਤੇ ਜਾਂਦੇ ਹਨ?

ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਵਧਾਉਣ ਵਾਸਤੇ ਸਾਨੂੰ, ਗੁਰੂ ਜੀ ਨਾਲ ਸਬੰਧਤ ਸਥਾਨਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਮ ਉਪਰ ਇੱਕ 'ਸ਼੍ਰੋਮਣੀ ਕਮੇਟੀ' ਬਣਾਈ ਜਾਵੇ ਅਤੇ ਸਾਰੇ ਸਬੰਧਤ ਸੰਥਾਨ ਇਸ ਕਮੇਟੀ ਥੱਲੇ ਹੋਣ ਤਾਂ ਜੋ ਸਾਡਾ ਸਮਾਜ ਧਾਰਮਿਕ ਅਤੇ ਸਮਾਜਿਕ ਤਰੱਕੀ ਕਰ ਸਕੇ।

ਜਾਤ- ਪਾਤ ਤੋਂ ਉਪਰ ਉਠ ਕੇ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਸਿਖੀਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਾਰੇ ਗੁਰੂਆਂ ਦੀ ਬਾਣੀ ਨੂੰ ਗੁਰੂ ਕਰਕੇ ਮੰਨੀਏ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੋਚ ਹੈ।

# ਗੁਰ ਮੂਰਤਿ ਗੁਰਿ ਸ਼ਬਦਿ ਹੈ



ਲਾਲ ਸਿੰਘ ਸੁਲਹਾਣੀ
91-98721-55120

ਗੁਰੂ ਸ਼ਬਦ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਗੁਰੂ ਅਤੇ ਗੁਰੂ ਦੀ ਲੋੜ ਪ੍ਰਤੀ ਚਰਚਾ ਕਰ ਲੈਣੀ ਅਕਾਰਥ ਨਹੀਂ ਹੋਵੇਗੀ। ਜਿਵੇਂ ਕਿਸੇ ਵੀ ਦੁਨਿਆਵੀਂ ਕੰਮ ਵਿਚ ਨਿਪੁੰਨਤਾ ਹਾਸਲ ਕਰਨ ਲਈ ਉਸ ਕੰਮ ਦੇ ਸਪੈਸ਼ਲਿਸਟ ਯਾਨੀ ਮਾਹਰ ਦੀ ਅਗਵਾਈ ਲੈਣੀ ਜ਼ਰੂਰੀ ਹੈ, ਉਸੇ ਤਰ੍ਹਾਂ ਰੂਹਾਨੀ ਖੇਤਰ ਵਿਚ ਆਤਮਕ ਮੰਜ਼ਲ ਤੇ ਪੁੱਜਣ ਲਈ ਕਿਸੇ ਪੂਰਨ ਤੇ ਉਚ ਸ਼ਖ਼ਸੀਅਤ ਦਾ ਹੁਕਮ ਪਾਲਕ ਬਣਨਾ ਪੈਂਦਾ ਹੈ। ਅਗਵਾਈ ਕਰਨ ਵਾਲੇ ਨੂੰ ਆਗੂ, ਮੁਰਸ਼ਦ, ਰਹਿਬਰ ਜਾਂ ਗੁਰੂ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਪਰ ਗੁਰਮਤਿ ਵਿੱਚ ਹਰ ਖੇਤਰ ਦੇ ਆਗੂ ਨੂੰ ਗੁਰੂ ਜਾਂ ਰਹਿਬਰ ਦਾ ਦਰਜਾ ਨਹੀਂ ਦਿੱਤਾ ਗਿਆ ਸਗੋਂ ਆਤਮਿਕ ਉੱਚਤਾ ਪ੍ਰਾਪਤ ਕਰ ਚੁੱਕੀ ਉਸ ਪੂਰਨ ਹਸਤੀ ਨੂੰ ਹੀ ਗੁਰੂ ਤਸੱਵਰ ਕੀਤਾ ਗਿਆ ਹੈ ਜੋ ਵਾਹਿਗੁਰੂ ਸਰ- ਚਸ਼ਮਿ ਨਾਲ ਜੁੜ ਚੁੱਕੀ ਹੋਵੇ। ਗੁਰੂ ਸ਼ਾਂਤੀ ਸਰੋਵਰ ਅਤੇ ਪ੍ਰਕਾਸ਼ ਦਾ ਸੋਮਾ ਹੈ, ਗੁਰੂ ਨਾਮ ਨਾਲ ਸਰਸ਼ਾਰ, ਗਿਆਨ ਦਾ ਅਮੁੱਕ ਭੰਡਾਰ, ਅਤੇ ਅੰਮ੍ਰਿਤ ਦੀ ਆਬਸ਼ਾਰ ਹੈ। ਅਕਾਲ ਪੁਰਖ ਨਾਲ ਅਭੇਦ ਅਤੇ ਇਕ ਸੁਰ ਹੋ ਚੁੱਕੀ ਉਹ ਪੂਰਨ ਸ਼ਖ਼ਸੀਅਤ ਹੈ ਜੋ ਸਿੱਖ (ਜਗਿਆਸੂ) ਨੂੰ ਆਦਰਸ਼ਕ ਤੇ ਆਤਮਿਕ ਜੀਵਨ ਬਖਸ਼ਦੀ ਹੈ। ਗੁਰੂ ਰੂਪੀ ਪਾਰਦਰਸ਼ੀ ਸ਼ੀਸ਼ੇ ਦੁਆਰਾ ਸਿੱਖ ਆਪਣੇ ਸਵੈ ਸਰੂਪ ਦੇ ਦਰਸ਼ਨ ਕਰ ਸਕਦਾ ਹੈ। ਗੁਰੂ ਸੱਚ ਦੇ ਮੁਤਲਾਸ਼ੀਆਂ ਅਤੇ ਗਿਆਨ ਦੇ ਪੰਧਾਊਂਆਂ ਲਈ ਨੂਰੀ ਪ੍ਰਕਾਸ਼ ਹੈ। ਗੁਰੂ ਉਹ ਪਾਰਸ ਹੈ ਜੋ ਸਿੱਖ ਨੂੰ ਕੰਚਨ (ਸੋਨਾ) ਹੀ ਨਹੀਂ ਸਗੋਂ ਪਾਰਸ ਬਨਾਉਣ ਦੇ ਸਮਰੱਥ ਹੈ। ਗੁਰੂ ਸਿੱਖ ਨੂੰ ਭਰਮਾਂ, ਵਹਿਮਾਂ, ਪਾਖੰਡਾਂ, ਅੰਧ ਵਿਸ਼ਵਾਸਾਂ ਤੇ ਕਰਮਕਾਂਡਾਂ ਦੀ ਜਿਲ੍ਹਣ ਵਿਚੋਂ ਕੱਢ ਕੇ ਸੱਚ ਧਰਮ ਦੇ ਮਾਰਗ ਤੇ ਚੱਲ ਕੇ ਸਚਿਆਰ ਤੇ ਪੂਰਨ ਮਨੁੱਖ ਬਣਾਉਂਦਾ ਹੈ। ਗੁਰੂ ਕਰਤਾਰ ਨਾਲ ਅਭੇਦ ਹੋਣ ਕਰਕੇ ਪਾਪਾਂ ਤੋਂ ਅਲਿਪਤ ਹੁੰਦਾ ਹੈ। ਖੁਦ ਪਰਮ ਸਤ/ ਤੱਤ ਦੀ ਸੋਝੀ ਪ੍ਰਾਪਤ ਹੋਣ ਕਰਕੇ ਉਹ ਸਿੱਖ ਨੂੰ ਪਰਮ ਸਤ ਨਾਲ ਜੋੜਦਾ ਹੈ। ਉਸਦਾ ਕੋਈ ਕਰਮ ਅਨੁਚਿਤ ਨਹੀਂ ਹੋ ਸਕਦਾ। ਪੂਰਨ ਗੁਰੂ ਕੋਈ ਗ਼ਲਤ ਕੰਮ ਕਰਦਾ ਹੀ ਨਹੀਂ, ਜੋ ਮਾਨਵਤਾ ਦੇ ਭਲੇ ਹਿਤ ਨਾ ਹੋਵੇ। ਏਸੇ ਲਈ ਗੁਰਬਾਣੀ ਵਿਚ 'ਅਭੁੱਲ ਗੁਰੂ ਕਰਤਾਰੁ' ਕਹਿ ਕੇ ਸ਼ਰਧਾ ਪ੍ਰਗਟ ਕੀਤੀ ਗਈ ਹੈ। ਗੁਰੂ ਦਾ ਜੀਵਨ ਸਿੱਖ ਲਈ ਚਾਨਣ ਮੁਨਾਰਾ ਹੈ।

'ਨਿਗੁਰੇ ਕਾ ਹੈ ਨਾਉ ਬੁਰਾ' ਅਤੇ 'ਗੁਰ ਬਿਨ ਘੋਰ ਅੰਧਾਰੁ' ਹੈ। ਹਿਰਦੇ ਵਿਚ ਗਿਆਨ ਜੋਤੀ ਪ੍ਰਜਵਲਿਤ ਕਰਨ ਲਈ 'ਗੁਰ ਦੀਪਕ' ਦੀ ਵਿਸ਼ੇਸ਼ ਤੇ ਅਹਿਮ ਲੋੜ ਹੈ। ਮਾਇਆ ਰੂਪੀ ਨਾਗਣੀ ਤੋਂ ਛੁਟਕਾਰਾ ਪਾਉਣ ਅਤੇ ਭਵਸਾਗਰ ਤੋਂ ਪਾਰ ਹੋਣ ਲਈ 'ਗੁਰੂ ਬੋਹਿਥ', 'ਗੁਰੂ ਬੇੜੀ', 'ਗੁਰੂ ਤੁਲਹਾ' ਹੈ। ਵਿਸ਼ੇ ਵਿਕਾਰਾਂ ਵਿਚ ਗਰੱਸੀ ਹੋਈ ਆਤਮਾ ਪੂਰਨ ਗੁਰੂ ਦੁਆਰਾ ਹੀ 'ਆਪਣਾ ਮੂਲ ਪਛਾਣ' ਸਕਦੀ ਹੈ। ਪ੍ਰੰਤੂ ਇਹ ਸੱਭ ਕੁਝ ਪੂਰੇ ਗੁਰੂ ਦੇ ਉਪਦੇਸ਼, ਬਚਨ ਜਾਂ ਹੁਕਮ ਨੂੰ ਅਮਲੀ ਜਾਮਾ ਪਹਿਨਾਉਣ ਨਾਲ ਹੀ ਹੁੰਦਾ ਹੈ ਗੁਰੂ ਦੇ ਉਪਦੇਸ਼ ਨੂੰ ਗੁਰਵਾਕ, ਗੁਰਬਾਣੀ, ਗੁਰ ਸਿੱਖਿਆ ਜਾਂ ਗੁਰ ਸ਼ਬਦ ਵੀ ਕਿਹਾ ਜਾਂਦਾ ਹੈ। ਗੁਰ ਸ਼ਬਦ ਦੇ ਆਸ਼ੇ ਅਨੁਸਾਰ ਜੀਵਨ ਢਾਲਣ ਨਾਲ ਹੀ ਆਤਮਿਕ ਜੀਵਨ ਮਿਲਦਾ ਹੈ ਕਿਉਂਕਿ ਗੁਰ ਸ਼ਬਦ, ਗੁਰ ਬਚਨ, ਅਟੱਲ, ਸਦੀਵੀ ਤੇ ਅਬਿਨਾਸ਼ੀ ਹੈ। ਇਸ ਲਈ ਸਾਰੀ ਅਹਿਮੀਅਤ ਗੁਰ ਸ਼ਬਦ ਦੀ ਹੈ। ਕਈ ਭੁੱਲੜ ਵੀਰ ਸ਼ਬਦ ਦੀ ਬਜਾਏ ਦੇਹ ਦੇ ਪੁਜਾਰੀ ਬਣ ਜਾਂਦੇ ਹਨ। ਕੇਵਲ ਗੁਰੂ ਦੀ ਦੇਹ ਦੇ ਦਰਸ਼ਨ ਕਰਨ ਨਾਲ ਹੀ ਉਸ ਦੇ ਅੰਦਰ ਵਸ ਰਹੀ ਪਰਮ ਜੋਤ, ਪਰਮ ਸੱਚ, ਪਰਮ ਗਿਆਨ ਦੇ ਦਰਸ਼ਨ ਨਹੀਂ ਹੋ ਸਕਦੇ, ਕਲਿਆਣ ਨਹੀਂ ਹੁੰਦਾ। ਦੇਹਾਂ ਤਾਂ ਸਭ ਮਨੁੱਖਾਂ ਦੀਆਂ ਬਰਾਬਰ ਹੀ ਹੁੰਦੀਆਂ ਹਨ ਗੁਰੂ ਦੀ ਦੇਹ ਸਤਕਰਯੋਗ ਜ਼ਰੂਰ ਹੁੰਦੀ ਹੈ। ਕਿਉਂਕਿ ਉਸ ਰਾਹੀਂ ਸ਼ਬਦ ਉਤਰਿਆ ਹੈ। ਪਰ ਨਿਰੀ ਮੂਰਤ (ਦੇਹ) ਦੀ ਪੂਜਾ ਮੁਕਤੀ ਦਾ ਸਾਧਨ ਨਹੀਂ, ਮੁਕਤੀ ਤਾਂ ਸਿਰਫ ਸ਼ਬਦ ਦੀ ਵਿਚਾਰ ਅਤੇ ਉਸ ਉਪਰ ਕੀਤੇ ਗਏ ਅਮਲ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਗੁਰਵਾਕ ਹੈ -

ਸਤਿਗੁਰ ਨੋ ਸਭ ਕੋ ਦੇਖਦਾ ਜੇਤਾ ਜਗਤ ਸੰਸਾਰ॥
ਡਿੱਠੇ ਮੁਕਤ ਨ ਹੋਵਈ, ਜਿਚਰੁ ਸਬਦੁ ਨ ਕਰੇ ਵੀਚਾਰੁ॥

ਅਧੂਰਾ ਅਤੇ ਗਿਆਨ ਵਾਲੇ ਦੀਦਿਆਂ ਤੋਂ ਹੀਣਾ ਗੁਰੂ ਅੰਧਾ ਹੈ,ਜੋ ਸਿੱਖ ਦਾ ਕੁਝ ਵੀ ਸੰਵਾਰ ਨਹੀਂ ਸਕਦਾ, ਜੋ ਪੱਥਰ ਦੀ ਬੇੜੀ ਦੀ ਤਰ੍ਹਾਂ ਆਪ ਤਾਂ ਡੁਬਦਾ ਹੀ ਹੈ ਨਾਲ ਚੇਲਿਆਂ ਨੂੰ ਵੀ ਡੋਬਦਾ ਹੈ। ਗੁਰਬਾਣੀ ਵਿਚ ਦਰਸਾਇਆ ਗਿਆ ਹੈ ਕਿ 'ਅੰਧੇ ਗੁਰ ਤੇ ਭਰਮ ਨ ਜਾਈ', 'ਅੰਧੇ ਕੇ ਰਾਹਿ ਦਸਿਆ ਅੰਧਾ ਹੋਇ ਸੁ ਜਾਇ' ਅਨੁਸਾਰ ਅਜਿਹੇ ਗੁਰੂ ਦਾ ਸਿੱਖ ਵੀ ਸੁਜਾਖਾ ਨਹੀਂ ਹੋ ਸਕਦਾ। ਅਜੋਕੇ ਯੁੱਗ ਦਾ ਭੋਗਵਾਦੀ ਮਨੁੱਖ ਦੀਨ ਅਤੇ ਦੁਨੀ ਦੋਨਾਂ ਨੂੰ ਭੋਗਣਾ ਚਾਹੁੰਦਾ ਹੈ , ਇਸ ਲਈ ਅਜਿਹਾ ਗੁਰੂ ਲੱਭਣ ਦੇ ਆਹਰ ਵਿਚ ਜੁਟਿਆ ਹੋਇਆ ਹੈ, ਜੋ ਸੰਸਾਰੀ ਰਸਾਂ ਕਸਾਂ ਤੇ ਭੋਗ ਪਦਾਰਥਾਂ ਨਾਲੋਂ ਨਾ ਤੋੜੇ। ਪਰ 'ਏਤੇ ਰਸ ਸਰੀਰ ਕੇ' ਹੁੰਦਿਆਂ 'ਕੈ ਘਟਿ ਨਾਮ ਨਿਵਾਸੁ ਕਰੇਗਾ'। ਇਕ ਮਿਆਨ ਵਿਚ ਦੋ ਤਲਵਾਰਾਂ ਪਾਉਣ ਦੇ ਯਤਨਾਂ ਵਿੱਚ ਹੀ ਸਾਕਤ /ਮਾਇਆਧਾਰੀ ਮਨੁੱਖ ਦੰਭੀ ਗੁਰੂਆਂ ਦੇ ਫੰਦੇ ਵਿਚ ਫਸ ਕੇ ਅਸਲੀ ਰਾਹ ਤੋਂ ਭਟਕ ਜਾਂਦਾ ਹੈ। ਪੂਰੇ ਗੁਰੂ ਦਾ ਉਪਦੇਸ਼ ਹੀ ਮਾਇਆ ਦੀਆਂ ਕੰਡਿਆਲੀਆਂ ਰਾਹਾਂ ਤੋਂ ਲੰਘਾ ਕੇ ਮੰਜਲ ਤੇ ਪੁਚਾ ਪਾਰਬ੍ਰਹਮ ਦੇ ਪ੍ਰਤੱਖ ਦਰਸ਼ਨ ਕਰਵਾ ਸਕਦਾ ਹੈ।

### ਦੰਭੀ ਦੇਹਧਾਰੀ ਗੁਰੂ

ਅੱਜ ਕਲ੍ਹ ਭਾਵੇਂ ਪਾਖੰਡੀ, ਦੰਭੀ, ਭੇਖੀ, ਦੇਹਧਾਰੀ ਗੁਰੂਆਂ ਦਾ ਤਾਂਤਾ ਬੱਝਿਆ ਹੋਇਆ ਹੈ ਪਰ ਇਨ੍ਹਾਂ ਵਿਚੋਂ ਕੋਈ ਘੱਟ ਹੀ ਕਾਮਿਲ- ਮੁਰਸ਼ਦ ਅਥਵਾ ਸਤਿਗੁਰੂ ਕਹਾਉਣ ਦਾ ਦਾਅਵੇਦਾਰ ਹੋ ਸਕਦਾ ਹੈ। ਏਅਰ ਕੰਡੀਸ਼ਨਡ ਕੋਠੀਆਂ, ਕਾਰਾਂ ਅਤੇ ਐਸ਼ਪ੍ਰਸਤੀ ਤੋਂ ਉਪਰ ਉਠ ਕੇ 'ਨੀਚਾਂ ਅੰਦਰਿ ਨੀਚੁ ਜਾਤਿ ਨੀਚੀ ਹੂ ਅਤਿ ਨੀਚੁ' ਮੰਨੇ ਜਾਂਦੇ ਸਮਾਜ ਨੂੰ 'ਵਡਿਆ ਸਿਉ ਕਿਆ ਰੀਸ' ਕਹਿਣ ਦੀ ਦਲੇਰੀ ਕਿਸੇ ਵਿਚ ਨਜ਼ਰ ਨਹੀਂ ਆਉਂਦੀ। 'ਨੀਚਹੁ ਊਚ' ਕਰਨ ਦੀ ਕਿਸੇ ਦੀ ਭਾਵਨਾ ਨਹੀਂ। ਜਾਤ ਪਾਤ ਦਾ ਬੀਜ਼ ਨਾਸ਼ ਕਰਨ ਦਾ ਮਾਨਵਵਾਦੀ ਆਦਰਸ਼ ਕਿਧਰੇ ਨਜ਼ਰ ਨਹੀਂ ਆਉਂਦਾ। ਬ੍ਰਾਹਮਣਵਾਦ ਦੇ ਲੋਹ ਕਿਲੇ ਚੋਂ ਕੱਢਣ ਦਾ ਕੋਈ ਟੀਚਾ ਨਹੀਂ, ਸਨਾਤਨੀ ਕੂੜ ਪਸਾਰਾ ਰੋਕਣ ਦੀ ਕੋਈ ਲੋਚਾ ਨਹੀਂ। ਅੱਜ ਦੇ ਅਖੌਤੀ ਗੁਰੂ ਜਰਵਾਣੇ ਰਾਜਿਆਂ ਤੇ ਰੱਤ ਪੀਣੇ ਮਾਸਖੋਰੇ ਅਹਿਲਕਾਰਾਂ, ਅਧਿਕਾਰੀਆਂ ਨੂੰ 'ਰਾਜੇ ਸੀਹ ਮੁਕੱਦਮ ਕੁੱਤੇ' ਕਹਿਣ ਦਾ ਸਾਹਸ ਨਹੀਂ ਰੱਖਦੇ ਸਗੋਂ ਡੇਰੇਦਾਰ ਅਖੌਤੀ ਗੁਰੂ ਮਲਕ ਭਾਗੋਆਂ ਦੀ ਪੁਸ਼ਤ ਪਨਾਹੀਂ ਕਰਦੇ ਹਨ ਅਤੇ ਲੁੱਟ -ਚੋਂਘ ਵਿੱਚ ਸਿੱਧੇ ਅਸਿੱਧੇ ਹਿੱਸੇਦਾਰ ਹੀ ਬਣੇ ਨਜ਼ਰ ਆਉਂਦੇ ਹਨ। ਕੋਈ ਮੌਜੂਦਾ ਗੁਰੂ ਜ਼ੁਲਮ, ਸਿਤਮ ਦੇ ਵਿਰੋਧ ਵਿਚ ਅਤੇ ਮਜ਼ਲੂਮਾਂ, ਗਰੀਬਾਂ, ਨਿਮਾਣੇ, ਨਿਤਾਣੇ ਤੇ ਥੁੜਾਂ ਮਾਰੇ ਲੋਕਾਂ ਦੇ ਹਿਤਾਂ ਲਈ ਤੱਤੀਆਂ ਲੋਹਾਂ ਤੇ ਬਹਿਣ ਲਈ ਤੇ 'ਗ਼ਰੀਬ ਸਿਖਨ ਕਉ ਸਰਦਾਰ ਤੇ ਪਾਤਸ਼ਾਹ' ਬਨਾਉਂਣ ਲਈ ਪਰਵਾਰ ਵਾਰਨ ਦੀ ਦਲੇਰੀ ਨਹੀਂ ਰੱਖਦਾ।

### ਸ਼ਬਦ ਗੁਰੂ

ਉਪਰੋਕਤ ਗੁਣਾਂ ਨਾਲ ਭਰਪੂਰ ਹਸਤੀਆਂ ਦੁਆਰਾ ਪਰਗਟ ਹੋਇਆ ਅਵਿਨਾਸ਼ੀ ਸ਼ਬਦ, ਇਲਾਹੀ ਬਚਨ, ਧੁਰ ਕੀ ਬਾਣੀ ਸਾਡੇ ਪਾਸ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਮੌਜੂਦ ਹੈ। ਜੋ ਅੱਜ ਦੇ ਪਦਾਰਥਵਾਦੀ ਯੁੱਗ ਅਤੇ ਵਿਸ਼ਵੀਕਰਨ ਦੇ ਦੌਰ ਵਿੱਚ ਵਿਗਿਆਨਕ ਪਹੁੰਚ ਰੱਖਦਾ ਹੈ। ਜੋ ਮਾਨਵਤਾ ਨੂੰ ਜੋੜ ਕੇ ਰੱਖਣ ਅਤੇ ਵਿਸ਼ਵ ਵਿਚ ਅਮਨ -ਸ਼ਾਂਤੀ ਸਥਾਪਤ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ। 'ਘਰਿ ਘਰਿ ਹੋਏ ਬਹੇਂਗੇ ਰਾਮਾ' ਬਾਰੇ ਜਾਣਦਿਆਂ ਹੀ ਤ੍ਰੈਕਾਲ ਦਰਸ਼ੀ ਮਾਨਵਵਾਦੀ ਦਸਮੇਸ਼ ਪਿਤਾ ਜੀ ਨੇ ਦੇਹਧਾਰੀ ਗੁਰੂ ਦਾ ਸਿਲਸਿਲਾ ਬੰਦ ਕਰਕੇ "ਗੁਰੂ ਮਾਨਿਓ ਗ੍ਰੰਥ" ਦਾ ਉਪਦੇਸ਼ ਅਤੇ ਆਦੇਸ਼ ਆਪਣੇ ਖਾਲਸੇ ਨੂੰ ਦਿੱਤਾ ਸੀ। ਗੁਰਬਾਣੀ ਉਹ ਰੱਬੀ ਹੁਕਮ ਹੈ, ਜੋ ਪੂਰਨ ਹੈ ਕਿਉਂਕਿ ਇਨਸਾਨੀ ਭਾਈਚਾਰੇ ਨਾਲ ਸਰਸ਼ਾਰ ਸ਼ਖ਼ਸੀਅਤਾਂ ਰਾਹੀਂ ਪ੍ਰਗਟ ਹੋਈ ਗੁਰਬਾਣੀ ਦੇ ਹੁੰਦਿਆਂ ਕਿਸੇ ਦੇਹਧਾਰੀ ਗੁਰੂ ਦੀ ਜ਼ਰੂਰਤ ਨਹੀਂ, ਗੁਰਬਾਣੀ ਨੂੰ ਪੂਰੇ ਗੁਰੂ ਦਾ ਦਰਜਾ ਹਾਸਲ ਹੈ-

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰਬਾਣੀ ਕਹੈ ਸੇਵਕ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ॥
(ਨਟ ਮ। ੪ ਅੰਗ ੯੮੨)

ਅਤੇ ਹੋਰ ਫੁਰਮਾਨ ਹੈ---

ਸਤਿਗੁਰ ਬਚਨ ਬਚਨ ਹੈ ਸਤਗੁਰ
ਪਾਧਰ ਮੁਕਤਿ ਜਨਾਵੈਗੋ॥
(ਕਾਨੜਾ ਮ।੪ ਅੰਗ ੧੩੧੦)

'ਗੁਰ ਕੇ ਚਰਨ ਰਿਦੈ ਲੈ ਧਾਰਉ' ਅਤੇ 'ਗੁਰ ਕੀ ਮੂਰਤਿ ਮਨ ਮਹਿ ਧਿਆਨੁ' ਗੁਰਵਾਕ ਦੇ ਗ਼ਲਤ ਅਰਥ ਕਰਕੇ ਦੰਭੀ ਦੇਹਧਾਰੀ ਗੁਰੂ ਆਪਣੇ ਪੱਖ ਦੀ ਪੂਰਤੀ ਕਰਦੇ ਹਨ ਉਹ ਸਰੀਰਧਾਰੀ ਗੁਰੂ ਦੇ ਚਰਨਾਂ ਅਤੇ ਮੂਰਤ (ਦੇਹ) ਦਾ ਧਿਆਨ ਧਰਨ ਉਪਰ ਜ਼ੋਰ ਦੇਕੇ ਗੁਰਬਾਣੀ ਦੇ ਨਾਵਾਕਿਫ ਮਨੁੱਖਾਂ ਤੇ ਆਪਣਾ ਪ੍ਰਭਾਵ ਪਾਉਂਦੇ ਹਨ ਪਰ ਗੁਰਮਤਿ ਅਨੁਸਾਰ ਗੁਰੂ ਦਾ ਸ਼ਬਦ ਹਿਰਦੇ ਵਿਚ ਵਸਾਉਣਾ ਹੀ 'ਗੁਰ ਕੇ ਚਰਨ ਰਿਦੈ ਧਾਰਨਾ' ਹੈ। ਗੁਰੂ ਨਾਨਕ ਸਾਹਿਬ ਸ਼ੰਕਾ ਨਵਿਰਤ ਕਰਦੇ ਹਨ-

ਹਿਰਦੇ ਚਰਨ ਸ਼ਬਦ ਸਤਿਗੁਰ ਕੋ
ਨਾਨਕ ਬਾਧਾਓ ਪਾਲਿ॥( ਧਨਾਸਰੀ ਮਹਲਾ ੧)

'ਗੁਰ ਕੀ ਮੂਰਤਿ ਮਨ ਮਹਿ ਧਿਆਨੁ' ਬਾਰੇ ਵਿਆਖਿਆ ਕਰਦੇ ਹੋਏ ਮਹਾਨ ਵਿਦਵਾਨ ਭਾਈ ਸਾਹਿਬ ਗੁਰਦਾਸ ਜੀ 'ਗੁਰ ਮੂਰਤਿ ਗੁਰ ਸਬਦਿ ਹੈ' ਦੱਸ ਕੇ ਦੇਹਧਾਰੀ ਗੁਰੂਆਂ ਦਾ ਭਾਂਡਾ ਚੌਰਾਹੇ ਭੰਨਦੇ ਹਨ। ਸੂਖਸ਼ਮ ਹਿਰਦੇ ਵਿੱਚ ਸਥੂਲ ਤੇ ਨਾਸ਼ਵਾਨ ਦੇਹ (ਮੂਰਤ) ਨਹੀਂ ਵੜ ਸਕਦੀ ਹੈ ਸਗੋਂ ਅਤਿ ਸੂਖਮ ਤੇ ਅਵਿਨਾਸ਼ੀ ਸ਼ਬਦ ਰੂਪੀ ਗੁਰ ਮੂਰਤ ਹੀ ਸਮਾਅ ਸਕਦੀ ਹੈ। ਏਸੇ ਲਈ ਸਿੱਧਾਂ ਦੇ 'ਕਵਨ ਗੁਰੂ ਕਿਸਕਾ ਤੂ ਚੇਲਾ' ਪ੍ਰਸ਼ਨ ਦੇ ਉੱਤਰ ਵਿੱਚ ਗੁਰੂ ਨਾਨਕ ਨੇ 'ਸ਼ਬਦ ਗੁਰੂ ਸੁਤਿ ਧੁਨ ਚੇਲਾ' ਦੱਸਿਆ। ਸੋ ਵਿਸ਼ਵ ਵਿਆਪੀ, ਸਰਬ ਸ਼ਕਤੀਮਾਨ ਅਤੇ ਅਮਰ ਅਵਿਨਾਸ਼ੀ ਸਬਦ ਹੀ ਗੁਰ ਮੂਰਤਿ ਹੈ ਜਿਸਦਾ ਹਿਰਦੇ ਵਿਚ ਧਿਆਨ ਧਰਕੇ ਹੀ ਜਗਿਆਸੂ ਜੀਵਨ ਮੁਕਤ ਹੋ ਪ੍ਰਭੂ ਚਰਨਾਂ ਵਿਚ ਜੁੜਦਾ ਹੈ। ਸ਼ਬਦ ਰੂਪੀ 'ਗੁਰ ਮੂਰਤਿ' ਤਿਆਗ ਕੇ ਦੇਹਧਾਰੀਆਂ ਦੇ ਡੇਰਿਆਂ ਤੇ ਭਟਕਣ ਨਾਲ ਮੁਕਤੀ ਕਦਾਚਿੱਤ ਹਾਸਲ ਨਹੀਂ ਹੋ ਸਕਦੀ, ਦੇਹ ਦੀ ਪੂਜਾ ਬੁੱਤ ਪੂਜਾ ਤੁੱਲ ਹੈ।

# ਪੰਜਾਬ ਦੇ ਵਿੱਦਿਅਕ ਮਿਆਰ ਦੀ ਮਿਸਾਲ!


**ਪਹਿਲਾ ਵਾਕਿਆ-** ਜਦੋਂ ਮੈਂ ਪਿੰਡ ਦਾ ਸਰਪੰਚ ਹੁੰਦਾ ਸਾਂ।ਪ੍ਰਾਇਮਰੀ ਸਕੂਲ ਤੋਂ ਇੱਕ ਅਧਿਆਪਕਾ ਨੇ ਸਾਡੇ ਪਿੰਡ ਦੇ ਕੁੱਝ ਬੱਚੇ ਬੱਚੀਆਂ ਦੇ ਨਾਂ ਲਿਖਕੇ ਮੈਨੂੰ ਤਸਦੀਕ ਕਰਨ ਲਈ ਭੇਜੇ।ਪੰਜਾਬੀ ਵਿੱਚ ਲਿਖੇ ਨਾਵਾਂ ਵਿੱਚ ਬਲਦੀਦ (ਸਨ ਔਫ ਜਾਂ ਡੌਟਰ ਔਫ)ਵਜੋਂ ਸਪੁੱਤਰ ਜਾਂ ਸਪੁੱਤਰੀ ਲਿਖਣ ਦੀ ਬਜਾਏ ਅੰਗਰੇਜੀ ਵਿੱਚ ਉਸਨੇ S/O ਨੂੰ S% ਲਿਖਿਆ ਹੋਇਆ ਸੀ! ਹੋਰ ਤਾਂ ਹੋਰ ਕੁੜੀਆਂ ਦੇ ਨਾਵਾਂ ਅੱਗੇ ਵੀ D/O ਦੀ ਥਾਂਹ S% ਹੀ ਲਿਖਿਆ ਦੇਖ ਕੇ ਮੈਂ ਮੱਥੇ 'ਤੇ ਹੱਥ ਮਾਰਿਆ ਕਿ ਇਸ ਬੀਬੀ ਨੂੰ ਟੀਚਰ ਕਿਸਨੇ ਨਿਯੁਕਤ ਕਰਿਆ ਹੋਵੇਗਾ?

ਉਦੋਂ ਅੱਜ ਵਾਲ਼ੇ ਸਾਧਨ ਨਹੀਂ ਸੀ ਹੁੰਦੇ ਨਹੀਂ ਤਾਂ ਉਸ ਲਿਖਤ ਦੀ ਮੈਂ ਫੋਟੋ ਖਿੱਚ ਲੈਂਦਾ!

**ਦੂਜੀ ਮਿਸਾਲ-** ਪਿਛਲੇ ਸਾਲ ਆਪਣੇ ਰਿਸ਼ਤੇਦਾਰਾਂ ਦੇ ਵਿਆਹ 'ਤੇ ਗਿਆ ਹੋਇਆ ਸ਼ਾਮ ਨੂੰ ਮੈਂ ਸੁਭਾਅ ਮੁਤਾਬਕ ਪਿੰਡ 'ਚ ਘੁੰਮਣ ਨਿਕਲਿਆ ਤਾਂ ਇੱਕ ਘਰ ਮੋਹਰੇ ਲੱਗੀ 'ਨੇਮ ਪਲੇਟ' ਉੱਤੇ ਕਿਸੇ ਪੇਂਟਰ ਵਲੋਂ S/O ਨੂੰ S% ਲਿਖਿਆ ਦੇਖ ਕੇ ਮੇਰਾ ਮੱਥਾ ਠਣਕਿਆ!

ਇਹ ਦੋਵੇਂ ਮਿਸਾਲਾਂ ਕੁੱਝ ਦਿਨ ਪਹਿਲਾਂ ਫਿਰ ਤਾਜ਼ਾ ਹੋ ਗਈਆਂ ਜਦ ਮੈਂ ਆਪਣੇ ਘਰੇ ਆਏ ਵਿਆਹ ਦੇ ਇੱਕ ਕਾਰਡ (ਸੱਦਾ ਪੱਤਰ) ਉੱਤੇ ਮੇਰੇ ਬੇਟੇ ਅਤੇ ਮੇਰੇ ਨਾਂ ਵਿਚਕਾਰ S/O ਨੂੰ S% ਵਜੋਂ ਲਿਖਿਆ ਹੋਇਆ ਦੇਖਿਆ! ਫਿਰ ਮੈਥੋਂ ਇਹ ਪੋਸਟ ਲਿਖਣੋ ਰਹਿ ਨੀ ਹੋਇਆ!

ਦੋਸਤੋ ਸੋਚ ਰਿਹਾ ਹਾਂ ਕਿ ਪਹਿਲੀ ਮਿਸਾਲ ਸੰਨ 2000 ਦੀ,ਦੂਜੀ ਹੈ ਸੰਨ 2020-21 ਦੀ ਤੇ ਹੁਣ ਵਾ਼ਲੀ ਐ 2024 ਦੀ!



ਇਹੋ ਜਿਹੇ ਭਦਰਪੁਰਸ਼ ਜਾਂ 'ਪੁਰਸ਼ਣੀਆਂ' ਹੋਣਗੇ ਤਾਂ ਦਾ਼ਲ ਵਿੱਚ ਕੋਕੜੂ ਵਾਂਗ ਵਿਰਲੇ ਹੀ ਪਰ ਕੀ ਪੰਜਾਬ ਦਾ ਵਿਦਿਅਕ ਮਿਆਰ ਚੌਵੀ ਸਾਲਾਂ ਦਾ ਓਥੇ ਦਾ ਉੱਥੇ ਹੀ ਟਿਕਿਆ ਹੋਇਆ ਸਮਝੀਏ ?

ਤਰਲੋਚਨ ਸਿੰਘ
ਦੁਪਾਲ ਪੁਰ
78146-92724



# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 24 ਫਰਵਰੀ 2024 ਨੂੰ ਮਨਾਏ ਗਏ ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਦੀਆਂ ਕੁਝ ਤਸਵੀਰਾਂ



















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)




# ਸ਼੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 24 ਫਰਵਰੀ 2024 ਨੂੰ ਮਨਾਏ ਗਏ ਸ਼੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਦੀਆਂ ਕੁਝ ਤਸਵੀਰਾਂ

















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ
(ਦੇਸ਼ ਦੁਆਬਾ)





# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 24 ਫਰਵਰੀ 2024 ਨੂੰ ਮਨਾਏ ਗਏ ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਦੀਆਂ ਕੁਝ ਤਸਵੀਰਾਂ





















# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 24 ਫਰਵਰੀ 2024 ਨੂੰ ਮਨਾਏ ਗਏ ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਦੀਆਂ ਕੁਝ ਤਸਵੀਰਾਂ
















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ
(ਦੇਸ਼ ਦੁਆਬਾ)





# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**

Warmers | Chaffing Dishes
China & Silverware
Linen Rental | Waiters
Bartenders




CONTACT US:
**RAJA SWEETS & CATERING**
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# Kash FABRICS

**ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ**



## ਸਾਡੀ ਸਪੈਸ਼ਲਟੀ


ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

**KASH FABRICS**
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust